@Qpatrika
@qaumipatrika punjabi
instagram.com/ qaumipatrika
Largest Circulated

विश्व भर में सबसे ज्यादा पढ़ा जाने वाला

कौमी पत्रिका
Qaumi Patrika NO.1

दिल्ली, हिमाचल, हरियाणा, पंजाब, उत्तर प्रदेश, उत्तराखण्ड से प्रसारित।
Saturday, 14 November 2026

Punjabi National Daily

VISIT: www.qaumipatrika.org
Email: qpatrika@gmail.com

नवीं दिल्लीः शनीवार 14 नवंबर 2026, 30 मॅघर नानकशाही सँमत 555 (सफ़े-12) मुल्ल 3.00 रुपए

R.N.I. No. 39272/81— सँपादक — गुरचरन सिंघ बॅबर — साल — 45, अंक 6, qpatrika@gmail.com फॅन : 9971359517 www.qaumipatrika.org

'किताब दा नां बिलौंगिंग नहीं, वहाईटवाशिंग होना चाहीदा सी', सोनीआ गांधी दी किताब 'ते भाजपा दा तिॱखा तनज़

कौमी पत्रिका
सिमी कौर बॅबर

नवीं दिॱली 13 नवंबर। कांगरस सँसदी दल दी प्रधान सोनीआ गांधी दी नवीं सवै-जीवनी 'बिलौंगिंग : अ जरनी आफ़ लव' दे बाज़ार 'च आउंदे ही सिआसी घमसान शुरू हो गिआ है। भाजपा ने इस किताब नूं लै के सोनीआ गांधी 'ते तिॱखा हमला बोलिआ है। भाजपा दे बुलारे सीआर केशवन ने दोश लाइआ कि इस किताब दा मकसद नहिरू-गांधी परिवार ते कांगरस दीआं इतिहासक ग़लतीआं 'ते परदा पाउणा यानी उन्हां नूं व?हाईटवाश करना है। केशवन ने सोशल मीडीआ मँच ऐकस 'ते लड़ीवार पोसटां करदिआं किहा कि इस किताब दा सिरलेख 'बिलौंगिंग' दी बजाए 'व?हाईटवाशिंग' होना चाहीदा सी किउंकि इस 'च कांगरस दे इतिहासक पापां अते ग़लतीआं नूं लुकाउण दी कोशिश कीती गई है। किताब 'च बाबरी मसजिद ढाहे जाण 'ते सोनीआ गांधी वॅलों हूंझू वहाउण दे ज़िकर 'ते सवाल चुॱकदिआं भाजपा दे बुलारे ने पूॱछिआ कि की उन्हां ने 1984 दे सिॱख विरोधी दँगिआं दे पीड़तां लई कदे इक वी हूंझू वहाइआ सी? केशवन ने किहा कि कांगरस दे शासनकाल दौरान गुरदुआरिआं 'ते हमले होए ते हज़ारां बेगुनाह सिॱखां दा कतलेआम कीता गिआ, पर उस त्रासदी 'ते गांधी परिवार ख़ामोश रिहा। उन्हां बाटला हाउस मुकाबले दा ज़िकर करदिआं दोश लाइआ कि सोनीआ गांधी मुलज़मां लई भावुक हो गए सन, पर की उन्हां ने देश दी रॅखिआ करदिआं शहीद होण वाले सीआरपीऐफ़ दे बहादर जवानां लई कदे हमदरदी जताई? इस तों इलावा, केशवन ने 2008 दे मुंबई 26/11 आॱतवादी हमलिआं दा ज़िकर करदिआं पूॱछिआ कि की इह सवै-जीवनी दॅसेगी कि बेगुनाह लोकां दी मौत तों बाअद ततकाली यूपीए सरकार ने पाकिसतान ख़?लाफ़ सशत जवाबी कारवाही किउं नहीं कीती। भाजपा दे बुलारे ने 1975 'च इँदरा गांधी वॅलों लाई गई ऐमरजैंसी बारे सोनीआ गांधी दे रुख़ दी वी सशत आलोचना कीती। उन्हां किहा कि जिस ऐमरजैंसी ने देश दे सँविधान दा कतल कीता ते नागरिकां दे बुनिआदी अधिकार खोह लए, उस नूं जाइज़ ठहिराउना ते आम घटना वॅजों पेश करना बेहॅद हैरानीजनक अते निंदनजोग है। केशवन ने साबका विदेश मँतरी के. नटवर सिंघ दी किताब आउण तों पहिलां सोनीआ गांधी अते प्रिंअका गांधी अचानक उन्हां नूं मिलण उन्हां दे घर किउं गईआं सन? उन्हां सवाल कीता कि साचे अॅठ सालां बाअद होई उस मुलाकात पिॱछे की डर सी अते की इस किताब 'च मई 2004 'च यूपीए सरकार बनण समें दे पूरे घटनाक्रम दी सॅचाई साहमणे आवेगी? भाजपा दे नाल-नाल ऐनडीए दे होर आगूआं ने वी सोनीआ गांधी नूं निशाने 'ते लिआ। जनता दल (यू) दे सँसद मैंबर सँजे कुमार झा ने 2004 'च सोनीआ गांधी वॅलों प्रधान मँतरी दा अहुदा ठुकराउने दे दाअवे 'ते सवाल चुॱकिआ। उन्हां किहा कि समरथन जुटाउन दौरान समाजवादी पारटी दे आगू मुलाइम सिंघ यादव ने उन्हां दे नां 'ते समरथन देण तों इनकार कर दिॱता सी। इस तों बाअद उन्हां ने इह कदम चुॱकिआ, नहीं तां प्रधान मँतरी बनण दी पूरी तिआरी सी। उॱधर, भाजपा दे सँसद मैंबर राहुल सिन्हा ने किहा कि सोनीआ गांधी दे लिखण नाल कोई इतफाक नहीं पैंदा ते इस किताब नूं कोई पड़न वाला नहीं है। उॱतर प्रदेश सरकार दे मँतरी दिनेश प्रताप सिंघ ने दाअवा कीता कि ततकाली राशटरपती डा. ऐपीजे अबदुल कलाम ने सोनीआ गांधी दे विदेशी मूल कारन उन्हां नूं प्रधान मँतरी अहुदे दी सहुं चुकाउण तों इनकार कर दिॱता सी। बाअद 'च इस घटना नूं तिआग दा रूप दे दिॱता गिआ। 'बिलौंगिंग : अ जरनी आफ़ लव' सिरलेख वाली इस सवै-जीवनी 'च सोनीआ गांधी दे इटली 'च बीते बचपन, कैंब्रिज 'च राजीव गांधी नाल मुलाकात ते भारत 'च उन्हां दे परिवारक ते सिआसी जीवन दा वेरवा दिॱता गिआ है। किताब 'च इँदरा गांधी अते राजीव गांधी दे बेरहिमी नाल कतल दे चॅर दा वी ज़िकर है।



करीअर जां बॅचा... किसे इॱक नूं चुणन लई मां नूं नहीं कीता जा सकदा मजबूर, हाई कोरट दा इतिहासक फैसला

कौमी पत्रिका


बैंगलुरू 13 नवंबर। करनाटक हाई कोरट ने इॱक मामले 'च अहिम फैसला सुनाइआ है। अदालत ने किहा है कि बॅचे दी परवरिश कर रही मां नूं इस गॅल लई मजबूर नहीं कीता जा सकदा कि उह बॅचे दी कसटडी अते आपणे करीअर 'चों किसे इॱक दी चोण करे। करनाटक हाई कोरट ने आपणे फैसले 'च किहा कि विआह, मां बणन अते बॅचिआं दी परवरिश दा किसे औरत दे करीअर 'ते माड़ा असर नहीं पैणा चाहीदा। ना ही इन्हां कारनां करके उस नूं किसे इॱक थां 'ते रहिण लई मजबूर कीता जाणा चाहीदा है। जसटिस ललिता कनेगंती ने किहा, विआह अते मां बणन दा इह मतलब नहीं है कि किसे औरत नूं इॱक ही थां तॱक सीमत रहिणा पवे। सँविधान वॅलों दिॱते गए समानता अते पेशेवर आज़ादी दे अधिकार अजिही किसे वी शरत दा समरथन नहीं करदे। करनाटक हाई कोरट ने इह फैसला अॱखां दी माहिर डाकटर नाल जुड़े इॱक मामले 'च सुनाइआ है। अदालत ने महिला नूं आपणे बॅचे नाल यूनाईटिड किंगडम (”TM) जाण दी इजाज़त दे दिॱती है। महिला दा पती मुंबई 'च रहिंदा है अते दोवें इॱक-दूजे तों वॅख रहि रहे हन। हाई कोरट दा इह फैसला 29 अकतूबर नूं महिला दे पती वॅलों दाइर अपील 'ते आइआ है। हाई कोरट 'च पहुंचण तों पहिलां इह मामला बैंगलुरू दी फैमिली कोरट 'च गिआ सी। उॱथे अदालत ने पती नूं हुकम दिॱता सी कि उह आपणे नाबालग पुॱतर दा असली पासपोरट पतनी नूं सौंपे अते उस नूं यूके जाण लई वीज़ा लैण दी सहिमती देवे।



उॱतर प्रदेश 'च 1.27 करोड़ हिंदूआं दी 'कॅटी' गई वोट ! मुॱख मँतरी योगी ने चोण कमिशन कोल कीती शिकाइत

कौमी पत्रिका
नवदीप सिंघ साहनी

उॱतर प्रदेश 13 नवंबर। उॱतर प्रदेश विधान सभा चोणां तों पहिलां वोटर सूची दे सपैशल इंटैंसिव रिवीज़न नूं लै के इक नवां विवाद पैदा हो गिआ है। मुॱख मँतरी योगी आदिॱतिआनाथ ने दाअवा कीता कि SIR तों बाअद उॱतर प्रदेश वोटर सूची 'च मुसलिम वोटरां दी गिणती 1.65 फीसदी वॱध गई है, जदों कि लगभग 1.27 करोड़ हिंदू वोटरां दे नाम कॅट गए हन। उन्हां ने किहा,"असीं चोण कमिशन नूं इस गॅल दी शिकाइत कीती है पर अखिलेश यादव ओॱसआईआर ख़?लाफ़ शिकाइत नहीं करनगे, किउंकि उन्हां दा वोट बैंक वधिआ है। इक प्रोगराम 'च योगी ने किहा,मैं 1.27 करोड़ हिंदू वोटरां बारे गॅल कर रिहा हां जिन्हां दे नाम सूची 'च नहीं हन। लगभग 66 लॅख वोटर अजिहे हन, जिन्हां दे नाम पँचाइत चोण सूची 'च हन। इसे तरां 55 लॅख लॅक अजिहे हन जो सरकारी योजनावां दा लाभ लै रहे हन पर वोटर सूची 'चों बाहर हन।



वोटरां दी गिणती चाहीदी है। आपणी आबादी तुसीं वधा नहीं सकदे, पर भाजपा दे फ़?रकू ऐजेंडे नाल जुड़ के तुसीं 20 फ़ीसदी मुसलिम वोटरां नूं आपणे तों दूर कर लिआ है। किशोर ने 18 तों 19 साल दी उमर दे 4.50 लॅख वोटर अजिहे हन, जिन्हां दे नाम वोटर सूची 'चों गाइब हन। दॅसणजोग है कि इस मामले नूं लै के समाजवादी पारटी (सपा) दे मुखधी अखिलेश यादव ने वी भाजपा 'ते निशाना विंन?आ सी कि उन्हां नूं किवें पता कि 1.27 करोड़ हिंदूआं दे नां कॅट गए हन अते की चोण कमिशन उन्हां नूं सारीआं जाणकारीआं शेअर करदा है। उन्हां किहा, चोणां सँबंधी मेरीआं सधारन मँगां हन। आधार कारडां नूं वोटिंग नाल जोड़िआ जाणा चाहीदा है। कागज़ जां पलासटिक कारडां दी बजाए 'मैटल कारड' बणाए जाण, जिस नाल नकली ना बण सकण। उँगलीआं दे निशान जां अॱखां नाल होण वाली बाइओमैटरिक पछाण नूं अपणाइआ जाणा चाहीदा है, किउंकि इह किसे वी 2 विअकतीआं दे इकों जिहे नहीं हन, इस लई भाजपा नकली वोटिंग नहीं करवा सकेगी।"

अरुण कुमार गुपता ने ऐच.ई.आर.सी. दे चेअरमैन वजों चुॱकी सहुं

चंडीगड़, 13 नवंबर। शरी अरुण कुमार गुपता ने हरिआणा निवास उते आयोजित सहुं चुॱक समारोह विॱच हरिआणा बिजली रैगुलेटरी कमिशन (ऐचईआरसी) दे नव-निजुकत चेअरमैन वजों अहुदे अते भेदगुपतता दी सहुं चुॱकी। हरिआणा दे ऊरजा, टरांसपोरट अते किरत मँतरी शरी अनिल विज ने उन्हां नूं चेअरमैन अहुदे दी सहुं चुकाई। इस मौके शरी अरुण गुपता ने कमिशन दे चेअरमैन वजों आपणीआं ज़िमेवारीआं नूं पूरी निशठा, पारदरशतता अते निरपॱखता नाल निभाउन दा सँकलप लिआ। शरी अरुण कुमार गुपता 1992 बैच दे हरिआणा केडर दे आई.ए.एस. अधिकारी रहे हन, जो बीते महीने ही सेवामुकत होए हन। उह हरिआणा दे मुॱख मँतरी दे प्रधान सकॱतर अते वॱत विभाग दे वधीक मुॱख सकॱतर वरगे महॱतवपूरन अहुदिआं 'ते सेवावां निभा चुॱके हन। उन्हां नूं ऐच.ई.आर.सी. दे सकॱतर अते ऊरजा निगमां दे ऐम.डी. वजों कँम करन दा विआपक तजरबा होन करके ऊरजा विभाग दी कारजपरनाली दी डूॱघी समझ है। हरिआणा बिजली रैगुलेटरी कमिशन सूबे दे बिजली खेतर विॱच पारदरशतता, कुशलता अते खपतकारां दे हितां दी रखी दी दिशा विॱच अहिम भूमिका निभा रिहा है। कमिशन बिजली दरां दी निरधारना, बिजली सपलाई दी गुनवॱतता विॱच सुधार, खपतकारां दे अधिकारां दी रॱखिआ अते नविआउनजोग ऊरजा नूं उतशाहित करन लई निरँतर यतनशील है। कमिशन दा उदेश बिजली खेतर विॱच सँतुलित विकास नूं हुलारा दिंदे होए खपतकारां नूं भरोसेजोग अते गुनवॱतापूरन बिजली सेवावां उपलबध करवाउन लई प्रभावशाली रैगुलेटरी विवसथा यकीनी बनाउना है।

त्रिनमूल दे बागी विधाइक दे दफ़तर 'चों इक करोड़ तों वॱध दी नकदी ज़बत

कोलकाता 13 नवंबर। पॱछमी बंगाल दे दॅखणी 24 परगना ज़िले दे डाइमंड हारबर इलाके 'च त्रिनमूल कांगरस दे इक बागी विधाइक दे दफ़तर 'चों इक करोड़ रुपए तों वॱध दी नकदी ज़बत कीती गई। पुलस ने इस सबंधी इह जाणकारी दिॱती। डाइमंड हारबर दे सरिशा इलाके 'च सथानक टी. ऐम. सी. सँसद मैंबर अभिशेक बैनरजी दे गिफ़तार सहिजोगी सुमित राए तों पूॱछगिॱछ तों बाअद मगराहाट पॱछम दे विधाइक शमीम अहिमद दे टिकाणिआं 'ते छापेमारी कीती गई अते उॱथों कुझ चीज़ां ज़बत कीतीआं गइआं। इस मामले दे सबंध विच डाइमंड हारबर पुलस ज़िले दे ऐडीशनल पुलस सुपरडैंट अभिशेक मजूमदार ने इक प्रैस कानफरंस 'च इस ज़बती दी पुशटी कीती अते दॅसिआ कि इह जगा?हा अहिमद दा दफ़तर है। पुलस सरोतां ने दॅसिआ कि कथित वॱती बेनिअमीआं दे सिलसिले 'च पुलस हिरासत 'च मौजूद राए तों लैण-देण दा वेरवा जाणन लई पूॱछगिॱछ कीती जा रही है। विधाइक ने ज़बती बारे पूॱछे सवालां दा कोई जवाब नहीं दिॱता।

वंदे मातरम गाइन पूरा होन तों पहिलां आपणी सीट 'ते बैठे केरल दे सिहत मंतरी

कासरगोड 13 नवंबर। केरल दे सिहत मँतरी के. मुरलीधरन ने इॱक सरकारी समागम विॱच वंदे मातरम दे पूरे गाइन 'ते कथित तौर 'ते आपणी नाराज़गी ज़ाहर कीती अते राशटरी गीत खतम होन तों पहिलां ही सटेज 'ते बैठ गए। इह घटना केरल दे उॱतरी ज़िले कासरगोड विॱच सरकारी सँचालित मुलेरीआ परिवारक सिहत केंदर विॱच इॱक प्रयोगशाला दे उदघाटन दौरान वापरी है। निऊज़ चैनलां 'ते प्रसारित फुटेज विॱच दिखाई दे रिहा है कि मँतरी दे नाल ज़िला मैजिसट?रेट, कासरगोड दे सँसद मैंबर राजमोहन उनीथन अते विधाइक के. माहीन राशटरी गीत पूरा होन तों पहिलां आपणी सीट 'ते बैठ गए। हालांकि, विधाइक के. नीलाकंदन अते ज़िला कांगरस कमेटी (डी.सी.सी.) दे प्रधान पी.के. फैसल उदों तॱक खड़े रहे, जदों तॱक पूरा राशटरी गीत नहीं गाइआ गिआ। रिपोरट मिली गई है कि मँतरी अते होरां ने राशटरी गीत दे पहिले दो पउड़ीआं गाए जाण तों बाअद बैठण दी कोशिश कीती पर गाइन जारी रहिण 'ते उह आपणीआं सीटां 'ते बैठ गए। समागम दे विज़ुअल विॱच इह वी दिखाइआ गिआ कि मँतरी राशटरी गीत गाउंदे समें नेड़े बैठे लोकां नाल गॅल कर रहे सन।

प्रशांत किशोर ने भारती जनता पारटी दीआं हिंदू पॱखी नीतीआं 'ते विंन्हआ निशाना

कौमी पत्रिका

नैशनल डैसक 13 नवंबर। 'जन सुराज पारटी' दे सँसथापक प्रशांत किशोर ने बिहार दे दरभंगा ज़िले दे बेनीपुर बलाक 'च आयोजित इॱक समागम दौरान ब्राहमण भाईचारे नूं सँबोधन करदिआं भारती जनता पारटी दीआं हिंदूतव नीतीआं 'ते तिॱखा निशाना विंन?आ है। किशोर ने दाअवा कीता कि भाजपा दी ?रकू राजनीती, जिस 'च 20 फ़ीसदी मुसलिम वोटरां नूं बिलकुल नज़रअंदाज़ कर दिॱता गिआ है, ने ब्राहमणां दा सब तों वॱडा राजनीतक नुकसान कीता है। किशोर ने मिथिला खेतर दे ब्राहमणां नूं अतीत दी याद दिवाउंदिआं किहा कि इॱक समां सी जदों कांगरस दे दौर 'च ब्राहमण, पॱछड़ीआं शेणीआं अते मुसलमान इकॱठे सी। उन्हां किहा, लोकतंतर 'च सरकार बणाउन लई वोटां दी गिणती




भाईचारे नूं भगवान परशुराम दे नां 'ते शसतर चुॱकण जां हथिआरबंद अंदोलनां तों दूर रहिन दी सलाह दिॱती। उन्हां किहा, ब्राहमणां दी तागत गिआन अते कलम विॱच है, कुहाड़ी चलाउन 'च नहीं। जेकर तुहाडे बॅचे पड़नगे नहीं तां उह अॱगे नहीं वध सकणगे। कुहाड़ी चुॱकण नाल छिॱड नहीं भरेगा। उन्हां ब्राहमणां नूं सोशल मीडीआ 'ते मुसलमानां ख़?लाफ़ नफ़रत फैलाउन अते गाली-गलोच करन दी थां आपणी अकल दी वरतों करन दी अपील कीती, तां जो राजनीतक तौर 'ते उन्हां आपणा वजूद मज़बूत हो सके ते कोई वी होर विअकती जां पारटी उन्हां दे दिमाग 'च अजिहे फ़िरकू विचार ना भर सके।

हवा प्रदूशण 'च 'विशवगुरू' बण रहे हां असीं? खड़गे ने मंगिआ प्रधान मंतरी मोदी तों जवाब

कौमी पत्रिका

नवीं दिॱली 13 नवंबर। राजधानी दिॱली समेत उॱतरी भारत 'च लगातार विगड़दी हवा दी गुनवॱतता अते दम घुॱटण वाले प्रदूशण नूं लै के कांगरस प्रधान मलिकारजुन खड़गे ने केंदर दी मोदी सरकार अते भारती जनता पारटी (भाजपा) नूं सवाल कीता कि उह हवा प्रदूशण 'च 'विशवगुरू' किउं बण रहे हन। खड़गे ने दोश लगाइआ कि प्रदूशण नाल नजिॱठण दी बजाए, भाजपा सरकार दिखावटी उपावां, जन सँपरक रणनीतीआं, अधूरे वाअदिआं अते आपसी दोशां राहीं शासन दी पछाण बण गई है। खड़गे ने किहा कि पिछले साल हवा गुनवॱता निगरानी सटेशनां दे आले-दुआले टैंकरां तों पाणी दा छिड़कआ कीते जाण 'ते प्रदूशण दे अंकड़िआं नूं प्रभावित करन दे दोश लॱगे सन, जदों कि इस साल जदों प्रदूशण सिखर 'ते सी, दिॱली दे 59 निगरानी सटेशनां 'चों 36 'ते पी.ऐम. 2.5 डाटा दे अंकड़े उपलॱबध नहीं होऐ। उन्हां किहा कि प्रधान मँतरी ने 8 मई 2019 नूं हवा प्रदूशण नूं इक वॱडी चुनौती दॅसिआ सी, पर पिछले 12 सालां 'च इस समॱसिआ नूं हॱल करन लई सिरफ़ बिआनबाज़ी होई है अते कोई ठोस कारवाई नहीं कीती गई है। कांगरस प्रधान ने किहा कि दिॱली-ऐनसीआर तों इलावा, उॱतर प्रदेश, बिहार, हरिआणा, पंजाब अते राजसथान दे लोक वी साफ़ हवा लई तरस रहे हन। उन्हां प्रधान मँतरी नूं सवाल कीता कि की उह हवा प्रदूशण 'ते देश नूं जवाब देण अते 'हवा दा हिसाब' देण दी हिंमत दिखाउनगे। प्रदूशण दे अंकड़िआं दा हवाला दिंदे होए खड़गे ने किहा कि 2023 'च दिॱली 'च हवा प्रदूशण कारन अंदाज़न 17,188 लोकां दी मौत होई, जो कि कुॱल मौतां दा लगभग 15 फ़ीसदी है।



प्रदूशण घटाउना भविॱख दी सभ तों वॱडी चुनौती : नितिन गडकरी

कौमी पत्रिका

नवीं दिॱली 13 नवंबर। केंदरी सड़क आवाजाई अते राजमारग मँतरी नितिन गडकरी ने बुॱधवार नूं किहा कि देश विच प्रदूशण घटाउना भविॱख दी सभ तों वॱडी चुनौती होवेगी। 'ई. वी. इकोसिसटम ऐवारडज़' प्रोगराम मौके गडकरी ने किहा कि भारत इलैकट्रिक वाहनां दे उतपादन विच आतमनिरभर बणन दी कोशिश कर रिहा है, किउंकि फासिल फिउल नाल चॱलण वाले वाहनां दी तुलना विच ई. वी. दा सँचालन खरच घॱट है। उन्हां किहा कि प्रदूशण इक वॱडी समॱसिआ है। तुहानूं पता है कि अॱज दिॱली विच प्रदूशण दा पॱधर किंना ज़िआदा है। गडकरी ने किहा कि 22 लॱख करोड़ रुपए दे दरामद बिॱल नूं घटाउण अते प्रदूशण घटाउण लई फासिल फिउल दी दरामद घॱट करन अते इलैकट्रिक वाहनां नूं उतशाहित करन दी लोड़ है।मँतरी ने किहा कि रोज़गार दे मौके पैदा करना सरकार दा सभ तों महॱतवपूरन ऐजंडा है। उन्हां दॅसिआ कि सरकारी मलकीअत वाले भारती राशटरी राजमारग अथारटी (ऐन. ऐच. ऐ. आई.) ने अगले दो सालां विच 700 चारजिंग सटेशन सथापित करन दा टीचा लॱखिआ है।



'मावां-धीआं दी ललकार' मुहिंम: हरसिमरत बादल दा ऐलान

कौमी पत्रिका
तेजिंदर कौर बॅबर

अंमिॱतसर 13 नवंबर। शिॱमणी अकाली दल दी सीनीअर आगू अते बठिंडा दी सँसद मैंबर हरसिमरत कौर बादल ने पंजाब विॱच वॱध रहे नशिआं दे खतरे 'ते डूॱघी चिंता प्रगट कीती। उन्हां ने मावां-धिआन दी ललकार मुहिंम दे हिॱसे वजों अटारी अते रासासांसी विॱच आयोजित इॱक विशाल महिला सँमेलन नूं सँबोधन कीता। मीटिंग दौरान, हरसिमरत कौर ने औरतां नूं नशिआं दे वपार नूं खतम करन लई किसान अंदोलन वांग इॱक विशाल अंदोलन शुरू करन दी अपील कीती। सँसद मैंबर बादल ने औरतां नूं नशा तसकरां नाल नजिॱठण लई पिंडां विॱच ठीकरी पहिरे शुरू करन दा सॱदा दिॱता। उन्हां किहा कि जदों तॱक प्रभावित लोक खुद इस बुराई विरुॱध इॱक निरंतर अते प्रभावशाली मुहिंम नहीं शुरू करदे, इस नूं हमेशा लई खतम नहीं कीता जा सकदा। विरोधी धिर 'ते सिॱधा निशाना साधदे होऐ, हरसिमरत कौर ने किहा कि पिछलीआं कांगरस अते मौजूदा आम आदमी पारटी (आप) दीआं सरकारां पंजाब नूं सुरॱखिअत रॱखण विॱच पूरी तरां असफल रहीआं हन। चोण गरंटीआं दा हवाला दिंदे होऐ, उन्हां दोश लगाइआ कि 'आप' सरकार औरतां नूं 60,000 रुपए देण दे आपणे वाअदे तों मुॱकर गई है अते हुण उन्हां नूं सिरफ़ 3,000 रुपए प्रती औरत नाल ख़रीदण दी कोशिश कर रही है। इह औरतां दा सतिकार नहीं सगों अपमान है। साबका मुॱख मँतरी प्रकाश सिंघ बादल दे कारजकाल नूं याद करदिआं, उन्हां किहा कि पिछले 8 सालां दौरान सूबे दी दुरदशा सरकार दे अधीन, पंजाब देश विॱच नशाखोरी विॱच नंबर इॱक बण गिआ है, जदों कि ओवरडोज़ नाल होण वालीआं मौतां विॱच इह दूजे सथान 'ते है। इस दे नाल ही, इह कदे मोहरी सूबा राशटरी सिॱखिआ अते सिहत सूचक अंक विॱच 18वें सथान 'ते खिसक गिआ है। अॱज, पंजाब दीआं औरतां सिरफ़ आपणे बॅचिआं नूं नशे दी दलदल तों बचाउना चाहुंदीआं हन। हरसिमरत कौर बादल ने ऐलान कीता कि 2027 विॱच शिॱमणी अकाली दल दी सरकार बणदे ही नशिआं दी दुरवरतों विरुॱध इॱक फैसलाकुंन लड़ाई लड़ी जावेगी। इॱक महिला डाइरैकटर जनरल आफ़ पुलिस (डीजीपी) दी अगवाई विॱच इॱक विशेश टासक फोरस बणाई जावेगी, जो औरतां दुआरा इकॱठे कीते गए अंकड़िआं दे आधार 'ते नशा तसकरां विरुॱध सशत कारवाई करेगी। इॱक नवां कानून बणाइआ जावेगा जिस तहित नशा तसकरां नूं 10 सालां लई ज़मानत नहीं दिॱती जावेगी।



ਦਿਲਕੁਸ਼ਾ ਮਾਰਕੀਟ 'ਚ ਨੌਜਵਾਨ ਦੀ ਸ਼ੱਕੀ ਹਾਲਾਤ 'ਚ ਮੌਤ, ਛੱਤ ਤੋਂ ਮਿਲੀ ਲਾਸ਼

ਕੌਮੀ ਪਤ੍ਰਿਕਾ

ਜਲੰਧਰ 13 ਨਵੰਬਰ। ਇਥੋਂ ਦੀ ਦਿਲਕੁਸ਼ਾ ਮਾਰਕੀਟ 'ਚ ਇਕ ਨੌਜਵਾਨ ਦੀ ਸ਼ੱਕੀ ਹਾਲਾਤ 'ਚ ਮੌਤ ਹੋ ਗਈ। ਘਟਨਾ ਦੀ ਜਾਣਕਾਰੀ ਮਿਲਣ 'ਤੇ ਪਰਿਵਾਰ ਅਤੇ ਪੁਲਸ ਮੌਕੇ 'ਤੇ ਪਹੁੰਚੀ। ਮ੍ਰਿਤਕ ਦੀ ਪਛਾਣ 40 ਸਾਲਾ ਖੇਮ ਚੰਦ ਉਰਫ਼ ਸੋਨੂੰ ਵਜੋਂ ਹੋਈ ਹੈ, ਜੋਕਿ ਅਲੀ ਮੁਹੱਲਾ ਦਾ ਰਹਿਣ ਵਾਲਾ ਸੀ। ਜਦਕਿ ਪੁਲਸ ਮਾਮਲੇ ਦੀ ਜਾਂਚ ਕਰ ਰਹੀ ਹੈ, ਪਰਿਵਾਰ ਨੇ ਗਲੀ ਵਿਕਰੇਤਾ 'ਤੇ ਕਤਲ ਦਾ ਦੋਸ਼ ਲਗਾਇਆ ਹੈ। ਪਰਿਵਾਰਕ ਮੈਂਬਰਾਂ ਦਾ ਕਹਿਣਾ ਹੈ ਕਿ ਨੌਜਵਾਨ 30 ਤੋਂ 35 ਸਾਲਾਂ ਤੋਂ ਪਲਾਜ਼ਾ 'ਤੇ ਕੰਮ ਕਰ ਰਿਹਾ ਸੀ। ਉਨ੍ਹਾਂ ਦਾ ਕਹਿਣਾ ਹੈ ਕਿ ਬੀਮਾਰ ਹੋਣ ਤੋਂ ਬਾਅਦ ਉਹ ਡੇਢ ਸਾਲ ਤੋਂ ਨਾਨ ਸਟਾਲ ਦੀ ਰੇਹੜੀ 'ਤੇ ਕੰਮ ਕਰਦਾ ਸੀ, ਜਿਸ ਤੋਂ ਬਾਅਦ ਉਹ ਛੱਤ 'ਤੇ ਸੌਂਦਾ ਸੀ। ਮ੍ਰਿਤਕ ਦੇ ਦੋ ਬੱਚੇ ਹਨ ਅਤੇ ਉਸ ਦੀ ਪਤਨੀ ਉਸ ਨੂੰ ਛੱਡ ਕੇ ਬੱਚਿਆਂ ਨੂੰ ਆਪਣੇ ਨਾਲ ਲੈ ਗਈ ਸੀ। ਦੋਸ਼ ਹੈ ਕਿ ਸੋਮਵਾਰ ਨੂੰ ਨੌਜਵਾਨ ਦਾ ਇਕ ਸੜਕ 'ਤੇ ਇਕ ਰੇਹੜੀ ਟਾਲਕ ਨਾਲ ਝਗੜਾ ਹੋਇਆ ਸੀ। ਰੇਹੜੀ ਚਾਲਕ ਨੇ ਕਥਿਤ ਤੌਰ 'ਤੇ ਉਸ ਨੂੰ ਕੁੱਟਿਆ ਅਤੇ ਮਾਰ ਕੇ ਛੱਤ 'ਤੇ ਸੁੱਟ ਦਿੱਤਾ। ਪਰਿਵਾਰਕ ਮੈਂਬਰਾਂ ਦਾ ਕਹਿਣਾ ਹੈ ਕਿ ਉਹ ਰੋਜ਼ਾਨਾ ਸੋਨੂੰ ਨੂੰ ਵੇਖਣ ਆਉਂਦੇ ਸਨ। ਇਕ ਮੈਂਬਰ ਨੇ ਕਿਹਾ ਕਿ ਦੋ ਦਿਨ ਪਹਿਲਾਂ ਉਹ ਸੋਨੂੰ ਨੂੰ ਰੋਟੀ ਦੇਣ ਗਿਆ ਸੀ ਅਤੇ ਸੋਨੂੰ ਨੇ ਕਿਹਾ ਕਿ ਉਸ ਨੂੰ ਬਹੁਤ ਸਿਰ ਦਰਦ ਸੀ। ਉਸ ਨੇ ਉਸ ਨੂੰ ਰੋਟੀ ਖੁਆਉਣ ਦੀ ਕੋਸ਼ਿਸ਼ ਕੀਤੀ ਪਰ ਉਹ ਦਰਦ ਨਾਲ ਚੀਕਣ ਲੱਗ ਪਿਆ। ਲੜਾਈ ਬਾਰੇ ਉਸ ਨੇ ਕਿਹਾ ਕਿ ਉਸ ਨੂੰ ਇਸ ਬਾਰੇ ਕੁਝ ਨਹੀਂ ਪਤਾ ਸੀ। ਫਿਰ ਉਹ ਅੱਜ ਸਵੇਰੇ ਛੱਤ 'ਤੇ ਗਿਆ ਅਤੇ ਸੋਨੂੰ ਦੀ ਲਾਸ਼ ਪਈ ਵੇਖੀ। ਉਸ ਨੇ ਉਸ ਨੂੰ



ਹਸਪਤਾਲ ਲਿਜਾਣ ਲਈ ਮਦਦ ਮੰਗੀ ਪਰ ਪਤਾ ਲੱਗਾ ਕਿ ਉਸ ਦੀ ਮੌਤ ਹੋ ਗਈ ਹੈ। ਸੋਨੂੰ ਦੇ ਭਰਾ ਨੇ ਦੱਸਿਆ ਕਿ ਰੇਹੜੀ ਚਾਲਕ ਨੇ ਕਿਹਾ ਕਿ ਉਹ ਪੌੜੀਆਂ ਤੋਂ ਡਿੱਗ ਗਿਆ ਅਤੇ ਉਸ ਦੀ ਮੌਤ ਹੋ ਗਈ। ਪਰਿਵਾਰ ਨੇ ਦੱਸਿਆ ਕਿ ਉਸ ਦਾ ਛੋਟਾ ਭਰਾ ਡੇਢ ਸਾਲ ਤੋਂ ਨਾਨ ਸਟਾਲ 'ਤੇ ਭਾਂਡੇ ਧੋ ਰਿਹਾ ਸੀ। ਲੋਕਾਂ ਤੋਂ ਪੁੱਛਗਿੱਛ ਕਰਨ 'ਤੇ ਉਨ੍ਹਾਂ ਨੂੰ ਪਤਾ ਲੱਗਾ ਕਿ ਸੋਨੂੰ ਦੀ ਮੌਤ ਸੋਮਵਾਰ ਨੂੰ ਹੋਈ ਸੀ। ਪਰਿਵਾਰ ਨੇ ਦੋਸ਼ ਲਗਾਇਆ ਕਿ ਸੋਨੂੰ ਦੀ ਮੌਤ ਲਈ ਰੇਹੜੀ ਚਾਲਕ ਜ਼ਿੰਮੇਵਾਰ ਹੈ। ਭਰਾ ਨੇ ਦੱਸਿਆ ਕਿ ਰੇਹੜੀ ਚਾਲਕ ਨੇ ਉਸ ਨੂੰ ਬੇਰਹਿਮੀ ਨਾਲ ਕੁੱਟਿਆ ਸੀ। ਪਰਿਵਾਰ ਨੇ ਪ੍ਰਸ਼ਾਸਨ ਨੂੰ ਇਨਸਾਫ਼ ਦੀ ਅਪੀਲ ਕੀਤੀ ਹੈ। ਥਾਣਾ ਨੰਬਰ-4 ਦੇ ਜਾਂਚ ਅਧਿਕਾਰੀ ਨੇ ਦੱਸਿਆ ਕਿ ਪੁੱਛਗਿੱਛ ਤੋਂ ਪਤਾ ਲੱਗਾ ਹੈ ਕਿ ਸੋਨੂੰ ਸ਼ਰਾਬੀ ਸੀ ਅਤੇ ਅਕਸਰ ਘਰ ਜਾਣ ਤੋਂ ਇਨਕਾਰ ਕਰਦਾ ਸੀ। ਅਜਿਹੇ ਵਿਚ ਅੱਜ ਸੋਨੂੰ ਦੀ ਸ਼ੱਕੀ ਹਾਲਾਤ ਵਿੱਚ ਮੌਤ ਹੋ ਗਈ। ਸੋਨੂੰ ਦੀ ਲਾਸ਼ ਨੂੰ ਕਬਜ਼ੇ 'ਚ ਲੈ ਲਿਆ ਗਿਆ ਹੈ ਅਤੇ ਸਿਵਲ ਹਸਪਤਾਲ ਦੇ ਮੁਰਦਾਘਰ 'ਚ ਰੱਖਿਆ ਗਿਆ ਹੈ। ਪਰਿਵਾਰਕ ਮੈਂਬਰਾਂ ਦੇ ਬਿਆਨ ਦਰਜ ਕਰਨ ਤੋਂ ਬਾਅਦ ਢੁੱਕਵੀਂ ਕਾਰਵਾਈ ਕੀਤੀ ਜਾਵੇਗੀ।

ਪਠਾਨਕੋਟ ਕੈਂਟ ਦੇ ਸੁੰਦਰ ਨਗਰ ਨੇੜਿਓਂ ਮਿਲੀ ਵਿਅਕਤੀ ਦੀ ਲਾਸ਼

ਪਠਾਨਕੋਟ 13 ਨਵੰਬਰ। ਪਠਾਨਕੋਟ ਕੈਂਟ ਰੇਲਵੇ ਸਟੇਸ਼ਨ ਅਧੀਨ ਆਉਂਦੇ ਸੁੰਦਰ ਨਗਰ ਨੇੜੇ ਇਕ ਅਣਪਛਾਤੇ ਵਿਅਕਤੀ ਦੀ ਲਾਸ਼ ਮਿਲਣ ਦਾ ਮਾਮਲਾ ਸਾਹਮਣੇ ਆਇਆ ਹੈ। ਲਾਸ਼ ਮਿਲਣ ਦੀ ਸੂਚਨਾ ਮਿਲਦੇ ਹੀ ਜੀਆਰਪੀ ਚੌਕੀ ਪਠਾਨਕੋਟ ਕੈਂਟ ਦੀ ਪੁਲਸ ਨੇ ਮੌਕੇ 'ਤੇ ਪਹੁੰਚ ਕੇ ਜਾਂਚ ਸ਼ੁਰੂ ਕਰ ਦਿੱਤੀ। ਫਿਲਹਾਲ ਮ੍ਰਿਤਕ ਦੀ ਪਛਾਣ ਨਹੀਂ ਹੋ ਸਕੀ ਹੈ। ਜੀ. ਆਰ. ਪੀ. ਚੌਕੀ ਪਠਾਨਕੋਟ ਕੈਂਟ ਦੇ ਪਲਵਿੰਦਰ ਸਿੰਘ ਤੋਂ ਮਿਲੀ ਜਾਣਕਾਰੀ ਅਨੁਸਾਰ, ਮ੍ਰਿਤਕ ਦੀ ਉਮਰ ਕਰੀਬ 35 ਤੋਂ 36 ਸਾਲ ਦੇ



ਵਿਚਕਾਰ ਹੈ ਅਤੇ ਉਸ ਦਾ ਕੱਦ ਲਗਭਗ 5 ਫੁੱਟ 5 ਤੋਂ 6 ਇੰਚ ਦੱਸਿਆ ਜਾ ਰਿਹਾ ਹੈ। ਉਕਤ ਵਿਅਕਤੀ ਨੇ ਚਿੱਟੇ ਅਤੇ ਭੂਰੇ ਰੰਗ ਦੀ ਕਮੀਜ਼, ਅਸਮਾਨੀ ਨੀਲੇ ਰੰਗ ਦੀ ਪੈਂਟ, ਚਮੜੇ ਦੀ ਬੈਲਟ ਅਤੇ ਗੁਲਾਬੀ ਰੰਗ ਦੀਆਂ ਚੱਪਲਾਂ ਪਾਈਆਂ ਹੋਈਆਂ ਸਨ। ਪੁਲਸ ਵੱਲੋਂ ਮ੍ਰਿਤਕ ਦੀ ਪਛਾਣ ਕਰਨ ਲਈ ਯਤਨ ਕੀਤੇ ਜਾ ਰਹੇ ਹਨ। ਇਸ ਦੇ ਨਾਲ ਹੀ ਉਸ ਦੇ ਪਰਿਵਾਰਕ ਮੈਂਬਰਾਂ ਦਾ ਪਤਾ ਲਗਾਉਣ ਦੀ ਕੋਸ਼ਿਸ਼ ਵੀ ਕੀਤੀ ਜਾ ਰਹੀ ਹੈ। ਲਾਸ਼ ਮਿਲਣ ਦੇ ਕਾਰ

ਪੰਜਾਬ ਪੁਲਸ ਨੇ ਘੇਰ ਕੀਤਾ ਐਨਕਾਊਂਟਰ, ਦੋਵਾਂ ਪਾਸਿਓਂ ਚੱਲੀਆਂ ਗੋਲੀਆਂ


ਮੋਗਾ 13 ਨਵੰਬਰ। ਮੋਗਾ ਪੁਲਸ ਵੱਲੋਂ ਥਾਣਾ ਮੇਹਣਾ ਅਧੀਨ ਪੈਂਦੇ ਤਖਾਣਵੱਧ ਲਿੰਕ ਰੋਡ 'ਤੇ ਮੁਲਜ਼ਮਾਂ ਦਾ ਐਨਕਾਊਂਟਰ ਕੀਤਾ ਗਿਆ ਹੈ। ਇਸ ਦੌਰਾਨ ਪੁਲਸ ਅਤੇ ਸ਼ੱਕੀ ਮੁਲਜ਼ਮਾਂ ਵਿਚਾਲੇ ਫਾਇਰਿੰਗ ਹੋਈ, ਜਿਸ ਵਿਚ ਦੋ ਮੁਲਜ਼ਮ ਜ਼ਖ਼ਮੀ ਹੋ ਗਏ। ਮਿਲੀ ਜਾਣਕਾਰੀ ਅਨੁਸਾਰ ਪੁਲਸ ਪਾਰਟੀ ਸ਼ੱਕੀ ਮੁਲਜ਼ਮਾਂ ਦੀ ਭਾਲ ਵਿਚ ਇਲਾਕੇ ਅੰਦਰ ਗਸ਼ਤ ਕਰ ਰਹੀ ਸੀ। ਇਸ ਦੌਰਾਨ ਪੁਲਸ ਨੇ ਇਕ ਸ਼ੱਕੀ ਮੋਟਰਸਾਈਕਲ ਨੂੰ ਰੋਕਣ ਦੀ ਕੋਸ਼ਿਸ਼ ਕੀਤੀ ਪਰ ਮੋਟਰਸਾਈਕਲ ਸਵਾਰ ਮੌਕੇ ਤੋਂ ਭੱਜਣ ਲੱਗੇ। ਪੁਲਸ ਵੱਲੋਂ ਜਦੋਂ ਪਿੱਛਾ ਕੀਤਾ ਗਿਆ ਤਾਂ ਦੋਵੇਂ ਮੋਟਰਸਾਈਕਲ ਸਵਾਰ ਨੌਜਵਾਨ ਡਿੱਗ ਪਏ। ਇਸ ਤੋਂ ਬਾਅਦ ਉਨ੍ਹਾਂ ਵੱਲੋਂ ਪੁਲਸ ਪਾਰਟੀ 'ਤੇ ਫਾਇਰਿੰਗ ਸ਼ੁਰੂ ਕਰ ਦਿੱਤੀ ਗਈ। ਪੁਲਸ ਨੇ ਜਵਾਬੀ ਕਾਰਵਾਈ ਕਰਦਿਆਂ ਮੁਲਜ਼ਮਾਂ ਉਪਰ ਫਾਇਰਿੰਗ ਕੀਤੀ, ਜਿਸ ਦੌਰਾਨ ਦੋਵੇਂ ਮੁਲਜ਼ਮ ਜ਼ਖ਼ਮੀ ਹੋ ਗਏ। ਜ਼ਖ਼ਮੀ ਮੁਲਜ਼ਮਾਂ ਦੀ ਪਛਾਣ ਗੁਰਸੇਵਕ ਅਤੇ ਆਕਾਸ਼ਦੀਪ ਵਜੋਂ ਹੋਈ ਹੈ। ਦੋਵਾਂ ਨੂੰ ਇਲਾਜ ਲਈ ਮੋਗਾ ਦੇ ਸਰਕਾਰੀ ਹਸਪਤਾਲ ਵਿਖੇ ਦਾਖ਼ਲ ਕਰਵਾਇਆ ਗਿਆ ਹੈ। ਪੁਲਸ ਦਾ ਆਖਣਾ ਹੈ ਕਿ ਮੁਲਜ਼ਮਾਂ ਨੂੰ ਹਸਪਤਾਲ ਲਿਜਾਇਆ ਗਿਆ ਹੈ ਅਤੇ ਬਾਅਦ ਵਿਚ ਦੋਵਾਂ ਤੋਂ ਪੁੱਛਗਿੱਛ ਕੀਤੀ ਜਾਵੇਗੀ। ਨਾਂ ਅਤੇ ਮ੍ਰਿਤਕ ਦੀ ਪਛਾਣ ਸਬੰਧੀ ਅਗਲੀ ਕਾਰਵਾਈ ਪੁਲਸ ਜਾਂਚ ਤੋਂ ਬਾਅਦ ਹੀ ਸਪੱਸ਼ਟ ਹੋਵੇਗੀ। ਜੇਕਰ ਕਿਸੇ ਵਿਅਕਤੀ ਨੂੰ ਦਿੱਤੇ ਗਏ ਹੁਲੀਏ ਤੋਂ ਮ੍ਰਿਤਕ ਦੀ ਪਛਾਣ ਹੁੰਦੀ ਹੈ ਜਾਂ ਉਸ ਬਾਰੇ ਕੋਈ ਜਾਣਕਾਰੀ ਹੈ ਤਾਂ ਉਹ ਜੀ. ਆਰ. ਪੀ. ਚੌਕੀ ਪਠਾਨਕੋਟ ਕੈਂਟ ਨਾਲ ਸੰਪਰਕ ਕਰਕੇ ਪੁਲਸ ਦੀ ਮਦਦ ਕਰ ਸਕਦਾ ਹੈ।

ਪਿੰਡ ਸਬਾਜ ਕੇ ਨੇੜੇ ਨੌਜਵਾਨ 'ਤੇ ਪਿਸਤੌਲ ਨਾਲ ਕੀਤੇ ਫਾਇਰ

ਜਲਾਲਾਬਾਦ 13 ਨਵੰਬਰ। ਥਾਣਾ ਸਦਰ ਜਲਾਲਾਬਾਦ ਦੀ ਪੁਲਸ ਵੱਲੋਂ ਪਿੰਡ ਸਬਾਜ ਕੇ ਨੇੜੇ ਇੱਕ ਨੌਜਵਾਨ 'ਤੇ ਪਿਸਤੌਲ ਨਾਲ ਫਾਇਰ ਕਰਕੇ ਜਾਨੋਂ ਮਾਰਨ ਦੀ ਕੋਸ਼ਿਸ਼ ਕਰਨ ਦੇ ਦੋਸ਼ 'ਚ ਤਿੰਨ ਵਿਅਕਤੀਆਂ ਖ਼ਿਲਾਫ਼ ਮਾਮਲਾ ਦਰਜ ਕੀਤਾ ਗਿਆ ਹੈ। ਪੁਲਸ ਨੂੰ ਦਿੱਤੇ ਬਿਆਨਾਂ 'ਚ ਗੁਰਪ੍ਰੀਤ ਸਿੰਘ ਪੁੱਤਰ ਮਹਿੰਦਰ ਸਿੰਘ ਵਾਸੀ ਪਿੰਡ ਢੰਡੀ ਕਦੀਮ ਨੇ ਦੱਸਿਆ ਕਿ ਉਹ 8 ਨਵੰਬਰ 2026 ਨੂੰ ਸ਼ਾਮ ਕਰੀਬ 7.15 ਵਜੇ ਆਪਣੇ ਘਰ ਵੱਲ ਜਾ ਰਿਹਾ ਸੀ। ਜਦੋਂ ਉਹ ਪਿੰਡ ਸਬਾਜ ਕੇ ਦੇ ਨੇੜੇ ਪਹੁੰਚਿਆ ਤਾਂ ਇੱਕ ਮੋਟਰਸਾਈਕਲ 'ਤੇ ਸਵਾਰ ਤਿੰਨ ਨੌਜਵਾਨਾਂ ਨੇ ਉਸ ਨੂੰ ਜਾਨੋਂ ਮਾਰਨ ਦੀ ਨੀਅਤ ਨਾਲ ਪਿਸਤੌਲ ਨਾਲ ਫਾਇਰ ਕਰ ਦਿੱਤੇ। ਮਾਮਲੇ ਦੀ ਜਾਣਕਾਰੀ ਮਿਲਣ ਤੋਂ ਬਾਅਦ ਪੁਲਸ ਵੱਲੋਂ ਗੁਰਪ੍ਰੀਤ ਸਿੰਘ ਦੇ ਬਿਆਨ ਕਲਮਬੱਧ ਕੀਤੇ ਗਏ ਅਤੇ ਉਸ ਦੇ ਆਧਾਰ 'ਤੇ ਰਿਕੂ ਸਿੰਘ ਪੁੱਤਰ ਪ੍ਰੇਮ ਸਿੰਘ ਵਾਸੀ ਪਿੰਡ ਢੰਡੀ ਕਦੀਮ ਅਤੇ ਦੋ ਅਣਪਛਾਤੇ ਵਿਅਕਤੀਆਂ ਖ਼ਿਲਾਫ਼ ਮੁਕੱਦਮਾ ਦਰਜ ਕੀਤਾ ਗਿਆ ਹੈ। ਏ. ਐੱਸ. ਆਈ. ਮੁਖਤਿਆਰ ਸਿੰਘ ਨੇ ਦੱਸਿਆ ਕਿ ਪੁਲਸ ਵੱਲੋਂ ਮਾਮਲੇ ਦੀ ਅਗਲੇਰੀ ਕਾਰਵਾਈ ਕੀਤੀ ਜਾ ਰਹੀ ਹੈ।

ਜਰਮਨ ਲਿਜਾਣ ਦਾ ਝਾਂਸਾ ਦੇ ਕੇ 40 ਲੱਖ ਰੁਪਏ ਦੀ ਠੱਗੀ

ਫਿਰੋਜ਼ਪੁਰ 13 ਨਵੰਬਰ। ਥਾਣਾ ਸਦਰ ਫਿਰੋਜ਼ਪੁਰ ਦੀ ਪੁਲਸ ਨੇ ਜਰਮਨ ਭੇਜਣ ਦਾ ਝਾਂਸਾ ਦੇ ਕੇ 40 ਲੱਖ ਰੁਪਏ ਦੀ ਕਥਿਤ ਠੱਗੀ ਮਾਰਨ ਦੇ ਦੋਸ਼ 'ਚ ਇਕ ਔਰਤ ਅਤੇ ਇਕ ਵਿਅਕਤੀ ਖ਼ਿਲਾਫ਼ 138 (4), 61 (2), 338, 336 (3), 13 ਬੀਐੱਨਐੱਸ ਤਹਿਤ ਮਾਮਲਾ ਦਰਜ ਕੀਤਾ ਹੈ। ਪੁਲਸ ਨੂੰ ਦਿੱਤੇ ਬਿਆਨਾਂ ਵਿਚ ਦਲਜੀਤ ਕੌਰ ਪਤਨੀ ਵੀਰ ਸਿੰਘ ਵਾਸੀ ਮਕਾਨ ਨੰਬਰ 89, ਫੇਜ਼-2, ਵਿਕਾਸ ਵਿਹਾਰ, ਫਿਰੋਜ਼ਪੁਰ ਸ਼ਹਿਰ ਨੇ ਦੱਸਿਆ ਕਿ ਉਸ ਦੇ ਸਕੇ ਭਰਾ ਹਰਜਿੰਦਰ ਸਿੰਘ ਪੁੱਤਰ ਗੁਰਚਰਨ ਸਿੰਘ ਅਤੇ ਭਰਜਾਈ ਹਰਦੀਪ ਕੌਰ ਵਾਸੀ ਨਿਊ ਅਮਰ ਨਗਰ, ਜਨਤਾ ਪ੍ਰੀਤ



ਨਗਰ ਨਾਲ ਲੁਧਿਆਣਾ ਨੇ ਉਸ ਨੂੰ ਅਤੇ ਉਸ ਦੇ ਬੱਚਿਆਂ ਨੂੰ ਜਰਮਨੀ ਲਿਜਾਣ ਦਾ ਭਰੋਸਾ ਦਿੱਤਾ ਸੀ। ਦਲਜੀਤ ਕੌਰ ਨੇ ਦੱਸਿਆ ਕਿ ਉਨ੍ਹਾਂ ਨੂੰ ਵਿਦੇਸ਼ ਭੇਜਣ ਦਾ ਝਾਂਸਾ ਦੇ ਕੇ ਮੁਲਜ਼ਮਾਂ ਨੇ ਉਸ ਕੋਲੋਂ ਕੁੱਲ 40 ਲੱਖ ਰੁਪਏ ਲੈ ਲਏ ਅਤੇ ਕਥਿਤ ਤੌਰ 'ਤੇ ਧੋਖਾਧੜੀ ਕੀਤੀ। ਇਸ ਮਾਮਲੇ ਦੀ ਜਾਂਚ ਕਰ ਰਹੇ ਸੁਖਵਿੰਦਰ ਸਿੰਘ ਡੀ. ਐੱਸ. ਪੀ. ਨੇ ਦੱਸਿਆ ਕਿ ਪੁਲਸ ਨੇ ਸ਼ਿਕਾਇਤਕਰਤਾ ਦੇ ਬਿਆਨਾਂ 'ਤੇ ਉਕਤ ਦੋਸ਼ੀਅਨ ਖ਼?ਲਾਫ਼ ਮਾਮਲਾ ਦਰਜ ਕਰਕੇ ਅੱਗੇ ਦੀ ਪੜਤਾਲ ਕੀਤੀ ਜਾ ਰਹੀ ਹੈ।

ਕਮਰੇ 'ਚ ਕੁੜੀ ਨਾਲ ਰੰਗਰਲੀਆਂ ਮਨਾ ਰਿਹਾ ਸੀ ਪਤੀ, ਉਪਰੋਂ ਪਹੁੰਚੀ ਪਤਨੀ

ਜਲੰਧਰ 13 ਨਵੰਬਰ। ਜਲੰਧਰ ਦੇ ਲੈਦਰ ਕੰਪਲੈਕਸ ਵਿਚ ਉਸ ਸਮੇਂ ਹੰਗਾਮਾ ਹੋ ਗਿਆ ਜਦੋਂ ਇਕ ਮਹਿਲਾ ਨੇ ਆਪਣੇ ਪਤੀ ਨੂੰ ਇਕ ਕੁੜੀ ਦੇ ਨਾਲ ਰੰਗੇ ਹੱਥੀਂ ਰੰਗਰਲੀਆਂ ਮਨਾਉਂਦੇ ਹੋਏ ਕਿਰਾਏ ਦੇ ਮਕਾਨ ਵਿਚੋਂ ਫੜ ਲਿਆ। ਮਹਿਲਾ ਆਪਣੇ ਕਿਸੇ ਰਿਸ਼ਤੇਦਾਰ ਨਾਲ ਕਮਰੇ ਵਿਚ ਪਹੁੰਚੀ ਸੀ। ਪਤੀ ਨੂੰ ਕੁੜੀ ਦੇ ਨਾਲ ਵੇਖ ਕੇ ਭੜਕ ਗਈ ਅਤੇ ਉਸ ਦੀ ਥੱਪੜ ਅਤੇ ਚੱਪਲਾਂ ਨਾਲ ਕੁੱਟਮਾਰ ਕਰ ਦਿੱਤੀ। ਇਸ ਦੌਰਾਨ ਮਹਿਲਾ ਦੇ ਰਿਸ਼ਤੇਦਾਰ ਨੇ ਉਸ ਦੇ ਪਤੀ ਦੀ ਕੁੱਟਮਾਰ ਕੀਤੀ। ਪਰਿਵਾਰ ਨੇ ਕਮਰੇ ਵਿਚੋਂ ਇਤਰਾਜ਼ਯੋਗ ਸਾਮਾਨ ਮਿਲਣ ਦਾ ਦਾਅਵਾ ਕੀਤਾ ਹੈ। ਮੌਕੇ ਉਤੇ ਥਾਣਾ ਬੱਸੀ ਬਾਵਾ ਖੇਲ ਦੀ ਪੁਲਸ ਨੂੰ ਵੀ ਬੁਲਾਇਆ ਗਿਆ। ਮਹਿਲਾ ਨੇ ਦੋਸ਼ ਲਗਾਇਆ ਕਿ ਉਸ ਦਾ ਪਤੀ ਪਿਛਲੇ ਪੰਜ ਸਾਲ ਤੋਂ ਇਕ ਕੁੜੀ ਦੇ ਨਾਲ ਸੰਬੰਧ ਵਿਚ ਹੈ। ਕੁੜੀ ਪੁੱਡਾ ਕੰਪਲੈਕਸ ਵਿਚ ਨੌਕਰੀ ਕਰਦੀ ਹੈ। ਇਸ ਗੱਲ ਨੂੰ ਲੈ ਕੇ ਕਈ ਵਾਰ ਵਿਵਾਦ ਹੋ ਚੁੱਕਾ ਹੈ। ਦੋਵੇਂ ਧਿਰਾਂ ਵਿਚ ਸਮਝੌਤਾ ਵੀ ਹੋਇਆ ਸੀ ਪਰ ਇਸ ਦੇ ਬਾਵਜੂਦ ਪਤੀ ਨੇ ਕੁੜੀ ਨਾਲ ਮਿਲਣਾ-ਜੁਲਣਾ ਬੰਦ ਨਹੀਂ ਕੀਤਾ। ਮਹਿਲਾ ਨੇ ਦੱਸਿਆ ਕਿ ਉਸ ਦਾ ਪਤੀ ਅੰਮ੍ਰਿਤਸਰ ਵਿਚ ਨੌਕਰੀ ਕਰਦਾ ਹੈ ਜਦਕਿ ਉਸ ਨੇ ਜਲੰਧਰ ਵਿਚ ਵੱਖ ਤੋਂ ਮਕਾਨ ਲੈ ਕੇ ਰੱਖਿਆ ਹੈ। ਦੋਸ਼ ਹੈ ਕਿ ਉਹ ਇਸੇ ਮਕਾਨ ਵਿਚ ਕੁੜੀ ਨਾਲ ਸਮਾਂ ਬਿਤਾਉਂਦਾ ਸੀ। ਮਹਿਲਾ ਨੇ ਕਿਹਾ ਕਿ ਉਸ ਦੇ ਪਤੀ ਦੇ ਮੋਬਾਇਲ ਵਿਚ ਕੁੜੀ ਦੀਆਂ ਇਤਰਾਜ਼ਯੋਗ ਵੀਡੀਓ ਵੀ ਮੌਜੂਦ ਹਨ। ਉਸ ਨੇ ਦੋਸ਼ ਲਗਾਇਆ ਕਿ ਪਤੀ ਨੇ ਦੜੇ-ਸੱਟੇ ਵਿਚ ਪੈਸੇ ਜਿੱਤ ਕੇ ਕੁੜੀ ਨੂੰ ਮਕਾਨ ਖ਼ਰੀਦ ਕੇ ਦਿੱਤਾ ਹੈ। ਉਸ ਨੇ ਮੁਤਾਬਕ ਕੁੜੀ ਰੋਜ਼ਾਨਾ ਸ਼ਾਮ ਪੰਜ ਵਜੇ ਮਕਾਨ ਵਿਚ ਆਉਂਦੀ ਸੀ ਅਤੇ ਕਰੀਬ 7 ਵਜੇ ਉਥੋਂ ਨਿਕਲ ਜਾਂਦੀ ਸੀ। ਮਹਿਲਾ ਦੇ ਭਰਾ ਨੇ ਦੋਸ਼ ਲਗਾਇਆ ਕਿ ਉਸ ਦੀ ਜੀਜਾ ਭੈਣ ਨੂੰ ਲਗਾਤਾਰ ਪਰੇਸ਼ਾਨ ਕਰਦਾ ਹੈ। ਮੰਗਲਵਾਰ ਨੂੰ ਜਦੋਂ ਉਹ ਪਰਿਵਾਰ ਨਾਲ ਮੌਕੇ ਉਤੇ ਪਹੁੰਚੇ ਤਾਂ ਜੀਜਾ ਨੇ ਉਨ੍ਹਾਂ ਧਮਕਾਇਆ। ਇਸ ਦੇ ਬਾਅਦ ਪੁਲਸ ਨੂੰ ਬੁਲਾਇਆ ਗਿਆ। ਫਿਲਹਾਲ ਦੋਵੇਂ ਧਿਰਾਂ ਦੇ ਦੋਸ਼ਾਂ ਨੂੰ ਲੈ ਕੇ ਪੁਲਸ ਜਾਂਚ ਕਰ ਰਹੀ ਹੈ।

ਮੋਬਾਈਲ ਚਾਰਜ ਕਰਨ ਨੂੰ ਲੈ ਕੇ ਹੋਇਆ ਝਗੜਾ, ਇੱਟਾਂ ਮਾਰ ਕਰ 'ਤਾ ਨੌਜਵਾਨ ਦਾ ਕਤਲ

ਕੌਮੀ ਪਤ੍ਰਿਕਾ

ਬਟਾਲਾ 13 ਨਵੰਬਰ। ਜਲੰਧਰ-ਬਟਾਲਾ-ਅੰਮ੍ਰਿਤਸਰ ਬਾਈਪਾਸ ਸਥਿਤ ਇਕ ਹੋਟਲ 'ਚ ਮੋਬਾਈਲ ਚਾਰਜ ਕਰਨ ਨੂੰ ਲੈ ਕੇ ਹੋਏ ਤਕਰਾਰ ਦੌਰਾਨ ਇੱਟਾਂ ਮਾਰ ਕੇ ਇਕ ਨੌਜਵਾਨ ਦਾ ਕਤਲ ਕਰਨ ਦਾ ਦੁਖਦਾਈ ਸਮਾਚਾਰ ਪ੍ਰਾਪਤ ਹੋਇਆ ਹੈ। ਇਸ ਘਟਨਾ ਦੌਰਾਨ ਇਲਾਕੇ ਵਿਚ ਸਨਸਨੀ ਫੈਲ ਗਈ। ਘਟਨਾ ਦੀ ਜਾਣਕਾਰੀ ਦਿੰਦੇ ਹੋਏ ਮ੍ਰਿਤਕ ਦੇ ਪਿਤਾ ਜੋਗਿੰਦਰ ਸਿੰਘ ਪੁੱਤਰ ਹਰਨਾਮ ਸਿੰਘ ਵਾਸੀ ਪਿੰਡ ਨਠਵਾਲ ਨੇ ਦੱਸਿਆ ਕਿ ਉਨ੍ਹਾਂ ਦਾ 26 ਸਾਲਾ ਸ਼ਾਦੀਸ਼ੁਦਾ ਲੜਕਾ ਵਰਿੰਦਰ ਸਿੰਘ (ਜਿਸ ਦੀ ਇਕ ਬੇਟੀ ਹੈ) 18 ਅਕਤੂਬਰ ਦੀ ਸ਼ਾਮ ਨੂੰ ਦੋਸਤਾਂ ਨਾਲ ਹੋਟਲ 'ਚ ਖਾਣਾ ਖਾਣ ਗਿਆ ਸੀ। ਇਸ ਦੌਰਾਨ ਉਥੇ ਪਹਿਲਾਂ ਤੋਂ ਮੌਜੂਦ 8-9 ਵਿਅਕਤੀਆਂ ਨਾਲ ਮੋਬਾਈਲ ਚਾਰਜ ਕਰਨ ਨੂੰ ਲੈ ਕੇ ਉਸ ਦੀ ਤਕਰਾਰ ਹੋ ਗਈ। ਉਕਤ ਵਿਅਕਤੀਆਂ ਨੇ ਵਰਿੰਦਰ ਨੂੰ



ਹੋਟਲ ਤੋਂ ਬਾਹਰ ਲਿਆ ਕੇ ਇੱਟਾਂ-ਰੋੜੇ ਮਾਰੇ, ਜਿਸ ਨਾਲ ਉਹ ਗੰਭੀਰ ਜ਼ਖ਼ਮੀ ਹੋ ਗਿਆ। ਘਟਨਾ ਤੋਂ ਬਾਅਦ ਉਸ ਨੂੰ ਅੰਮ੍ਰਿਤਸਰ ਦੇ ਨਿੱਜੀ ਹਸਪਤਾਲ 'ਚ ਇਲਾਜ ਲਈ ਦਾਖਲ ਕਰਵਾਇਆ, ਜਿਥੇ ਹਾਲਤ ਗੰਭੀਰ ਹੋਣ ਕਾਰਨ ਉਸ ਦੀ ਮੌਤ ਹੋ ਗਈ। ਘਟਨਾ ਦੀ ਸੂਚਨਾ ਮਿਲਦਿਆਂ ਹੀ ਥਾਣਾ ਸਿਵਲ ਲਾਈਨ ਦੇ ਐੱਸ. ਐੱਚ. ਓ. ਲਖਵਿੰਦਰ ਸਿੰਘ ਅਤੇ ਤਫਤੀਸ਼ੀ ਅਫਸਰ ਏ. ਐੱਸ. ਆਈ. ਵਿਕਰਮ (ਚੌਕੀ ਇੰਚਾਰਜ ਅਰਬਨ ਅਸਟੇਟ) ਨੇ ਮਾਮਲਾ ਦਰਜ ਕਰ ਕੇ ਲਾਸ਼ ਦਾ ਪੋਸਟਮਾਰਟਮ ਕਰਵਾਉਣਾ ਸ਼ੁਰੂ ਕਰ ਦਿੱਤਾ ਹੈ। ਦੂਜੇ ਪਾਸੇ ਪੁਲਸ ਵੱਲੋਂ ਅਣਪਛਾਤਿਆਂ ਖ਼?ਲਾਫ਼ ਮਾਮਲਾ ਦਰਜ ਕਰਨ ਦੇ ਰੋਸ ਵਜੋਂ ਮ੍ਰਿਤਕ ਦੇ ਪਿਤਾ ਜੋਗਿੰਦਰ ਸਿੰਘ ਪਿੰਡ ਦੇ ਮੋਹਤਬਰਾਂ ਨਾਲ ਥਾਣਾ ਸਿਵਲ ਲਾਈਨ ਪਹੁੰਚੇ ਅਤੇ ਇਨਸਾਫ ਦੀ ਮੰਗ ਕੀਤੀ। ਉਨ੍ਹਾਂ ਕਿਹਾ ਕਿ ਪੁਲਸ ਨੂੰ ਸੀ. ਸੀ. ਟੀ. ਵੀ. ਫੁਟੇਜ ਦਿੱਤੀ ਗਈ ਹੈ, ਇਸ ਲਈ ਬਾਈਨੇਮ ਪਰਚਾ ਦਰਜ ਕੀਤਾ ਜਾਵੇ। ਇਸ ਮਾਮਲੇ ਦੇ ਸਬੰਧ ਵਿਚ ਐੱਸ. ਐੱਚ. ਓ. ਲਖਵਿੰਦਰ ਸਿੰਘ ਨੇ ਮ੍ਰਿਤਕ ਨੌਜਵਾਨ ਦੇ ਪਰਿਵਾਰ ਨੂੰ ਵਿਸ਼ਵਾਸ ਦਿਵਾਇਆ ਕਿ ਸੀ. ਸੀ. ਟੀ. ਵੀ. ਫੁਟੇਜ ਤੋਂ ਮੁਲਜ਼ਮਾਂ ਦੀ ਸ਼ਨਾਖਤ ਕੀਤੀ ਜਾ ਰਹੀ ਹੈ ਅਤੇ ਜਲਦ ਹੀ ਨਾਮਜ਼ਦ ਕਰ ਕੇ ਬਣਦੀ ਕਾਰਵਾਈ ਕੀਤੀ ਜਾਵੇਗੀ।

ਕਾਰ ਚਾਲਕ ਨੇ ਰੇਹੜੀ ਨੂੰ ਮਾਰੀ ਟੱਕਰ, ਬੱਚੇ ਦੀ ਮੌਤ, ਲੋਕਾਂ ਨੇ ਦਿੱਤਾ ਧਰਨਾ

ਬਠਿੰਡਾ 13 ਨਵੰਬਰ। ਬੀਤੀ ਰਾਤ ਮਲੋਟ ਰੋਡ 'ਤੇ ਨਸ਼ੇ ਦੀ ਹਾਲਤ ਵਿਚ ਤੇਜ਼ ਰਫ਼ਤਾਰ ਕਾਰ ਨੇ ਰੇਹੜੀ ਨੂੰ ਟੱਕਰ ਮਾਰ ਦਿੱਤੀ, ਜਿਸ ਵਿਚ 12 ਸਾਲਾ ਬੱਚੇ ਦੀ ਮੌਤ ਹੋ ਗਈ, ਜਦ ਕਿ ਤਿੰਨ ਹੋਰ ਜ਼ਖ਼ਮੀ ਹੋ ਗਏ। ਇਸ ਤੋਂ ਬਾਅਦ ਲੋਕਾਂ ਵੱਲੋਂ ਸੜਕ 'ਤੇ ਧਰਨਾ ਦੇ ਕੇ ਰੋਸ ਜਤਾਇਆ ਗਿਆ। ਜਾਣਕਾਰੀ ਅਨੁਸਾਰ ਬੀਤੀ ਰਾਤ ਮਲੋਟ ਰੋਡ 'ਤੇ ਕੁਝ ਲੋਕ ਇਕ ਸਟਾਲ ਨੇੜੇ ਖੜ੍ਹੇ ਸਨ। ਇਸ ਦੌਰਾਨ ਤੇਜ਼ ਰਫ਼ਤਾਰ ਕਾਰ ਨੇ ਰੇਹੜੀ ਨੂੰ ਟੱਕਰ ਮਾਰ ਦਿੱਤੀ, ਜਿਸ ਕਾਰਨ ਲੋਕ ਵੀ ਲਪੇਟ ਵਿਚ ਆ ਗਏ। ਹਾਦਸੇ ਦੌਰਾਨ ਰੇਹੜੀ 'ਤੇ ਖੜ੍ਹਾ 12 ਸਾਲਾ ਬੱਚਾ ਹਰਮਨ ਸਿੰਘ ਉਛਲ ਕੇ ਦੂਰ ਜਾ ਡਿੱਗਿਆ ਅਤੇ ਸਿਰ 'ਤੇ ਸੱਟ ਲੱਗਣ ਕਾਰਨ ਉਸ ਦੀ ਮੌਤ ਹੋ ਗਈ। ਇਸ ਦੌਰਾਨ ਸਿਵੀਆ ਵਾਸੀ ਪਾਲੀ (15), ਮਮਤਾ ਵਾਸੀ ਖੇਤਾ ਸਿੰਘ ਬਸਤੀ ਅਤੇ ਅੰਮ੍ਰਿਤ ਗੰਭੀਰ ਜ਼ਖ਼ਮੀ ਹੋ ਗਏ। ਲੋਕਾਂ ਵੱਲੋਂ ਤੁਰੰਤ ਨੌਜਵਾਨ ਵੈੱਲਫੇਅਰ ਸੋਸਾਇਟੀ ਨੂੰ ਸੂਚਿਤ ਕੀਤਾ ਗਿਆ। ਸੂਚਨਾ ਮਿਲਣ 'ਤੇ ਸੰਸਥਾ ਦੇ ਵਰਕਰ ਮੌਕੇ 'ਤੇ ਪਹੁੰਚੇ ਅਤੇ ਜ਼ਖ਼ਮੀਆਂ ਨੂੰ ਸਰਕਾਰੀ ਹਸਪਤਾਲ ਪਹੁੰਚਾਇਆ ਜਿਥੇ ਹਾਲਤ ਗੰਭੀਰ ਵੇਖਦਿਆਂ ਉਨ੍ਹਾਂ ਨੂੰ ਏਮਜ਼ ਹਸਪਤਾਲ ਵਿਚ ਰੈਫ਼ਰ ਕਰ ਦਿੱਤਾ ਗਿਆ। ਇਸ ਤੋਂ ਬਾਅਦ ਲੋਕਾਂ ਵੱਲੋਂ ਮੁੱਖ ਸੜਕ 'ਤੇ ਧਰਨਾ ਦੇ ਕੇ ਰੋਸ ਜਤਾਇਆ ਗਿਆ। ਦੱਸਿਆ ਜਾ ਰਿਹਾ ਹੈ ਕਿ ਕਾਰ ਚਾਲਕ ਨੇ ਨਸ਼ਾ ਕੀਤਾ ਹੋਇਆ ਸੀ, ਜਿਸ ਕਾਰਨ ਉਕਤ ਹਾਦਸਾ ਵਾਪਰਿਆ। ਪੁਲਸ ਵੱਲੋਂ ਕਾਰ ਚਾਲਕ ਖ਼?ਲਾਫ਼ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ।

ਮਾਮੂਲੀ ਖੁਜਲੀ ਸਮਝ ਕੇ ਨਾ ਕਰੋ ਨਜ਼ਰਅੰਦਾਜ਼, 6 ਹਫ਼ਤਿਆਂ ਤੋਂ ਵੱਧ ਸਮੇਂ ਤੱਕ ਰਹਿਣ ਵਾਲੇ ਧੱਫੜ ਹੋ ਸਕਦੇ ਹਨ ਇਸ ਗੰਭੀਰ ਬਿਮਾਰੀ ਦਾ ਸੰਕੇਤ

ਕੌਮੀ ਪਤ੍ਰਿਕਾ

ਨਵੀਂ ਦਿੱਲੀ 13 ਨਵੰਬਰ। ਚਮੜੀ 'ਤੇ ਵਾਰ-ਵਾਰ ਧੱਫੜ ਪੈਣਾ ਜਾਂ ਲਗਾਤਾਰ ਖੁਜਲੀ ਹੋਣਾ ਕਈ ਵਾਰ ਆਮ ਸਮੱਸਿਆ ਲੱਗ ਸਕਦੀ ਹੈ। ਬਹੁਤ ਸਾਰੇ ਲੋਕ ਸੋਚਦੇ ਹਨ ਕਿ ਇਹ ਲੱਛਣ ਆਪਣੇ ਆਪ ਠੀਕ ਹੋ ਜਾਣਗੇ ਜਾਂ ਕਿਸੇ ਕਰੀਮ ਕਾਰਨ ਐਲਰਜੀ ਹੋ ਗਈ ਹੋਵੇਗੀ। ਹਾਲਾਂਕਿ, ਜੇ ਇਹ ਸਮੱਸਿਆ ਤੁਹਾਨੂੰ ਵਾਰ-ਵਾਰ ਪਰੇਸ਼ਾਨ ਕਰ ਰਹੀ ਹੈ ਜਾਂ ਤੁਹਾਡੀ ਰੋਜ਼ਾਨਾ ਜ਼ਿੰਦਗੀ ਵਿੱਚ ਰੁਕਾਵਟ ਪਾ ਰਹੀ ਹੈ, ਤਾਂ ਇਸ ਨੂੰ ਗੰਭੀਰਤਾ ਨਾਲ ਲੈਣਾ ਚਾਹੀਦਾ ਹੈ। ਜੇ ਸਰੀਰ 'ਤੇ ਵਾਰ-ਵਾਰ ਧੱਫੜ ਪੈ ਰਹੇ ਹਨ ਜਾਂ ਲਗਾਤਾਰ ਖੁਜਲੀ ਹੋ ਰਹੀ ਹੈ, ਤਾਂ ਡਾਕਟਰ ਦੀ ਸਲਾਹ ਲੈਣੀ ਜ਼ਰੂਰੀ ਹੈ। ਇਹ ਚਮੜੀ ਨਾਲ ਜੁੜੀ ਇੱਕ ਅਜਿਹੀ ਸਥਿਤੀ ਹੈ, ਜਿਸ ਵਿੱਚ ਸਰੀਰ 'ਤੇ ਧੱਫੜ ਪੈਣ, ਸੋਜ ਆਉਣ ਜਾਂ ਦੋਵੇਂ ਸਮੱਸਿਆਵਾਂ ਛੇ ਹਫ਼ਤਿਆਂ ਤੋਂ ਵੱਧ ਸਮੇਂ ਤੱਕ ਬਣੀਆਂ ਰਹਿੰਦੀਆਂ ਹਨ। ਇਸ ਦੀ ਇੱਕ ਕਿਸਮ ਨੂੰ ਕ੍ਰੋਨਿਕ ਸਪੌਂਟੇਨੀਅਸ ਅਰਟੀਕੇਰੀਆ ਕਿਹਾ ਜਾਂਦਾ ਹੈ। ਇਸ ਵਿੱਚ ਬਿਨਾਂ ਕਿਸੇ ਸਪੱਸ਼ਟ ਬਾਹਰੀ ਕਾਰਨ ਜਾਂ ਟ੍ਰਿਗਰ ਦੇ ਧੱਫੜ ਅਤੇ ਖੁਜਲੀ ਵਰਗੇ ਲੱਛਣ ਸਾਹਮਣੇ ਆਉਣ ਲੱਗਦੇ ਹਨ। ਇਸ ਲਈ ਇਹ ਸਮਝਣਾ ਜ਼ਰੂਰੀ ਹੈ ਕਿ ਡਾਕਟਰ ਦੀ ਸਲਾਹ ਕਦੋਂ ਲੈਣੀ ਚਾਹੀਦੀ ਹੈ, ਤਾਂ ਜੋ ਸਹੀ ਇਲਾਜ ਕਰਵਾਇਆ ਜਾ ਸਕੇ ਅਤੇ ਇਸ ਸਮੱਸਿਆ ਨੂੰ ਬਿਹਤਰ ਢੰਗ ਨਾਲ ਕਾਬੂ ਵਿੱਚ ਰੱਖਿਆ ਜਾ ਸਕੇ। ਕਈ ਲੋਕ ਅਸਲ ਕਾਰਨ ਜਾਣੇ ਬਿਨਾਂ ਹੀ ਖੁਜਲੀ ਜਾਂ ਧੱਫੜਾਂ ਦਾ ਇਲਾਜ ਖ਼ੁਦ ਕਰਨ ਲੱਗ ਜਾਂਦੇ ਹਨ। ਜੇ ਇਹ ਸਮੱਸਿਆ ਤੁਹਾਡੀ ਨੀਂਦ, ਕੰਮਕਾਜ ਜਾਂ ਮਾਨਸਿਕ ਸਿਹਤ ਨੂੰ ਪ੍ਰਭਾਵਿਤ ਕਰਨ ਲੱਗੇ, ਤਾਂ ਚਮੜੀ ਦੇ ਮਾਹਿਰ (ਡਰਮੈਟੋਲੋਜਿਸਟ) ਨਾਲ ਸੰਪਰਕ ਕਰਨਾ ਜ਼ਰੂਰੀ ਹੈ। ਡਾਕਟਰ ਤੁਹਾਡੇ ਲੱਛਣਾਂ ਦਾ ਮੁਲਾਂਕਣ ਕਰਕੇ ਸਹੀ ਇਲਾਜ ਰਾਹੀਂ ਇਸ ਸਥਿਤੀ ਨੂੰ ਕਾਬੂ ਕਰਨ ਵਿੱਚ ਮਦਦ ਕਰ ਸਕਦੇ ਹਨ। ਧੱਫੜਾਂ ਦੀ ਮਾਮੂਲੀ ਸਮੱਸਿਆ ਕਈ ਵਾਰ ਆਪਣੇ ਆਪ ਠੀਕ ਹੋ ਸਕਦੀ ਹੈ, ਪਰ ਜੇ ਇਹ ਵਾਰ-ਵਾਰ ਦਿਖਾਈ ਦੇਣ ਤਾਂ ਇਨ੍ਹਾਂ ਨੂੰ ਨਜ਼ਰਅੰਦਾਜ਼ ਨਹੀਂ ਕਰਨਾ ਚਾਹੀਦਾ। ਖ਼ਾਸ ਤੌਰ 'ਤੇ ਜੇ ਲੱਛਣ ਛੇ ਹਫ਼ਤਿਆਂ ਤੱਕ ਬਣੇ ਰਹਿਣ, ਤਾਂ ਡਾਕਟਰ ਨੂੰ ਜ਼ਰੂਰ ਦਿਖਾਓ। ਧਿਆਨ ਦਿਓ ਕਿ ਧੱਫੜ ਕਿੰਨੀ ਵਾਰ ਪੈ ਰਹੇ ਹਨ, ਇਹ ਸਮੱਸਿਆ ਕਿੰਨੇ ਸਮੇਂ ਤੋਂ ਹੈ ਅਤੇ ਕੀ ਇਸ ਦਾ ਤੁਹਾਡੀ ਰੋਜ਼ਾਨਾ ਦੀ ਰੁਟੀਨ 'ਤੇ ਅਸਰ ਪੈ ਰਿਹਾ ਹੈ। ਲਗਾਤਾਰ ਖੁਜਲੀ ਕਾਰਨ ਰਾਤ ਨੂੰ ਨੀਂਦ ਆਉਣ ਵਿੱਚ ਮੁਸ਼ਕਲ ਹੋ ਸਕਦੀ ਹੈ। ਇਸ ਨਾਲ ਚਿੜਚਿੜਾਪਣ, ਦਿਨ ਭਰ ਥਕਾਵਟ ਅਤੇ ਧਿਆਨ ਕੇਂਦਰਿਤ ਕਰਨ ਵਿੱਚ ਪਰੇਸ਼ਾਨੀ ਹੋ ਸਕਦੀ ਹੈ। ਨਤੀਜੇ ਵਜੋਂ ਰੋਜ਼ਾਨਾ ਦੇ ਕੰਮ ਕਰਨਾ ਵੀ ਔਖਾ ਹੋ ਜਾਂਦਾ ਹੈ। ਜੇ ਖੁਜਲੀ ਕਾਰਨ ਤੁਹਾਡੀ ਨੀਂਦ ਜਾਂ ਕੰਮਕਾਜ ਪ੍ਰਭਾਵਿਤ ਹੋ ਰਿਹਾ ਹੈ, ਤਾਂ ਡਾਕਟਰ ਦੀ ਸਲਾਹ ਲੈਣੀ ਚਾਹੀਦੀ ਹੈ। ਅਚਾਨਕ ਸਰੀਰ 'ਤੇ ਧੱਫੜ ਪੈਣ ਕਾਰਨ ਵਿਅਕਤੀ ਸਮਾਜਿਕ ਮਾਹੌਲ ਵਿੱਚ ਅਸਹਿਜ ਮਹਿਸੂਸ ਕਰ ਸਕਦਾ ਹੈ। ਅਜਿਹੀ ਸਥਿਤੀ ਨੂੰ ਸਿਰਫ਼ ਸੁੰਦਰਤਾ ਜਾਂ ਦਿੱਖ ਨਾਲ ਜੁੜੀ ਸਮੱਸਿਆ ਨਹੀਂ ਸਮਝਣਾ ਚਾਹੀਦਾ। ਇਸ ਨਾਲ ਵਿਅਕਤੀ ਦੇ ਆਤਮਵਿਸ਼ਵਾਸ ਅਤੇ ਮਾਨਸਿਕ ਸਿਹਤ 'ਤੇ ਵੀ ਅਸਰ ਪੈ ਸਕਦਾ ਹੈ। ਧੱਫੜਾਂ ਦਾ ਕਾਰਨ ਲੱਭਣ ਲਈ ਕਈ ਲੋਕ ਆਪਣੇ ਖਾਣ-ਪੀਣ, ਚਮੜੀ ਦੀ ਦੇਖਭਾਲ ਅਤੇ ਰੋਜ਼ਾਨਾ ਦੀਆਂ ਆਦਤਾਂ ਵਿੱਚ ਬਦਲਾਅ ਕਰਨ ਲੱਗ ਜਾਂਦੇ ਹਨ। ਪਰ ਜੇ ਇਨ੍ਹਾਂ ਤਬਦੀਲੀਆਂ ਦੇ ਬਾਵਜੂਦ ਲੱਛਣ ਬਣੇ ਰਹਿਣ ਜਾਂ ਇਹ ਸਮਝ ਨਾ ਆਵੇ ਕਿ ਸਮੱਸਿਆ ਕਿਉਂ ਹੋ ਰਹੀ ਹੈ, ਤਾਂ ਡਾਕਟਰ ਨਾਲ ਸੰਪਰਕ ਕਰਨਾ ਜ਼ਰੂਰੀ ਹੈ। ਕਈ ਵਾਰ ਵਿਅਕਤੀ ਖ਼ੁਦ ਹੀ ਇਲਾਜ ਦੇ ਤਰੀਕੇ ਲੱਭਣ ਵਿੱਚ ਲੱਗਾ ਰਹਿੰਦਾ ਹੈ, ਜਿਸ ਕਾਰਨ ਸਹੀ ਡਾਕਟਰੀ ਸਹਾਇਤਾ ਲੈਣ ਵਿੱਚ ਦੇਰੀ ਹੋ ਜਾਂਦੀ ਹੈ। ਅਸਲ ਕਾਰਨ ਜਾਣੇ ਬਿਨਾਂ ਇਲਾਜ ਲੱਭਦੇ ਰਹਿਣ ਨਾਲ ਸਮਾਂ ਬਰਬਾਦ ਹੋ ਸਕਦਾ ਹੈ। ਇਸ ਲਈ ਸਮੱਸਿਆ ਲਗਾਤਾਰ ਬਣੀ ਰਹਿਣ 'ਤੇ ਚਮੜੀ ਦੇ ਮਾਹਿਰ ਤੋਂ ਜਾਂਚ ਕਰਵਾਉਣੀ ਚਾਹੀਦੀ ਹੈ।

ਸਿਰਫ਼ 7 ਰੁਪਏ ਦੀ ਲਾਟਰੀ ਨਾਲ ਮਜ਼ਦੂਰ ਪਰਿਵਾਰ ਬਣਿਆ ਕਰੋੜਪਤੀ, ਘਰ 'ਚ ਖ਼ੁਸ਼ੀਆਂ ਦਾ ਮਾਹੌਲ

ਕੌਮੀ ਪਤ੍ਰਿਕਾ

ਫਰੀਦਕੋਟ 13 ਨਵੰਬਰ। ਕਹਿੰਦੇ ਹਨ ਕਿ ਕਿਸਮਤ ਬਦਲਦਿਆਂ ਦੇਰ ਨਹੀਂ ਲੱਗਦੀ। ਅਜਿਹਾ ਹੀ ਕੁਝ ਕੋਟਕਪੂਰਾ ਦੇ ਇੱਕ ਮਜ਼ਦੂਰ ਪਰਿਵਾਰ ਨਾਲ ਹੋਇਆ ਹੈ, ਜਿਸ ਦੀ ਕਿਸਮਤ ਸਿਰਫ਼ 7 ਰੁਪਏ ਦੀ ਲਾਟਰੀ ਟਿਕਟ ਨੇ ਚਮਕਾ ਦਿੱਤੀ। ਸਿੱਕਮ ਸਰਕਾਰ ਦੀ ਲਾਟਰੀ ਵਿੱਚ ਪਰਿਵਾਰ ਦੀ ਮਹਿਲਾ ਬਿਮਲਾ ਦੇਵੀ ਨੇ 1 ਕਰੋੜ ਰੁਪਏ ਦਾ ਇਨਾਮ ਜਿੱਤਿਆ ਹੈ। ਇਹ ਖ਼ਬਰ ਸਾਹਮਣੇ ਆਉਂਦਿਆਂ ਹੀ ਪਰਿਵਾਰ ਵਿੱਚ ਖ਼ੁਸ਼ੀ ਦੀ ਲਹਿਰ ਦੌੜ ਗਈ ਅਤੇ ਆਸ-ਪਾਸ ਦੇ ਲੋਕਾਂ ਨੇ ਵੀ ਪਰਿਵਾਰ ਨੂੰ ਵਧਾਈਆਂ ਦਿੱਤੀਆਂ। ਪਰਿਵਾਰ ਨੇ ਲਾਟਰੀ ਦੀ ਇਹ ਟਿਕਟ ਇੱਕ ਦਿਨ ਪਹਿਲਾਂ ਹੀ ਰੇਲਵੇ ਸਟੇਸ਼ਨ ਨੇੜੇ ਸਥਿਤ ਸਟਾਰ ਲਾਟਰੀ ਸਟਾਲ ਤੋਂ ਖਰੀਦੀ ਸੀ। ਜਾਣਕਾਰੀ ਅਨੁਸਾਰ, ਬਿਮਲਾ ਦੇਵੀ ਦੇ ਪਤੀ ਮਜ਼ਦੂਰੀ ਕਰ ਕੇ ਪਰਿਵਾਰ ਦਾ ਪਾਲਣ-ਪੋਸ਼ਣ ਕਰਦੇ ਹਨ। ਬਿਮਲਾ ਦੇਵੀ ਸ਼ਾਮ ਵੇਲੇ ਰੇਲਵੇ ਰੋਡ 'ਤੇ ਕੁਝ ਸਾਮਾਨ ਖਰੀਦਣ ਆਏ ਸਨ। ਇਸੇ ਦੌਰਾਨ ਉਨ੍ਹਾਂ ਦਾ ਲਾਟਰੀ ਦੀ ਟਿਕਟ ਖਰੀਦਣ ਦਾ ਮਨ ਬਣਿਆ ਅਤੇ ਉਨ੍ਹਾਂ ਨੇ ਸਟਾਰ ਲਾਟਰੀ ਸਟਾਲ ਤੋਂ ਸਿਰਫ਼ 7 ਰੁਪਏ ਦੀ ਇੱਕ ਟਿਕਟ ਖਰੀਦ ਲਈ। ਉਸ ਸਮੇਂ ਉਨ੍ਹਾਂ ਨੂੰ ਬਿਲਕੁਲ ਵੀ ਅੰਦਾਜ਼ਾ ਨਹੀਂ ਸੀ ਕਿ ਇਹ ਛੋਟਾ ਜਿਹਾ ਫ਼ੈਸਲਾ ਉਨ੍ਹਾਂ ਦੇ ਪਰਿਵਾਰ ਦੀ ਜ਼ਿੰਦਗੀ ਵਿੱਚ ਇੰਨੀ ਵੱਡੀ ਖ਼ੁਸ਼ੀ ਲੈ ਕੇ ਆਵੇਗਾ। ਅਗਲੇ ਦਿਨ ਸ਼ਾਮ ਨੂੰ ਜਦੋਂ ਲਾਟਰੀ ਦਾ ਨਤੀਜਾ ਐਲਾਨਿਆ ਗਿਆ ਤਾਂ ਉਨ੍ਹਾਂ ਦੀ ਟਿਕਟ 'ਤੇ 1 ਕਰੋੜ ਰੁਪਏ ਦਾ ਇਨਾਮ ਨਿਕਲਿਆ। ਲਾਟਰੀ ਸਟਾਲ ਦੇ ਸੰਚਾਲਕ ਨਰੇਸ਼ ਮੋਂਗਾ ਨੇ ਪਰਿਵਾਰ ਨੂੰ ਇਸ ਬਾਰੇ ਜਾਣਕਾਰੀ ਦਿੱਤੀ। ਇਹ ਖ਼ਬਰ ਸੁਣਦਿਆਂ ਹੀ ਪਰਿਵਾਰ ਦੀ ਖ਼ੁਸ਼ੀ ਦਾ ਕੋਈ ਟਿਕਾਣਾ ਨਾ ਰਿਹਾ। ਪਰਿਵਾਰ ਦੇ ਮੈਂਬਰ ਤੁਰੰਤ ਲਾਟਰੀ ਸਟਾਲ 'ਤੇ ਪਹੁੰਚੇ, ਜਿੱਥੇ ਦੁਕਾਨਦਾਰ ਨੇ ਉਨ੍ਹਾਂ ਦਾ ਮੂੰਹ ਮਿੱਠਾ ਕਰਵਾ ਕੇ ਖ਼ੁਸ਼ੀ ਸਾਂਝੀ ਕੀਤੀ। ਇਸ ਮੌਕੇ ਭੰਗੜਾ ਪਾ ਕੇ ਵੀ ਜਿੱਤ ਦਾ ਜਸ਼ਨ ਮਨਾਇਆ ਗਿਆ। ਬਿਮਲਾ ਦੇਵੀ ਨੇ



ਦੱਸਿਆ ਕਿ ਇਸ ਇਨਾਮ ਨਾਲ ਉਨ੍ਹਾਂ ਦੇ ਪਰਿਵਾਰ ਦੀਆਂ ਆਰਥਿਕ ਮੁਸ਼ਕਲਾਂ ਕਾਫ਼ੀ ਹੱਦ ਤੱਕ ਦੂਰ ਹੋ ਸਕਣਗੀਆਂ। ਉਨ੍ਹਾਂ ਕਿਹਾ ਕਿ ਮਜ਼ਦੂਰੀ ਦੀ ਕਮਾਈ ਨਾਲ ਪਰਿਵਾਰ ਦਾ ਗੁਜ਼ਾਰਾ ਕਰਨਾ ਆਸਾਨ ਨਹੀਂ ਸੀ, ਪਰ ਹੁਣ ਬੱਚਿਆਂ ਦੀ ਪਰਵਰਿਸ਼ ਅਤੇ ਉਨ੍ਹਾਂ ਦੇ ਭਵਿੱਖ ਨੂੰ ਬਿਹਤਰ ਬਣਾਉਣ ਦੀ ਉਮੀਦ ਜਾਗੀ ਹੈ। ਉਨ੍ਹਾਂ ਦੱਸਿਆ ਕਿ ਹਾਲੇ ਤੱਕ ਪਰਿਵਾਰ ਨੇ ਇਨਾਮ ਦੀ ਰਕਮ ਖ਼ਰਚ ਕਰਨ ਸਬੰਧੀ ਕੋਈ ਅੰਤਿਮ ਫ਼ੈਸਲਾ ਨਹੀਂ ਲਿਆ ਹੈ। ਪਰਿਵਾਰ ਦੇ ਮੈਂਬਰਾਂ ਨਾਲ ਵਿਚਾਰ-ਵਟਾਂਦਰਾ ਕਰਨ ਤੋਂ ਬਾਅਦ ਬੱਚਿਆਂ ਦੇ ਭਵਿੱਖ ਨੂੰ ਧਿਆਨ ਵਿੱਚ ਰੱਖਦਿਆਂ ਕੋਈ ਛੋਟਾ ਕਾਰੋਬਾਰ ਸ਼ੁਰੂ ਕਰਨ ਦੀ ਯੋਜਨਾ ਬਣਾਈ ਜਾਵੇਗੀ। ਇਸ ਨਾਲ ਪਰਿਵਾਰ ਦੀ ਆਰਥਿਕ ਸਥਿਤੀ ਮਜ਼ਬੂਤ ਹੋ ਸਕੇਗੀ ਅਤੇ ਬੱਚਿਆਂ ਨੂੰ ਬਿਹਤਰ ਭਵਿੱਖ ਮਿਲਣ ਦੀ ਉਮੀਦ ਹੈ। ਸਟਾਰ ਲਾਟਰੀ ਸਟਾਲ ਦੇ ਸੰਚਾਲਕ ਨਰੇਸ਼ ਮੋਂਗਾ ਨੇ ਦੱਸਿਆ ਕਿ ਉਹ ਪਿਛਲੇ ਛੇ ਮਹੀਨਿਆਂ ਤੋਂ ਲਾਟਰੀ ਦਾ ਕੰਮ ਕਰ ਰਹੇ ਹਨ। ਕੁਝ ਸਮਾਂ ਪਹਿਲਾਂ ਹੀ ਉਨ੍ਹਾਂ ਨੇ ਆਪਣੀ ਦੁਕਾਨ ਰੇਲਵੇ ਸਟੇਸ਼ਨ ਨੇੜੇ ਤਬਦੀਲ ਕੀਤੀ ਸੀ। ਉਨ੍ਹਾਂ ਕਿਹਾ ਕਿ ਇਸ ਤੋਂ ਪਹਿਲਾਂ ਵੀ ਉਨ੍ਹਾਂ ਦੀ ਦੁਕਾਨ ਤੋਂ ਲੱਖਾਂ ਰੁਪਏ ਦੇ ਕਈ ਇਨਾਮ ਨਿਕਲ ਚੁੱਕੇ ਹਨ, ਪਰ ਪਹਿਲੀ ਵਾਰ ਉਨ੍ਹਾਂ ਦੀ ਦੁਕਾਨ ਤੋਂ 1 ਕਰੋੜ ਰੁਪਏ ਦਾ ਇਨਾਮ ਨਿਕਲਿਆ ਹੈ। ਨਰੇਸ਼ ਮੋਂਗਾ ਨੇ ਕਿਹਾ ਕਿ ਇੱਕ ਮਜ਼ਦੂਰ ਪਰਿਵਾਰ ਵੱਲੋਂ ਇੰਨੀ ਵੱਡੀ ਰਕਮ ਜਿੱਤਣਾ ਬੇਹੱਦ ਖ਼ੁਸ਼ੀ ਦੀ ਗੱਲ ਹੈ। ਉਨ੍ਹਾਂ ਨੇ ਬਿਮਲਾ ਦੇਵੀ ਅਤੇ ਉਨ੍ਹਾਂ ਦੇ ਪਰਿਵਾਰ ਨੂੰ ਇਸ ਸ਼ਾਨਦਾਰ ਜਿੱਤ ਲਈ ਵਧਾਈ ਦਿੱਤੀ। ਇਸ ਜਿੱਤ ਤੋਂ ਬਾਅਦ ਇਲਾਕੇ ਵਿੱਚ ਵੀ ਇਸ ਦੀ ਕਾਫ਼ੀ ਚਰਚਾ ਹੋ ਰਹੀ ਹੈ ਅਤੇ ਲੋਕ ਪਰਿਵਾਰ ਨੂੰ ਸ਼ੁਭਕਾਮਨਾਵਾਂ ਦੇ ਰਹੇ ਹਨ। ਸਿਰਫ਼ 7 ਰੁਪਏ ਦੀ ਟਿਕਟ ਨਾਲ 1 ਕਰੋੜ ਰੁਪਏ ਦਾ ਇਨਾਮ ਜਿੱਤਣ ਦੀ ਇਹ ਘਟਨਾ ਪੂਰੇ ਇਲਾਕੇ ਵਿੱਚ ਖਿੱਚ ਦਾ ਕੇਂਦਰ ਬਣੀ ਹੋਈ ਹੈ।

ਪੁਲਸ ਨੇ ਪਿੰਡ ਮੱਬੋ ਕੇ ਨੇੜਿਓਂ 1 ਕਿੱਲੋ ਤੋਂ ਵੱਧ ਹੈਰੋਇਨ ਕੀਤੀ ਬਰਾਮਦ

ਫਿਰੋਜ਼ਪੁਰ 13 ਨਵੰਬਰ। ਥਾਣਾ ਮਮਦੋਟ ਦੀ ਪੁਲਸ ਨੂੰ ਉਸ ਸਮੇਂ ਸਫ਼ਲਤਾ ਮਿਲੀ, ਜਦੋਂ ਗਸ਼ਤ ਅਤੇ ਚੈਕਿੰਗ ਦੌਰਾਨ ਪੁਲਸ ਨੂੰ ਪਿੰਡ ਮੱਬੋ ਕੇ ਨੇੜੇ ਖੇਤਾਂ ਵਿੱਚੋਂ ਭਾਰੀ ਮਾਤਰਾ 'ਚ ਨਸ਼ੀਲਾ ਪਦਾਰਥ ਬਰਾਮਦ ਹੋਇਆ। ਪੁਲਸ ਨੇ ਮੌਕੇ ਤੋਂ ਕੁੱਲ 1044 ਗ੍ਰਾਮ ਹੈਰੋਇਨ ਬਰਾਮਦ ਕਰਕੇ ਅਣਪਛਾਤੇ ਵਿਅਕਤੀ ਖ਼?ਲਾਫ਼ ਮਾਮਲਾ ਦਰਜ ਕੀਤਾ ਹੈ। ਥਾਣਾ ਮਮਦੋਟ ਦੇ ਏ. ਐੱਸ. ਆਈ. ਹਰਕੀਰਤ ਸਿੰਘ ਨੇ ਦੱਸਿਆ ਕਿ ਉਹ ਆਪਣੇ ਸਾਥੀ ਕਰਮਚਾਰੀਆਂ ਸਮੇਤ ਇਲਾਕੇ ਵਿਚ ਸ਼ੱਕੀ ਪੁਰਸ਼ਾਂ ਦੀ ਚੈਕਿੰਗ ਅਤੇ ਗਸ਼ਤ ਲਈ ਰਵਾਨਾ ਹੋਏ ਸਨ। ਗਸ਼ਤ ਦੌਰਾਨ ਉਸ ਨੂੰ ਫ਼ੋਨ 'ਤੇ ਸੂਚਨਾ ਮਿਲੀ ਕਿ ਪਿੰਡ ਮੱਬੋ ਕੇ ਦੇ ਨੇੜੇ ਖੇਤਾਂ ਵਿਚ ਲਵਾਰਿਸ ਹਾਲਤ ਵਿਚ ਨਸ਼ਾ ਪਿਆ ਹੈ। ਸੂਚਨਾ ਮਿਲਦਿਆਂ ਹੀ ਪੁਲਸ ਪਾਰਟੀ ਨੇ ਮੌਕੇ 'ਤੇ ਪਹੁੰਚ ਕੇ ਖੇਤਾਂ ਦੀ ਤਲਾਸ਼ੀ ਲਈ, ਜਿੱਥੋਂ ਦੋ ਪੈਕਟਾਂ ਵਿਚ ਹੈਰੋਇਨ ਬਰਾਮਦ ਹੋਈ।

ਸੜਕ ਪਾਰ ਕਰਦਾ ਵਿਅਕਤੀ ਕਾਰ ਦੀ ਲਪੇਟ 'ਚ ਆਇਆ, ਮੌਤ

ਬਠਿੰਡਾ 13 ਨਵੰਬਰ। ਬਠਿੰਡਾ-ਡੱਬਵਾਲੀ ਨੈਸ਼ਨਲ ਹਾਈਵੇ 'ਤੇ ਪਿੰਡ ਗਹਿਰੀ ਬੁੱਟਰ ਨੇੜੇ ਵਾਪਰੇ ਇੱਕ ਭਿਆਨਕ ਸੜਕ ਹਾਦਸੇ 'ਚ ਇੱਕ ਵਿਅਕਤੀ ਦੀ ਦਰਦਨਾਕ ਮੌਤ ਹੋ ਗਈ। ਦੱਸਿਆ ਜਾ ਰਿਹਾ ਹੈ ਕਿ ਸੜਕ ਪਾਰ ਕਰ ਰਹੇ ਵਿਅਕਤੀ ਨੂੰ ਤੇਜ਼ ਰਫ਼ਤਾਰ ਕਾਰ ਨੇ ਆਪਣੀ ਲਪੇਟ 'ਚ ਲੈ ਲਿਆ, ਜਿਸ ਕਾਰਨ ਉਸ ਨੇ ਮੌਕੇ 'ਤੇ ਹੀ ਦਮ ਤੋੜ ਦਿੱਤਾ। ਇਸ ਹਾਦਸੇ ਕਾਰਨ ਇਲਾਕੇ 'ਚ ਸੋਗ ਦੀ ਲਹਿਰ ਫੈਲ ਗਈ। ਪ੍ਰਾਪਤ ਜਾਣਕਾਰੀ ਅਨੁਸਾਰ ਪਿੰਡ ਗਹਿਰੀ ਬੁੱਟਰ ਦਾ ਰਹਿਣ ਵਾਲਾ ਗੋਰਾ ਸਿੰਘ (42) ਪੁੱਤਰ ਮਿੱਠਾ ਸਿੰਘ ਸਵੇਰੇ ਬਠਿੰਡਾ-ਡੱਬਵਾਲੀ ਨੈਸ਼ਨਲ ਹਾਈਵੇ 'ਤੇ ਸੜਕ ਪਾਰ ਕਰ ਰਿਹਾ ਸੀ। ਇਸੇ ਦੌਰਾਨ ਤੇਜ਼ ਰਫ਼ਤਾਰ ਨੇ ਉਸ ਨੂੰ ਜ਼ੋਰਦਾਰ ਟੱਕਰ ਮਾਰ ਦਿੱਤੀ। ਟੱਕਰ ਇੰਨੀ ਭਿਆਨਕ ਸੀ ਕਿ ਵਿਅਕਤੀ ਗੰਭੀਰ ਰੂਪ 'ਚ ਜ਼ਖ਼ਮੀ ਹੋ ਗਿਆ ਅਤੇ ਹਾਦਸੇ ਦੀ ਗੰਭੀਰਤਾ ਕਾਰਨ ਉਸ ਦੀ ਮੌਕੇ 'ਤੇ ਹੀ ਮੌਤ ਹੋ ਗਈ। ਘਟਨਾ ਦੀ ਸੂਚਨਾ ਮਿਲਣ 'ਤੇ ਸੰਗਤ ਸਹਾਰਾ ਦੀ ਟੀਮ ਦੇ ਵਲੰਟੀਅਰ ਸਿਕੰਦਰ ਕੁਮਾਰ ਮਛਾਣਾ ਤੁਰੰਤ ਮੌਕੇ 'ਤੇ ਪਹੁੰਚੇ। ਉਨ੍ਹਾਂ ਨੇ ਪੁਲਸ ਦੀ ਮੌਜੂਦਗੀ 'ਚ ਲੋੜੀਂਦੀ ਕਾਰਵਾਈ ਕਰਦਿਆਂ ਮ੍ਰਿਤਕ ਦੀ ਲਾਸ਼ ਨੂੰ ਚੁੱਕ ਕੇ ਸਿਵਲ ਹਸਪਤਾਲ ਬਠਿੰਡਾ ਪਹੁੰਚਾਇਆ, ਜਿੱਥੇ ਲਾਸ਼ ਨੂੰ ਹਸਪਤਾਲ ਦੇ ਮੁਰਦਾਘਰ ਵਿੱਚ ਰਖਵਾਇਆ ਗਿਆ। ਮ੍ਰਿਤਕ ਦੀ ਪਛਾਣ ਗੋਰਾ ਸਿੰਘ ਪੁੱਤਰ ਮਿੱਠਾ ਸਿੰਘ ਵਾਸੀ ਪਿੰਡ ਗਹਿਰੀ ਬੁੱਟਰ ਵਜੋਂ ਹੋਈ ਹੈ। ਇੱਕ ਸੜਕ ਹਾਦਸੇ 'ਚ ਪਰਿਵਾਰ ਦੇ ਮੈਂਬਰ ਦੀ ਅਚਾਨਕ ਮੌਤ ਹੋਣ ਕਾਰਨ ਪਰਿਵਾਰ 'ਤੇ ਦੁੱਖਾਂ ਦਾ ਪਹਾੜ ਟੁੱਟ ਪਿਆ। ਮੁੱਢਲੀ ਜਾਣਕਾਰੀ ਅਨੁਸਾਰ ਹਾਦਸਾ ਉਸ ਸਮੇਂ ਵਾਪਰਿਆ ਜਦੋਂ ਗੋਰਾ ਸਿੰਘ ਸੜਕ ਪਾਰ ਕਰ ਰਿਹਾ ਸੀ ਅਤੇ ਇਸ ਦੌਰਾਨ ਕਾਰ ਦੀ ਲਪੇਟ 'ਚ ਆ ਗਿਆ। ਹਾਲਾਂਕਿ ਹਾਦਸਾ ਕਿਹੜੇ ਹਾਲਾਤ 'ਚ ਵਾਪਰਿਆ ਅਤੇ ਇਸ ਪਿੱਛੇ ਅਸਲ ਕਾਰਨ ਕੀ ਰਹੇ, ਇਸ ਬਾਰੇ ਪੁਲਿਸ ਜਾਂਚ ਤੋਂ ਬਾਅਦ ਹੀ ਸਪੱਸ਼ਟ ਹੋ ਸਕੇਗਾ।

ਸੁਨਾਮ ਊਧਮ ਸਿੰਘ ਵਾਲਾ 'ਚ ਵਾਪਰੇ ਸੜਕ ਹਾਦਸੇ 'ਚ ਮਜ਼ਦੂਰ ਦੀ ਮੌਤ

ਸੁਨਾਮ ਊਧਮ ਸਿੰਘ ਵਾਲਾ 13 ਨਵੰਬਰ। ਪਿੰਡ ਬੀਰ ਕਲਾਂ ਅਤੇ ਬੀਰ ਖੁਰਦ ਵਿਚਕਾਰ ਹੋਏ ਸੜਕ ਹਾਦਸੇ 'ਚ ਇਕ ਮਜ਼ਦੂਰ ਦੀ ਮੌਤ ਹੋਣ ਦੀ ਖਬਰ ਹੈ। ਸਥਾਨਕ ਸ਼ਹੀਦ ਊਧਮ ਸਿੰਘ ਸਿਵਲ ਹਸਪਤਾਲ ਵਿਖੇ ਮ੍ਰਿਤਕ ਦੇ ਪੋਸਟਮਾਰਟਮ ਸਮੇ ਜਾਣਕਾਰੀ ਦਿੰਦਿਆਂ ਪੁਲਸ ਥਾਣਾ ਚੀਮਾ ਦੇ ਸਹਾਇਕ ਥਾਣੇਦਾਰ ਨੇਕ ਸਿੰਘ ਨੇ ਦੱਸਿਆ ਕਿ ਮਿਹਨਤ ਮਜ਼ਦੂਰੀ ਕਰ ਕੇ ਆਪਣਾ ਪਰਿਵਾਰ ਪਾਲ ਰਹੇ ਗੁਰਤੇਜ ਸਿੰਘ (50) ਪੁੱਤਰ ਨਛੱਤਰ ਸਿੰਘ ਵਾਸੀ ਪਿੰਡ ਬੀਰ ਖੁਰਦ ਜ਼ਿਲਾ ਮਾਨਸਾ ਕੰਮ ਧੰਦੇ ਤੋਂ ਵਿਹਲਾ ਹੋ ਕੇ ਮੋਟਰਸਾਈਕਲ 'ਤੇ ਘਰ ਪਰਤ ਰਿਹਾ ਸੀ। ਪਿੰਡ ਬੀਰ ਕਲਾਂ ਤੋਂ ਬੀਰ ਖੁਰਦ ਨੂੰ ਜਾਂਦੀ ਸੜਕ 'ਤੇ ਅੱਗਿਓਂ ਆ ਰਹੇ ਇਕ ਟਰੈਕਟਰ ਟਰਾਲੀ ਨੇ ਉਸ ਨੂੰ ਆਪਣੀ ਲਪੇਟ 'ਚ ਲੈ ਲਿਆ। ਜਿਸ ਕਾਰਨ ਗੁਰਤੇਜ ਸਿੰਘ ਗੰਭੀਰ ਜ਼ਖ਼ਮੀ ਹੋ ਗਿਆ। ਜਿਸ ਨੂੰ ਇਲਾਜ ਲਈ ਸੁਨਾਮ ਹਸਪਤਾਲ ਲਿਜਾਇਆ ਗਿਆ, ਜਿੱਥੇ ਉਸ ਦੀ ਮੌਤ ਹੋ ਗਈ। ਸਹਾਇਕ ਥਾਣੇਦਾਰ ਨੇਕ ਸਿੰਘ ਨੇ ਦੱਸਿਆ ਕਿ ਪੁਲਸ ਵੱਲੋਂ ਅਜੈਬ ਸਿੰਘ ਤੇ ਮ੍ਰਿਤਕ ਦੀ ਜਗਸੀਰ ਸਿੰਘ ਵਾਸੀ ਪਿੰਡ ਬੀਰ ਕਲਾਂ ਖਿਲਾਫ ਮਾਮਲਾ ਦਰਜ ਕਰ ਕੇ ਅਗਲੀ ਕਾਰਵਾਈ ਆਰੰਭ ਕਰ ਦਿੱਤੀ ਗਈ ਹੈ।

ਵਿਆਹੁਤਾ ਕੋਲੋਂ ਹੋਰ ਦਾਜ ਦੀ ਮੰਗ ਕਰਨ 'ਤੇ ਕੁੱਟਮਾਰ ਕਰਕੇ ਘਰੋਂ ਕੱਢਿਆ

ਫ਼ਿਰੋਜ਼ਪੁਰ 13 ਨਵੰਬਰ। ਇਕ ਵਿਆਹੁਤਾ ਕੋਲੋਂ ਹੋਰ ਦਾਜ ਮੰਗਣ ਤੇ ਤੰਗ-ਪਰੇਸ਼ਾਨ ਕਰਕੇ ਉਸ ਦੀ ਕੁੱਟਮਾਰ ਕਰਕੇ ਘਰੋਂ ਕੱਢਣ ਦੇ ਦੋਸ਼ ਵਿਚ ਥਾਣਾ ਵੂਮੈਨ ਫਿਰੋਜ਼ਪੁਰ ਪੁਲਸ ਨੇ ਵਿਆਹੁਤਾ ਦੇ ਪਤੀ, ਸੱਸ ਅਤੇ ਸਹੁਰੇ ਖ਼?ਲਾਫ਼ ਮਾਮਲਾ ਦਰਜ ਕੀਤਾ ਹੈ। ਪੁਲਸ ਨੂੰ ਦਿੱਤੇ ਬਿਆਨਾਂ ਵਿਚ ਵਿਆਹੁਤਾ ਅਮਨਦੀਪ ਕੌਰ ਪਤਨੀ ਹਰਜਾਪ ਸਿੰਘ ਨੇ ਦੱਸਿਆ ਕਿ ਉਸ ਦਾ ਵਿਆਹ ਸਾਲ 2024 ਵਿਚ ਹਰਜਾਪ ਸਿੰਘ ਪੁੱਤਰ ਪੂਰਨ ਸਿੰਘ ਵਾਸੀ ਬਸਤੀ ਨੱਥੋਸ਼ਾਹ ਵਾਲੀ ਫਿਰੋਜ਼ਪੁਰ ਨਾਲ ਹੋਇਆ ਸੀ। ਵਿਆਹ ਸਮੇਂ ਉਸ ਦੇ ਮਾਤਾ-ਪਿਤਾ ਨੇ ਆਪਣੀ ਹੈਸੀਅਤ ਤੋਂ ਵੱਧ ਕੇ ਦਾਜ ਦਿੱਤਾ ਸੀ। ਪਰ ਪਤੀ ਹਰਜਾਪ ਸਿੰਘ, ਸੱਸ ਸੁਰਜੀਤ ਕੌਰ ਅਤੇ ਸਹੁਰਾ ਪੂਰਨ ਸਿੰਘ ਇਸ ਦਾਜ ਤੋਂ ਖ਼ੁਸ਼ ਨਹੀਂ ਸਨ। ਵਿਆਹੁਤਾ ਨੇ ਦੱਸਿਆ ਕਿ ਉਸ ਦੇ ਸਹੁਰੇ ਪਰਿਵਾਰ ਵੱਲੋਂ ਲਗਾਤਾਰ ਦੇ ਪਰਿਵਾਰ ਨੇ ਹੋਰ ਦਾਜ ਦੇਣ ਤੋਂ ਇਨਕਾਰ ਕੀਤਾ ਤਾਂ ਉਸ ਦੇ ਪਤੀ ਹਰਜਾਪ ਸਿੰਘ, ਸੱਸ ਸੁਰਜੀਤ ਕੌਰ ਅਤੇ ਸਹੁਰਾ ਪੂਰਨ ਸਿੰਘ ਨੇ ਉਸ ਨਾਲ ਕੁੱਟਮਾਰ ਕੀਤੀ ਅਤੇ ਘਰੋਂ ਬਾਹਰ ਕੱਢ ਦਿੱਤਾ।

ਕੌਮੀ ਪਤ੍ਰਿਕਾ

ਮੁੱਖ ਸੰਪਾਦਕ-ਗੁਰਚਰਨ ਸਿੰਘ ਬੱਬਰ, ਸਵਾਮੀ ਪ੍ਰਿੰਟਰ ਪਬਲਿਸ਼ਰ ਅਤੇ ਐਡੀਟਰ ਨੇ ਕੌਮੀ ਪਤ੍ਰਿਕਾ ਪ੍ਰਿੰਟਿੰਗ ਪ੍ਰੈਸ ਏ-144 ਇੰਡਸਟ੍ਰਿਅਲ ਏਰੀਆ ਸੈਕਟਰ ਏ-4, ਟ੍ਰੋਨਿਕਾ ਸਿਟੀ ਲੋਨੀ ਗਾਜ਼ਿਆਬਾਦ ਤੋਂ ਛਪਵਾ ਕੇ 5, ਬਹਾਦੁਰ ਸ਼ਾਹ ਜਫਰ ਮਾਰਗ ਨਵੀਂ ਦਿੱਲੀ-110002 ਤੋਂ ਪ੍ਰਕਾਸ਼ਿਤ ਕੀਤਾ ਹੈ।

Edited Printed Published and Owned by Gurcharan Singh Babbar 5, Bahadur Shah Zafar Marg New Delhi 110002. Printed at Qaumi Patrika Printing Press A-4 Tronica City Loni Ghaziabad

Ph. : 011-41509689, 011-23315814

Mob. : 9971359517, 9312262300

E-mail address: qpatrika@gmail.com

R.N.I. No. 39272/81

Legal Advisors:
Advocate Mohd. Sajid
Advocate Dr. A.P.Singh
Advocate Manish Sharma
Advocate Pooja Bhaskar Sharma

ਅੰਮ੍ਰਿਤਸਰ 'ਚ ਨਸ਼ੇ ਤੇ ਹਥਿਆਰਾਂ ਦੀ ਸਮੱਗਲਿੰਗ ਕਰਨ ਵਾਲੇ ਨੈੱਟਵਰਕ ਦਾ ਪਰਦਾਫਾਸ਼, 3 ਨਾਬਾਲਗਾਂ ਸਣੇ 7 ਗ੍ਰਿਫ਼ਤਾਰ

ਕੌਮੀ ਪੱਤ੍ਰਿਕਾ

ਚੰਡੀਗੜ੍ਹ/ਜਲੰਧਰ 13 ਨਵੰਬਰ। ਅੰਮ੍ਰਿਤਸਰ ਦਿਹਾਤੀ ਪੁਲਸ ਨੇ ਦੋ ਵੱਖ-ਵੱਖ ਕਾਰਵਾਈਆਂ ਦੌਰਾਨ 3 ਨਾਬਾਲਗਾਂ ਸਮੇਤ 7 ਵਿਅਕਤੀਆਂ ਨੂੰ ਗ੍ਰਿਫ਼ਤਾਰ ਕਰਕੇ ਇਕ ਹੈਂਡ ਗ੍ਰੇਨੇਡ, ਦੋ .30 ਬੋਰ ਦੇ ਪਿਸਤੌਲ, 29 ਕਾਰਤੂਸ ਤੇ 3.4 ਕਿੱਲੋ ਹੈਰੋਇਨ ਬਰਾਮਦ ਕੀਤੀ ਹੈ। ਡੀ. ਜੀ. ਪੀ. ਗੌਰਵ ਯਾਦਵ ਨੇ ਦੱਸਿਆ ਕਿ ਪਹਿਲੀ ਕਾਰਵਾਈ 'ਚ ਗ੍ਰਿਫ਼ਤਾਰ ਮੁਲਜ਼ਮਾਂ ਦੀ ਪਛਾਣ ਅਜੇ (28), ਨਿਵਾਸੀ ਮੂੜ੍ਹ ਖੋਖਰ ਅਤੇ ਰੌਬਿਨ ਮਸੀਹ ਉਰਫ਼ ਨੋਨੀ (22), ਨਿਵਾਸੀ ਸੁਲਤਾਨਵਿੰਡ ਵਜੋਂ ਹੋਈ ਹੈ। ਦੂਜੀ ਕਾਰਵਾਈ 'ਚ ਤਿੰਨ ਨਾਬਾਲਗਾਂ ਸਮੇਤ ਗੁਰਲਾਲ ਸਿੰਘ (20) ਅਤੇ ਰਸ਼ਪਾਲ ਸਿੰਘ (18), ਦੋਵੇਂ ਨਿਵਾਸੀ ਲੋਪੋਕੇ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਇਸ ਤੋਂ ਇਲਾਵਾ ਪੁਲਸ ਟੀਮਾਂ ਨੇ ਉਨ੍ਹਾਂ ਦਾ ਬਿਨਾਂ ਰਜਿਸਟ?ਰੇਸ਼ਨ ਵਾਲਾ ਇਕ ਮੋਟਰਸਾਈਕਲ ਵੀ ਜ਼ਬਤ ਕੀਤਾ ਹੈ। ਗ੍ਰਿਫ਼ਤਾਰ ਮੁਲਜ਼ਮ ਕਥਿਤ ਤੌਰ 'ਤੇ ਵਿਦੇਸ਼ 'ਚ ਬੈਠੇ ਸਮੱਗਲਰਾਂ ਦੇ ਨਿਰਦੇਸ਼ਾਂ 'ਤੇ ਹਥਿਆਰਾਂ ਦੀ ਸਮੱਗਲਿੰਗ ਕਰਕੇ ਉਨ੍ਹਾਂ ਦੀ ਅੱਗੇ ਸਪਲਾਈ ਕਰ ਰਹੇ ਸਨ। ਆਈ. ਜੀ. ਬਾਰਡਰ ਰੇਂਜ ਗੁਰਪ੍ਰੀਤ ਸਿੰਘ ਭੁੱਲਰ ਨੇ ਦੱਸਿਆ ਕਿ ਅੰਮ੍ਰਿਤਸਰ ਦਿਹਾਤੀ ਪੁਲਸ ਨੂੰ ਪੁਖ਼ਤਾ ਸੂਚਨਾ ਮਿਲੀ ਸੀ ਕਿ ਅਜੇ ਨਾਂ ਦੇ ਇਕ ਸ਼ੱਕੀ ਵਿਅਕਤੀ ਨੇ ਵਿਦੇਸ਼ 'ਚ ਬੈਠੇ ਗੈਂਗਸਟਰਾਂ ਦੇ ਨਿਰਦੇਸ਼ਾਂ 'ਤੇ ਸਰਹੱਦ ਪਾਰੋਂ ਡਰੋਨ ਰਾਹੀਂ ਸੁੱਟੀ



ਗਈ ਹੈਰੋਇਨ ਅਤੇ ਅਸਲੇ ਦੀ ਖੇਪ ਪ੍ਰਾਪਤ ਕੀਤੀ ਹੈ, ਤਾਂ ਜੋ ਇਨ੍ਹਾਂ ਦੀ ਅੱਗੇ ਸਪਲਾਈ ਕੀਤੀ ਜਾ ਸਕੇ। ਸੂਚਨਾ ਮਿਲਦੇ ਸਾਰ ਹੀ ਪੁਲਸ ਨੇ ਇਕ ਕੇਂਦਰੀ ਏਜੰਸੀ ਨਾਲ ਤਾਲਮੇਲ ਕਾਇਮ ਕਰਕੇ ਮਾਨਾਂਵਾਲਾ ਖੇਤਰ 'ਚ ਵਿਸ਼ੇਸ਼ ਨਾਕੇਬੰਦੀ ਕੀਤੀ। ਇਸ ਦੌਰਾਨ ਮੋਟਰਸਾਈਕਲ 'ਤੇ ਜਾ ਰਹੇ ਅਜੇ ਅਤੇ ਉਸ ਦੇ ਸਾਥੀ ਰੌਬਿਨ ਮਸੀਹ ਨੂੰ ਕਾਬੂ ਕਰ ਲਿਆ ਗਿਆ। ਮੋਟਰਸਾਈਕਲ 'ਤੇ ਪਿੱਛੇ ਬੈਠੇ ਅਜੇ ਕੋਲ ਮੌਜੂਦ ਬੈਗ ਦੀ ਤਲਾਸ਼ੀ ਲੈਣ 'ਤੇ 3.4 ਕਿੱਲੋਗ੍ਰਾਮ ਹੈਰੋਇਨ ਅਤੇ ਇਕ .30 ਬੋਰ ਪਿਸਤੌਲ ਸਮੇਤ 19 ਜ਼ਿੰਦਾ ਕਾਰਤੂਸ ਬਰਾਮਦ ਕੀਤੇ ਗਏ। ਦੂਜੀ ਕਾਰਵਾਈ ਬਾਰੇ ਉਨ੍ਹਾਂ ਦੱਸਿਆ ਕਿ ਦੁਸਹਿਰੇ ਦੇ ਤਿਉਹਾਰ 'ਤੇ ਗਸ਼ਤ ਦੌਰਾਨ ਸੀ. ਆਈ. ਏ. ਅਤੇ ਥਾਣਾ ਲੋਪੋਕੇ ਦੇ ਐੱਸ. ਐੱਚ. ਓ. ਦੀ ਸਾਂਝੀ ਟੀਮ ਨੂੰ ਸੂਚਨਾ ਮਿਲੀ ਸੀ ਕਿ ਸਰਹੱਦ ਪਾਰੋਂ ਸਮੱਗਲਿੰਗ ਕਰਨ ਵਾਲਾ ਇਕ ਵਿਅਕਤੀ ਸਥਾਨਕ ਨੌਜਵਾਨਾਂ ਰਾਹੀਂ ਹਥਿਆਰਾਂ ਅਤੇ ਧਮਾਕਾਖੇਜ਼ ਪਦਾਰਥਾਂ ਦੀ ਖੇਪ ਭੇਜ ਰਿਹਾ ਹੈ। ਇਸ 'ਤੇ ਪੁਲਸ ਨੇ ਜਾਂਚ ਦੌਰਾਨ ਇਸ ਗਰੁੱਪ ਨੂੰ ਹਿਰਾਸਤ 'ਚ ਲਿਆ। ਮੁਲਜ਼ਮਾਂ ਦੇ ਕਬਜ਼ੇ 'ਚੋਂ ਇਕ ਹੈਂਡ ਗ੍ਰੇਨੇਡ ਅਤੇ ਇਕ .30 ਬੋਰ ਦੇ ਪਿਸਤੌਲ ਸਮੇਤ 10 ਜ਼ਿੰਦਾ ਕਾਰਤੂਸ ਬਰਾਮਦ ਕੀਤੇ ਗਏ। ਅੰਮ੍ਰਿਤਸਰ ਦਿਹਾਤੀ ਦੇ ਐੱਸ. ਐੱਸ. ਪੀ. ਕੰਵਲਪ੍ਰੀਤ ਸਿੰਘ ਚਾਹਲ ਨੇ ਦੱਸਿਆ ਕਿ ਮੁਲਜ਼ਮ ਅਜੇ ਨਸ਼ੇ ਦਾ ਆਦੀ ਹੈ ਅਤੇ ਇਕ ਆਦਤਨ ਅਪਰਾਧੀ ਹੈ। ਇਸ ਸਬੰਧ 'ਚ 2 ਵੱਖ-ਵੱਖ ਮਾਮਲੇ ਥਾਣਾ ਚਾਟੀਵਿੰਡ ਅਤੇ ਥਾਣਾ ਲੋਪੋਕੇ 'ਚ ਦਰਜ ਕੀਤੇ ਗਏ ਹਨ।

ਚੋਰਾਂ ਨੇ ਗੈਸ ਏਜੰਸੀ ਬਰੇਟਾ ਨੂੰ ਬਣਾਇਆ ਨਿਸ਼ਾਨਾ, ਕੰਧ ਪਾੜ ਕੇ ਵੱਡੀ ਗਿਣਤੀ 'ਚ ਸਿਲੰਡਰ ਚੋਰੀ

ਬਰੇਟਾ 13 ਨਵੰਬਰ। ਸ਼ਹਿਰ ਅੰਦਰ ਅਣਪਛਾਤੇ ਚੋਰਾਂ ਨੇ ਬਰੇਟਾ ਸਥਿਤ ਗੈਸ ਏਜੰਸੀ ਦੇ ਗੋਦਾਮ ਨੂੰ ਨਿਸ਼ਾਨਾਂ ਬਣਾਉਂਦਿਆਂ ਉਥੋਂ ਲਗਭਗ ਚਾਰ ਦਰਜਨ ਦੇ ਕਰੀਬ ਗੈਸ ਸਿਲੰਡਰ ਚੋਰੀ ਕਰ ਲਏ। ਚੋਰ ਗੋਦਾਮ ਦੀ ਪਿਛਲੀ ਕੰਧ ਵਿਚ ਪਾੜ ਲਗਾ ਕੇ ਅੰਦਰ ਦਾਖਲ ਹੋਏ ਅਤੇ ਵਾਰਦਾਤ ਨੂੰ ਅੰਜਾਮ ਦੇ ਕੇ ਫਰਾਰ ਹੋ ਗਏ। ਜਾਣਕਾਰੀ ਅਨੁਸਾਰ ਸਵੇਰੇ ਜਦੋਂ ਏਜੰਸੀ ਦੇ ਕਰਮਚਾਰੀ ਗੋਦਾਮ ਖੋਲ੍ਹਣ ਪਹੁੰਚੇ ਤਾਂ ਪਿਛਲੇ ਪਾਸੇ ਕੰਧ ਵਿਚ ਵੱਡਾ ਪਾੜ ਦੇਖ ਕੇ ਉਨ੍ਹਾਂ ਦੇ ਹੋਸ਼ ਉੱਡ ਗਏ। ਅੰਦਰ ਜਾ ਕੇ ਵੇਖਿਆ ਤਾਂ ਭਰੇ ਹੋਏ ਸਿਲੰਡਰਾਂ ਦੀ ਗਿਣਤੀ ਘੱਟ ਸੀ। ਜਾਂਚ ਕਰਨ 'ਤੇ ਲਗਭਗ ਚਾਰ ਦਰਜਨ ਦੇ ਕਰੀਬ ਭਰੇ ਸਿਲੰਡਰ ਗਾਇਬ ਪਾਏ ਗਏ। ਇਸ ਦੀ ਸੂਚਨਾ ਤੁਰੰਤ ਏਜੰਸੀ ਦੇ ਮਾਲਕ ਅਤੇ ਪੁਲਸ ਨੂੰ ਦਿੱਤੀ ਗਈ। ਸੂਚਨਾ ਮਿਲਣ 'ਤੇ ਪੁਲਸ ਪਾਰਟੀ ਮੌਕੇ 'ਤੇ ਪਹੁੰਚੀ ਅਤੇ ਘਟਨਾ ਸਥਾਨ ਦਾ ਮੁਆਇਨਾ ਕੀਤਾ। ਪੁਲਸ ਵੱਲੋਂ ਆਸ-ਪਾਸ ਲੱਗੇ ਸੀਸੀਟੀਵੀ ਕੈਮਰਿਆਂ ਦੀ ਫੁਟੇਜ ਖੰਗਾਲੀ ਜਾ ਰਹੀ ਹੈ ਤਾਂ ਜੋ ਚੋਰਾਂ ਦੀ ਪਛਾਣ ਕੀਤੀ ਜਾ ਸਕੇ। ਪੁਲਸ ਅਧਿਕਾਰੀ ਨੇ ਦੱਸਿਆ ਕਿ ਮਾਮਲੇ ਦੀ ਜਾਂਚ ਜਾਰੀ ਹੈ ਅਤੇ ਜਲਦ ਹੀ ਦੋਸ਼ੀਆਂ ਨੂੰ ਕਾਬੂ ਕਰ ਲਿਆ ਜਾਵੇਗਾ। ਏਜੰਸੀ ਮਾਲਕ ਨੇ ਦੱਸਿਆ ਕਿ ਚੋਰੀ ਹੋਏ ਸਿਲੰਡਰਾਂ ਦੀ ਕੁੱਲ ਕੀਮਤ ਲੱਖਾਂ ਰੁਪਏ ਬਣਦੀ ਹੈ। ਉਨ੍ਹਾਂ ਪੁਲਸ ਪ੍ਰਸ਼ਾਸਨ ਤੋਂ ਮੰਗ ਕੀਤੀ ਕਿ ਚੋਰਾਂ ਨੂੰ ਜਲਦ ਗ੍ਰਿਫ਼ਤਾਰ ਕਰਕੇ ਸਿਲੰਡਰ ਬਰਾਮਦ ਕੀਤੇ ਜਾਣ। ਇਲਾਕਾ ਵਾਸੀਆਂ ਨੇ ਵੀ ਇਲਾਕੇ ਵਿੱਚ ਵਧ ਰਹੀਆਂ ਚੋਰੀ ਦੀਆਂ ਵਾਰਦਾਤਾਂ 'ਤੇ ਚਿੰਤਾ ਪ੍ਰਗਟਾਉਂਦਿਆਂ ਰਾਤ ਦੀ ਪੁਲਸ ਗਸ਼ਤ ਵਧਾਉਣ ਦੀ ਮੰਗ ਕੀਤੀ ਹੈ।

ਪੁੱਤ ਦਿਵਿਤ ਦੀਆਂ ਅਸਥੀਆਂ ਲੈ ਕੇ ਹਰਿਦੁਆਰ ਪਹੁੰਚੇ ਦਿਨੇਸ਼ ਔਲਕ, ਨਾਲ ਰਹੇ ਜੈਜ਼ੀ ਬੀ

ਜਲੰਧਰ 13 ਨਵੰਬਰ। ਪੰਜਾਬੀ ਸੰਗੀਤ ਜਗਤ ਨਾਲ ਜੁੜੀ ਇੱਕ ਦੁਖਦਾਈ ਖ਼ਬਰ ਸਾਹਮਣੇ ਆਈ ਹੈ। ਸਪੀਡ ਰਿਕਾਰਡਸ ਦੇ ਮਾਲਕ ਦਿਨੇਸ਼ ਔਲਕ ਆਪਣੇ ਪੁੱਤਰ ਦਿਵਿਤ ਔਲਕ ਦੀਆਂ ਅਸਥੀਆਂ ਲੈ ਕੇ ਹਰਿਦੁਆਰ ਪਹੁੰਚੇ। ਇਸ ਦੌਰਾਨ ਉਨ੍ਹਾਂ ਨਾਲ ਪੰਜਾਬੀ ਗਾਇਕ ਜੈਜ਼ੀ ਬੀ ਵੀ ਮੌਜੂਦ ਰਹੇ। ਇਸੇ ਵਿਚਕਾਰ ਗਾਇਕ ਜੈਜ਼ੀ ਬੀ ਨੇ ਦਿਵਿਤ ਨੂੰ ਯਾਦ ਕਰਦਿਆਂ ਸੋਸ਼ਲ ਮੀਡੀਆ 'ਤੇ ਇੱਕ ਬੇਹੱਦ ਭਾਵੁਕ ਪੋਸਟ ਸਾਂਝੀ ਕੀਤੀ ਹੈ। ਇਸ ਪੋਸਟ ਵਿੱਚ ਉਨ੍ਹਾਂ ਨੇ ਪਿਛਲੇ 18 ਸਾਲਾਂ ਦੌਰਾਨ ਦਿਵਿਤ ਨਾਲ ਬਿਤਾਏ ਪਲਾਂ ਅਤੇ ਯਾਦਾਂ ਨੂੰ ਸਾਂਝਾ ਕੀਤਾ। ਉਨ੍ਹਾਂ ਦੇ ਸ਼ਬਦਾਂ ਵਿੱਚ ਆਪਣੇ ਪਿਆਰੇ ਪੁੱਤਰ ਨੂੰ ਗੁਆਉਣ ਦਾ ਡੂੰਘਾ ਦਰਦ ਸਾਫ਼ ਝਲਕਦਾ ਹੈ। ਜੈਜ਼ੀ ਬੀ ਨੇ ਆਪਣੀ ਪੋਸਟ ਵਿੱਚ ਲਿਖਿਆ, ਸਾਡੇ ਪਿਆਰੇ ਪੁੱਤਰ ਦਿਵਿਤ ਨਾਲ ਆਖਰੀ ਸਫ਼ਰ। ਤੁਸੀਂ ਹਮੇਸ਼ਾ ਸਾਡੇ ਦਿਲਾਂ ਵਿੱਚ ਜਿਉਂਦੇ ਰਹੋਗੇ। ਪਿਛਲੇ 18 ਸਾਲਾਂ ਦੌਰਾਨ ਤੁਸੀਂ ਸਾਡੇ ਨਾਲ ਜੋ ਵੀ ਯਾਦਾਂ ਬਣਾਈਆਂ ਹਨ, ਅਸੀਂ ਉਨ੍ਹਾਂ ਨੂੰ ਹਮੇਸ਼ਾ ਸਾਂਭ ਕੇ ਰੱਖਾਂਗੇ। ਉਨ੍ਹਾਂ ਨੇ ਅੱਗੇ ਲਿਖਿਆ ਕਿ ਦਿਵਿਤ ਹਮੇਸ਼ਾ ਬਹੁਤ ਊਰਜਾਵਾਨ ਅਤੇ ਸਕਾਰਾਤਮਕ ਸੋਚ ਵਾਲਾ ਇਨਸਾਨ ਰਿਹਾ। ਉਸ ਨੇ ਆਪਣੀ ਮੌਜੂਦਗੀ ਨਾਲ ਦੁਨੀਆ ਭਰ ਦੇ ਕਈ ਲੋਕਾਂ ਦੇ ਦਿਲਾਂ ਨੂੰ ਛੂਹਿਆ। ਗਾਇਕ ਨੇ ਆਪਣੀ ਪੋਸਟ ਦੇ ਅਖੀਰ ਵਿੱਚ ਲਿਖਿਆ, ਅਸੀਂ ਤੁਹਾਨੂੰ ਹਮੇਸ਼ਾ ਪਿਆਰ ਕਰਦੇ ਰਹਾਂਗੇ, ਪੁੱਤਰ। ਵਾਹਿਗੁਰੂ ਤੁਹਾਡੀ ਆਤਮਾ ਨੂੰ ਸ਼ਾਂਤੀ ਬਖ਼ਸ਼ੇ। ਜੈਜ਼ੀ ਬੀ ਦੀ ਇਸ ਭਾਵੁਕ ਪੋਸਟ ਨੇ ਪ੍ਰਸ਼ੰਸਕਾਂ ਅਤੇ ਸੰਗੀਤ ਜਗਤ ਨਾਲ ਜੁੜੇ ਲੋਕਾਂ ਨੂੰ ਵੀ ਭਾਵੁਕ ਕਰ ਦਿੱਤਾ ਹੈ। ਕਈ ਲੋਕ ਇਸ ਦੁੱਖ ਦੀ ਘੜੀ ਵਿੱਚ ਪਰਿਵਾਰ ਨਾਲ ਹਮਦਰਦੀ ਪ੍ਰਗਟ ਕਰ ਰਹੇ ਹਨ।

NAME CHANGE
I, PRITI DAS D/O DALIP KUMAR residing at D-293 J.J COLONY KHYALA, DELHI-110018 . have changed my name to PRITY DASS for all future purposes.

NAME CHANGE
I, S BHASKARA VIJAY KUMAR residing at-H NO-6-225/6, PADMANABHANAGAR, VENKATAPURAM, NEAR RAMALAYAM, VISAKHAPATNAM, ANDHRA PRADESH-530029, have changed my mother's name from SENAPATHI VENKATA RATNAM to SENAPATHI APPALA RATNAM for all future purposes vide Affidavit dated 16/07/2025 before Notary Public, Delhi.

NAME CHANGE
I, SWETA RAI BHUTIA Wife of No. 5458488P Rank-NK Name-TSHERING BHUTIA Presently residing at VILL-DURPIN GUMBA, PO-KALIMPONG, DISTT-KALIMPONG, WEST BENGAL-734301, have changed my name from SWETA RAI BHUTIA to SWETA RAI for all future purposes vide Affidavit dated 16/07/2025 before Notary Public, Delhi.

NAME CHANGE
I, DEEPAK KUMAR VERMA S/O PARTAP SINGH resident of H.No.16, Tara Nagar Main Kakrola Road, Kakrola, South West Delhi, Delhi-110078 have changed the name of my minor daughter SHREYA ALIAS SHREYA VERMA aged 13 years, and she shall hereafter be known as SHREYA VERMA.

NAME CHANGE
I hitherto known as SAMEERA SINGH D/O SUDHIR KUMAR SINGH residing at Flat No.E-1058, River Heights, Raj Nagar, Extension, Tower-15, Ghaziabad, U.P.-201001, have changed my name and shall hereafter be known as SAMEERA SINGH AMETHIA.

NAME CHANGE
I, Sushma D/O Shambu Prasad Dharmana W/O Vinod Kumar R/O B-6 Police Colony Mandir Marg New Delhi 110001 Have changed my name to Sushma Badola for all future purposes.

NAME CHANGE
I Swaran Kaur Sawhney W/o Prith Pal Singh R/o 10C/80 SFS Flats Green View Appartment Mayapuri Road Hari Nagar West Delhi-110064 Have Changed My Name to Swaran Kaur for all purpose.

PUBLIC NOTICE
It is for general information that I, Rahul Vishwakarma S/o H.P. Vishvakarma R/o J-4, Ground Floor Gandhi Market, Mir Dard Road, Minto Road, Indraprastha, Central Delhi, Delhi-110002 declare that name of mine has been wrongly written as Rahul Kumar Vishvakarma in my minor daughter namely Anika Vishvakarma aged 5 years in his School Records. The actual name of mine is Rahul Vishwakarma.

PUBLIC NOTICE
It is for general information that 1 INDU CHAUHAN W/O NARENDER SINGH CHAUHAN R/O N-129/1, T-HUTS, KHILONA BAGH DIST NORTH WEST DELHI-110009 declare that name of mine has been wrongly written as INDU KANWAR in my minor son namely HARSH VARDHAN SINGH CHAUHAN aged 13 years in his school record and birth certificate No. MCDOLIR -2211-005020356. The actual name of mine is INDU CHAUHAN which may be amended accordingly

PUBLIC NOTICE
It is for general information that CHANDER VEER S/O RAM JI LAL R/O Q-157 Vikas Vihar Uttam Nagar West Delhi Delhi-110059 declare that name of mine has been wrongly written as CHANDER PAL in my minor daughter namely KIRTI aged 15 years in her birth certificate No.MCDOLIR-0110-004425168. The actual name of mine is CHANDER VEER which may be amended accordingly

NAME CHANGE
I, hitherto known as ASHISH KUMAR RATHOR S/O PURAN LAL R/O Q-48, RAJEEV NAGAR BEGUM PUR, NORTH WEST DELHI, DELHI-110086, have changed my name and shall hereafter be known as RAZA AHMED.

NAME CHANGE
It is for general information that I ASHISH KUMAR SINHA S/o KHAGEN CHANDRA SINHA R/o House No. 67, Alipur Road, Near Kasturi Ram College, Kureni, North West Delhi, Delhi - 110040, declare that name of my wife and my minor Daughter has been wrongly written as PINKI SINHA and ANUGYA SINHA in my minor Daughter namely ANUGYA aged 16 year in her 10th Class Educational Documents. The actual name of my wife and my minor daughter are PINKI KUMARI and ANUGYA, which may be amended accordingly.

PUBLIC NOTICE
It is for general information that I, BALJEET SINGH S/o GURCHARAN SINGH R/o 12/32, Geeta Colony, East Delhi-110031 declare that name of mine, my wife and my minor daughter has been wrongly written as BALJEET SINGH CHUGH, GURPREET KAUR CHUGH, JASLEEN KAUR CHUGH in my minor daughter JASLEEN KAUR aged 16 years in her 10th class Educational Documents. The actual name of mine, my wife and my minor daughter are BALJEET SINGH, GURPREET KAUR and JASLEEN KAUR respectively, which may be amended accordingly.

NAME CHANGE
I, MOGHAL FATHIMA BAIG Wife of JC-335017L Rank-NB/SUB Name-MOGHAL MOHAMMAD BAIG Presently residing at 9-5-5, ANDHRA RATNA NAGAR, PERALA HIGH SCHOOL, PERALA, CHIRALA PRAKASAM DISTRICT, ANDHRA PRADESH-523157, have changed my name from MOGHAL FATHIMA BAIG to FATHIMA SHAIK for all future purposes vide Affidavit dated 16/07/2025 before First Class Magistrate, Shillong, Meghalaya.

NAME CHANGE
I Jugal Kishor S/o Lila Dhar R/o H.No-196 S/F, Kh.No-619/21, Chattar Pur, South Delhi, Delhi-110074 have changed the name of my minor daughter namely Krishna Devi aged 16 years and she shall hereafter be known as Priya.

NAME CHANGE
I hitherto known as Farman S/o Akeel Ahmed R/o B 272/27, Gali No 4, Subhash Mohalla North Ghonda, Garhi Mendu, Bhajan Pura, North East, Delhi-110053 have changed my name and shall hereafter be known as Farman Ahmed.

NAME CHANGE
I hitherto known as Atif S/o Manzoor Khan R/o 1/99-C, 4F/F, Gali No-5, Guru Harkrishan School Wali Gali, Kabir Nagar, Gokal Pur, North East Delhi, Delhi-110094 have changed my name and shall hereafter be known as Atif Khan.

NAME CHANGE
I hitherto known as Aakash S/o Makan Singh Rawat R/o 2087/5, Gali No.20, Prem Nagar Patel Nagar, Patel Nagar S.O, Central Delhi, Delhi-110008 have changed my name and shall hereafter be known as Akash Rawat.

NAME CHANGE
I hitherto known as Sanam Kumari W/o Samarjeet Gupta R/o E-400-D, Block-E, Ashok Nagar, Vasundhra Enclave, East Delhi, Delhi, Delhi-110096 have changed my name and shall hereafter be known as Sonam Sav.

NAME CHANGE
I hitherto known as Laxman Yadav alias Bhavikshan Yadav S/O Bechan Yadav R/O Gram Debra, Post Bela, Thana Babubarhi, Ward No-02, Bela, PO Bela, Dist Madhubani, Bihar-847224 have changed my name and shall hereafter be known as Bhavikshna Yadav.

NAME CHANGE
It is for general information that I, DINDAYAL KAPIL S/o BANWAR LAL KAPIL, R/o RZ-12 G, Gali No. 3, Gandhi Market, New Delhi, West Sagar Pur, South West Delhi, Delhi - 110046, declare that name of mine has been wrongly written as DINDAYAL in my PPO No. 08/14/8/05982/1994. The actual name of mine is DINDAYAL KAPIL, which may be amended accordingly.

PUBLIC NOTICE
It is for general information that I, NIDHI AGGARWAL YADAV D/o VIRENDER KUMAR AGGARWAL, and Ex. Wife of AMIT YADAV, R/o H.No E-12, Hauz Khas, South West Delhi-110016, declare that I got divorce from my Ex. Husband AMIT YADAV vide Court Decree HMA No. 603/2019 dated 30 - 04-2019, further I have changed my name and shall hereafter be known as NIDHI AGGARWAL. I also have changed the name of my minor Son namely AAYAN YADAV, aged 16 years and my minor daughter namely ARSHIYA YADAV, aged 13 years and they shall hereafter be known as AAYAN AGGARWAL and ARSHIYA AGGARWAL respectively, which may be amended accordingly.

NAME CHANGE
I Taran Preet Singh Kochhar S/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Taranpreet Singh and Surname Kochhar for all purpose.

NAME CHANGE
I, Sansare Amrut Narayan father of No.4580889H Rank-Hav Name Sansare Ravindra Amrut residing at Vill. Deolali Pravara, Tehsil - Rahuri, District.Ahilyanagar, Maharashtra - 413716 have changed my name from Sansare Amrut Narayan to Amrut Narayan Sansare vide affidavit dated 15.07.2025 executed before Notary Public, Delhi.

NAME CHANGE
I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.

NAME CHANGE
I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.

NAME CHANGE
I, ANITA BANSAL W/O PAWAN BANSAL residing at B-504, MAYURDHWAJ APARTMENT, I.P EXTN. EAST DELHI-110092 have Change my name to ANITA RANI BANSAL for all future purpose.

PUBLIC NOTICE
I Jyoti pal W/O Sunil Kumar R/O WZ-125, Village Begumpur, North West Delhi , -110086.declare that name of mine has been wrongly written as Jyoti in my minor Daughter Yashika aged 14 years in her school cords and birth certificate no MCDOLR09368299 .The actual my name is Jyoti Pal.

NAME CHANGE
I, PUNNAM DEVI Wife of No-14913053K Rank-HAV Name-NARENDER SINGH R/O C-7, LAXMI GARDEN, NAJAFGARH, NEW DELHI-110043 have changed my name from PUNNAM DEVI to POONAM DEVI for all future purposes vide Affidavit Dated 30/09/2023 before Executive Magistrate, Delhi.

NAME CHANGE
I, NEETAS DEVI Wife of No-3204848W Rank-HAV Name-DHARMENDRA SINGH R/O VILL-BISHUNDAS, PO-MURSAN, DISTT-HATHRAS, U.P-204213 have changed my name from NEETAS DEVI to NITESH DEVI for all future purposes vide Affidavit Dated 30/09/2023 before Notary Public, Delhi.

NAME CHANGE
I Suvita Rana(d/o.Shri Omvir Singh) wife of Vikram Singh Rana was Suvita Rani before Marriage. After marriage I am also known as Suvita Rana and as such in my daughter's educational certificate my name (as her mother) is endorsed as Suvita Rana. Thus I affirm and confirm that Suvita Rani (my maiden name) and Suvita Rana (my name having surname of my husband Vikram Singh Rana) is the same person.

NAME CHANGE
I, HASINA BEGAM KHAN W/O SALIM IQBAL KHAN R/O TAURU ROAD, MARIA MANJIL SCHOOL ,ARAVALY COLONY, NUH, MEWAT, HARYANA-122107 HAVE CHANGED MY NAME TO HASINA BEGAM FOR ALL PURPOSE.

NAME CHANGE
I, Sudama Sharma S/O Devi Ram Sharma,R/O A - 3/106 - 107 , Sector-16 Rohini, Rohini Sector 15, North West Delhi, Delhi - 110089, have changed the name of my minor son namely Yash Sharma aged 15 years and he shall hereafter be known as Aayush Sharma.

NAME CHANGE
I, S VANITHA W/o No. 14838283N Rank-HAV/MT Name-RAMESH P R/o VILL-SEDRAMPUTTU, PO-SEDRAMPUTTU, TEH-POLUR, DIST-THRUVANNAMALAI, TAMIL NADU-632315, have changed my name from S VANITHA to VANITHA R for all future purposes vide Affidavit dated 15/07/2025 before Notary Public, Kupwara.

NAME CHANGE
I Tajinder Kaur W/o Jaspreet Singh Baweja R/o 52/43 Ramjas Road Karol Bagh Delhi -110005 Have Changed My Name To Tajinder Kaur Baweja For All Purpose.

NAME CHANGE
I, SANJAY KUMAR CHOUDHARY S/o LATE SH. LAXMAN CHAUDHARY Permanent R/o Parsauni Khirodhar, Sitamarhi, Bihar-843325 and Presently Residing at Plot No. B-20, Second Floor, Dass Garden, Baprola Vihar, Najafgarh, New Delhi-110043. declare that name of mine has been wrongly written as SANJAY CHOUDHARY in my minor daughter namely SHIWANGI CHOUDHARY aged 17 years in her 10th class Marksheet. The actual name of mine is SANJAY KUMAR CHOUDHARY, which may be amended accordingly.

NAME CHANGE
I, VINOD KUMAR S/O UDAY SINGH residing at FLAT NO-G-3/8, NEAR DDA WATER TANK, SECTOR-4, ROHINI, DELHI-110085 have changed my name to VINOD KUMAR KUSHWAHA for all future purpose.

NAME CHANGE
I, SANTOSH KUMAR S/O VISHVA NATH PRASAD residing at PLOT NO-58&59, FLAT NO-B-2, STREET NO-5, HAVENS GARDEN MATIALA, DELHI-110059 have changed my name to SANTOSH KUMAR GUPTA for all future purposes

PUBLIC NOTICE
Information is given to general public at large that our client M/s Aspire Buildwell through prop. Mr. Karan Dudeja S/o Mr. Satish Kumar Dudeja is the owner of Freehold Residential Plot area measuring 309.49 sq. mtrs., out of Khata No. 195, Khasra No. 233K (87 sq. mtrs.,), & Khasra No. 236 (222.5 sq. mtrs.,), & Plot area measuring 108.69 sq. mtrs., out of Khasra No. 232Kh, Situated at Village - Jalpura, Pargana & Tehsil Dadri, Distt. Gautam Budh Nagar, U.P: Vide Sale Deed dated 03/05/2023 duly registered in the office of SR Dadri, as Doc No. 15787, Book No. 01, Vol No. 23442, Page Nos. 309-330 & Sale Deed dated 03/05/2023 duly registered in the office of SR Dadri, as Doc No. 15786, Book No. 01, Vol No. 23442, Page Nos. 287-308, it is stated that Mr. Rakesh Chandra Aggarwal & Mr. Rakesh Baranwal had purchased above said property as HUF but further they have sold invaluably, now our client is declaring that any other person does not have any right over the said property, which is to be financed by ICICI Home Finance Co. Ltd. Branch: Laxmi Nagar, Delhi. If any person(s) have any objection(s) or claim(s) with respect to the right, title or interest in the Said Property then contact us within 07 days from the date of Publication of this notice and or the same to the undersigned if found by any one. Thereafter no claim shall be entertained

[NAVEEN KUMAR VERMA]
Advocate
F-211, Sector-3,
Vaishali, Ghaziabad,
Uttar Pradesh-201010
(Contact at 09958871432)

PUBLIC NOTICE
My client Narender Kumar Chauhan S/o Pooran Singh R/o H.No.376, Chauhan Mohalla, Madanpur Khadar, Sarita Vihar, and disowned his son Harsh Chauhan and his wife Preeti Rani from his all movable-immovable properties due to their Vihar, Delhi-76, has severed all relations and disowned his disobedience. My client Shall not be responsible for their acts.

ARJUN BIDHURI Advocate
CH. NO.536, Saket Courts
New Delhi-110017.

NAME CHANGE
I Sarve Preet Kaur Kochhar W/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Sarvepreet kaur and Surname Kochhar for all purpose.

PUBLIC NOTICE
Information is given to general public at large that our client M/s Aspire Buildwell through prop. Mr. Karan Dudeja S/o Mr. Satish Kumar Dudeja is the owner of Freehold Residential Plot area measuring 309.49 sq. mtrs., out of Khata No. 195, Khasra No. 233K (87 sq. mtrs.,), & Khasra No. 236 (222.5 sq. mtrs.,), & Plot area measuring 108.69 sq. mtrs., out of Khasra No. 232Kh, Situated at Village - Jalpura, Pargana & Tehsil Dadri, Distt. Gautam Budh Nagar, U.P: Vide Sale Deed dated 03/05/2023 duly registered in the office of SR Dadri, as Doc No. 15787, Book No. 01, Vol No. 23442, Page Nos. 309-330 & Sale Deed dated 03/05/2023 duly registered in the office of SR Dadri, as Doc No. 15786, Book No. 01, Vol No. 23442, Page Nos. 287-308, it is stated that Mr. Rakesh Chandra Aggarwal & Mr. Rakesh Baranwal had purchased above said property as HUF but further they have sold invaluably, now our client is declaring that any other person does not have any right over the said property, which is to be financed by ICICI Home Finance Co. Ltd. Branch: Laxmi Nagar, Delhi. If any person(s) have any objection(s) or claim(s) with respect to the right, title or interest in the Said Property then contact us within 07 days from the date of Publication of this notice and or the same to the undersigned if found by any one. Thereafter no claim shall be entertained

[NAVEEN KUMAR VERMA]
Advocate
F-211, Sector-3,
Vaishali, Ghaziabad,
Uttar Pradesh-201010
(Contact at 09958871432)

NAME CHANGE
I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.

PUBLIC NOTICE
It is for general information that I, BALJEET SINGH S/o GURCHARAN SINGH R/o 12/32, Geeta Colony, East Delhi-110031 declare that name of mine, my wife and my minor daughter has been wrongly written as BALJEET SINGH CHUGH, GURPREET KAUR CHUGH, JASLEEN KAUR CHUGH in my minor daughter JASLEEN KAUR aged 16 years in her 10th class Educational Documents. The actual name of mine, my wife and my minor daughter are BALJEET SINGH, GURPREET KAUR and JASLEEN KAUR respectively, which may be amended accordingly.

NAME CHANGE
I, Kulsum w/o Rozuddin R/o B-17, Gali No.3A, Near Mohalla Dilshad Masjid, Old Mustafabad, Delhi-110094, have changed my name to Kulsoom for all future purposes.

NAME CHANGE
I Swaran Kaur Sawhney W/o Prith Pal Singh R/o 10C/80 SFS Flats Green View Appartment Mayapuri Road Hari Nagar West Delhi-110064 Have Changed My Name to Swaran Kaur for all purpose.

ਉੱਤਰ ਰੇਲਵੇ
ਟੈਂਡਰ ਮੰਗ ਸੂਚਨਾ

ਕੰਮ ਦਾ ਨਾਮ ਅਤੇ ਇਸਦੀ ਸਥਿਤੀ : 129-SRDEE-G-DLI-2026-27
"ਕੋਡਿਯਾ ਪੁਲ ਸਬ-ਸਟੇਸ਼ਨ ਵਿਚ HT ਪੈਨਲ ਬਦਲਨਾ ਅਤੇ ਦਿੱਲੀ ਮੁੱਖ ਸਟੇਸ਼ਨ ਦੀ ਦੂਸਰੀ ਪ੍ਰਵੇਸ਼ (ਸੈਕੰਡ ਐਂਟਰੀ) ਸਾਈਡ ਉਤੇ LT ਸਪਲਾਈ ਸਿਸਟਮ ਨੂੰ ਮਜਬੂਤ ਕਰਨ" ਤੋਂ ਸਬੰਧਿਤ ਬਿਜਲੀ ਕੰਮ।
ਟੈਂਡਰ ਦੀ ਅਨੁਮਾਨਿਤ ਲਾਗਤ : ਰੁ: 94,20,115.00/-
ਦਫਤਰ ਦਾ ਪਤਾ : ਸੀਨੀਅਰ ਮੰਡਲ ਬਿਜਲੀ ਇੰਜੀਨੀਅਰ / ਸਮਾਨਯ, ਡੀਆਰਐਮ ਦਫਤਰ, ਦਿੱਲੀ ਮੰਡਲ, ਉੱਤਰੀ ਰੇਲਵੇ, ਸਟੇਟ ਐਂਟਰੀ ਰੋਡ, ਨਵੀਂ ਦਿੱਲੀ, 110055
ਬਿਆਨਾ ਰਾਸ਼ੀ : ਰੁ:1,88,400.00/-
ਟੈਂਡਰ ਨਿਵੇਦਨ ਦੀ ਆਖਰੀ ਮਿਤੀ ਤੇ ਸਮਾਂ : 07.12.2026, 13.00 ਵਜੇ
ਟੈਂਡਰ ਖੁਲਣ ਦੀ ਮਿਤੀ ਤੇ ਸਮਾਂ : 07.12.2026, 13.00 ਵਜੇ
ਵੈੱਬਸਾਈਟ ਤੇ ਨੋਟਿਸ ਬੋਰਡ : www.ireps.gov.in ਤੇ ਸੀਨੀਅਰ ਮੰਡਲ ਬਿਜਲੀ ਇੰਜੀਨੀਅਰ/ਜੀ, ਨਵੀਂ ਦਿੱਲੀ
ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ 3979/2026

NAME CHANGE
I hitherto known as JAGANATH KAPUR alias JAYANTI KAPUR W/o RAJ KUMAR KAPUR, R/o Near Dhingra Park, House No. 26, Road No. 14, East Punjabi Bagh, West Delhi, Delhi-110026, have changed my name and shall hereafter be known as JAYANTI KAPUR.

NAME CHANGE
It is for general information that I, VISHAL SONI S/o SUGHAR SINGH R/o 1338A/8, Gali No.-8, Nearby SK Depot, Govindpuri Kalkaji, Kalkaji, South Delhi, Delhi-110019, declare that name of mine has been wrongly written as VISHAL in my Driving Licence No. DL03 20090024443. The actual name of mine is VISHAL SONI, which may be amended accordingly.

PUBLIC NOTICE
Public notice is hereby given that my clients Mr. Sushil Kumar and Mr. Rajendra Kumar Tyagi both S/o Mr. Ved Prakash Tyagi, both R/o House No. 312, Saddiq Nagar, Near Auto Stand Sihani, Ghaziabad, Uttar Pradesh 201003, are owner of Residential Plot No. 43 & 44, area measuring 200 Square Yards i.e. 167.22 Square Meters out of Khasra No. 459, situated in the village Saddiq Nagar, Pargana Loni, Tehsil & District Ghaziabad, Uttar Pradesh, vide Khatauni Fasli Year 1427-1432 Calendar Year 2019-2024, it is pertinent to mention here that after the death of their father Mr. Ved Prakash Tyagi, they became the owner of the said property. My client is absolute owner of the said property which is free from encumbrance. The said property neither falls under acquisition nor falls under any litigation in any court of law. On date, being the absolute owner of the said property, my clients are going to sell the said property to Mrs. Deepika Singh W/o Mr. Krishna Kumar Singh. The same is going to be financed by PNB Housing Finance Ltd., branch Sahibabad, Ghaziabad, Uttar Pradesh. If any person(s) has/have any objection regarding the above said property, then kindly may submit his/her objection within 7 days from the date of the Notice in writing to undersigned or the said Bank/FI. The said objection may be kindly sent to the undersigned/bank by way of the Registered Post on the address given below and by E-mail. Failing which, the claim as per aforesaid shall be treated as null and void in respect of the subject property.

[RUPESH KUMAR ROUSHAN]
Advocate
D-803, Nandgram,
Ghaziabad,
Uttar Pradesh 201003
roushan.rupesh@gmail.com

NAME CHANGE
I, SIDDHARATH RANA S/O BHAGWAN RANA residing at H NO-1074, SIRASPUR, DELHI-110042 have changed my name to SIDDHARTH RANA for all future purpose.

NAME CHANGE
I, ABDUL TAWWAB S/O Shri Abdul Rehman Resident of House No. C-16, Abhimanyu Gali, Near Babu Ram Chowk, Arjun Mohalla, Moujpur, Delhi-110053 have changed my name ABDUL TAUWAB to ABDUL TAWWAB for all future purposes.

NAME CHANGE
I, SIDDHARATH RANA S/O BHAGWAN RANA residing at H NO-1074, SIRASPUR, DELHI-110042 have changed my name to SIDDHARTH RANA for all future purpose.

NAME CHANGE
I Kapil Kumar Yadav S/o Dinesh Yadav R/o House No-523 P, Sector-14,Gurgaon,Haryana-122001, Have Changed My Name To Kapil Yadav For All Purpose

NAME CHANGE
I, Pradeep Kumar S/o Prem Chand R/o D-754/A, Gali No.1, Ashok Nagar, Shahdara, Delhi-110093 have changed the name of my minor son from Arjun to Arjun Vaidwan.

NAME CHANGE
I, Anupama D/o Pradeep Kumar R/o D-754/A, Gali No.1, Ashok Nagar, Shahdara, Delhi-110093 have changed my name to Anupama Chaudhary.

NAME CHANGE
I, VINOD KUMAR S/O UDAY SINGH residing at FLAT NO-G-3/8, NEAR DDA WATER TANK, SECTOR-4, ROHINI, DELHI-110085 have changed my name to VINOD KUMAR KUSHWAHA for all future purpose.

PUBLIC NOTICE
My client Gokul Chand S/o Prabhu Ram and his Wife Maya, H.No- 83, 84, F-4 Block, Sultanpuri, New Delhi- 86, has severed all his relations & connections from his Son Rajesh Kumar & disowned his from her all movable and immovable properties. My client shall not be responsible for his any acts.

Shyam Sharma (Adv)

PUBLIC NOTICE
I, IMRAJ S/o SHAKIL, R/o B-29, Nanda Road Adarsh Nagar North West Delhi-110033, do hereby solemnly affirm and declare that I have embraced HINDUISM RELIGION and renounced ISLAM RELIGION with effect from 07.06.2025

NAME CHANGE
I, IMRAJ S/o SHAKIL, R/o B-29, Nanda Road Adarsh Nagar North West Delhi-110033 have changed my name to RINKU THAKUR

NAME CHANGE
I, VANDANA is legally spouse of No. 15671777K Rank-HAV Name AMIT KUMAR AWASTHI, R/O H NO.-920, KESOOR, PO- KESOOR, DIST-DHAR, MADHYA PRADESH-454001 have changed my name from VANDANA to VANDANA AWASTHI for all future purposes. Vide Affidavit Dated 16/07/2025, Before Notary Public New Delhi.

NAME CHANGE
I, SALMA KHATUN is legally spouse of No. 15692253W Rank-HAV Name MURTUJA ALI, R/O VILL+POST-ARITHA, TEH-CHAS, THANA-CHANDANKAYRI, DIS-BOKARO, STATE-JHARKHAND, PIN 828134 have changed my name from SALMA KHATUN to SALMA KHATOON for all future purposes. Vide Affidavit Dated 16/07/2025 Before Notary Public New Delhi.

NAME CHANGE
I, No. 15692253W Rank-HAV Name MURTUJA ALI, S/o LATE ZABBER ANSARI R/O VILL+POST-ARITHA, TEH-CHAS, THANA-CHANDANKAYRI, DIS-BOKARO, STATE-JHARKHAND, PIN 828134 have changed my minor son name from MOHAMAD ALI to MOHAMMAD ALI for all future purposes. Vide Affidavit Dated 16/07/2025 Before Notary Public New Delhi.

NAME CHANGE
I, SH AUTAR SINGH Father of JC-413677X Rank-SUB MAJ Name-BHAGAT SINGH presently residing at VILL-BILTIYA SUKOLI TALLI, PO-DHAUNTIYAL, DIST-PAURI GARHWAL, UTTARAKHAND-246155 have changed my name from SH AUTAR SINGH to AVTAR SINGH for all future purposes vide affidavit dated 12/03/2024 before Notary Public, Delhi.

NAME CHANGE
I, D BABU father of NO-14842224Y Rank HAV/MT Name-ANOOP B R/O AALAYAM, VILL –KEEZHTHONNAKKAL, PO-POTHENCODE, DIST-TRIVANDRUM, KERALA-695584 have changed my name from D BABU to BABU D for all future purposes vide Affidavit Dated 12/03/2024 before Notary Public, Delhi.

NAME CHANGE
I Jaspreet Singh S/o Jagdeep Singh R/o 52/43 Ramjas Road Near Khalsa college Karol Bagh Delhi -110005 Have Changed My Name To Jaspreet Singh Baweja For All Purpose.

NAME CHANGE
I Sandeep Ved S/o Khushi Ram Ved R/o H.No-139/1,B-Block, Street No-3,Qutub Vihar Phase-2,Dwarka,Delhi-110071, Have Changed My Name To Sandeep Vaid For All Purpose

NAME CHANGE
I Rohini Bhatnagar W/o Amitabh Bhatnagar R/o M- 7075, Devinder Vihar, Gurgaon sector 56, Gurgaon Haryana-122011,Have Changed My Name To Rohini Dhanraj Bhatnagar For All Purpose

NAME CHANGE
I, Anil Balakrishna Panicker s/o Angakattil Narayan Balakrishna Panicker R/o A-6/334-A, Janta Flats, Paschim Vihar, Delhi-110063, have changed my name to Anil Bala Panicker permanently.

NAME CHANGE
I, Rekha W/O Prem Singh R/O B 278, South MOTI BAGH NEW DELHI 110021 have changed my name from Rekha to Rekha Rawat for all future purpose.

PUBLIC NOTICE
My client Narender Kumar Chauhan S/o Pooran Singh R/o H.No.376, Chauhan Mohalla, Madanpur Khadar, Sarita Vihar, Delhi-76, has severed all relations and disowned his son Harsh Chauhan and his wife Preeti Rani from his all movable-immovable properties due to their Vihar, Delhi-76, has severed all relations and disowned his disobedience. My client Shall not be responsible for their acts.

ARJUN BIDHURI Advocate
CH. NO.536, Saket Courts
New Delhi-110017.

NAME CHANGE
I, GURCHARAN SINGH S/O BHAG SINGH R/O Village Kulgarhi, Tehsil & Distt Ferozepur Punjab-142052 have changed the name of my minor son HONEY SINGH aged 13 years and he shall hereafter be known as HIMMAT SINGH.

NAME CHANGE
I, hitherto known as SUKHDEEP KAUR W/O GURJANT SINGH R/O Village Sarhali, Teh-Zira Ferozepur, Punjab-142044 have changed my name and shall hereafter be known as VEERPAL KAUR.

NAME CHANGE
I, hitherto known as PALWINDER KAUR W/O BALWINDER SINGH, R/O Village Doblian, Tehsil & Distt Tarn Taran, Punjab-143301 have changed my name and shall hereafter be known as GURMIT KAUR.

NAME CHANGE
I, hitherto known as MANJIT KAUR W/O SUKHDEV SINGH R/O Village Bahawalpur, Teh-Zira Ferozepur, Punjab-142047 have changed my name and shall hereafter be known as KULWINDER KAUR.

PUBLIC NOTICE
I Jyoti pal W/O Sunil Kumar R/O WZ-125, Village Begumpur, North West Delhi , -110086.declare that name of mine has been wrongly written as Jyoti in my minor Daughter Yashika aged 14 years in her school cords and birth certificate no MCDOLR09368299 .The actual my name is Jyoti Pal.

NAME CHANGE
I, PUNNAM DEVI Wife of No-14913053K Rank-HAV Name-NARENDER SINGH R/O C-7, LAXMI GARDEN, NAJAFGARH, NEW DELHI-110043 have changed my name from PUNNAM DEVI to POONAM DEVI for all future purposes vide Affidavit Dated 30/09/2023 before Executive Magistrate, Delhi.

NAME CHANGE
I, KRISHAN KANTA W/o IC-29820P (Late) Col SHIV KUMAR (Retd.) R/O H-104, VIVEK VIHAR, NEAR KENDRIYA VIHAR-2, SEC-82, NOIDA, SALARPUR, GAUTAM BUDDHA NAGAR, UTTAR PRADESH-201304 have changed my name from KRISHAN KANTA to KRISHAN KANTA RANDEV for all future purposes vide Affidavit Dated 12/03/2024 before Notary Public, Delhi.

NAME CHANGE
I, MEENA DEVI wife of JC-493248F Rank-NB/SUB Name-RAVINDER KUMAR R/O VPO-MURTHAL, TEH-SONIPAT, DISTT-SONIPAT, HARYANA-131027 have changed my name from MEENA DEVI to MEENA for all future purposes vide Affidavit Dated 11/03/2024 before Notary Public, Delhi.

NAME CHANGE
I, ANITA W/o NO- 2806617A HAV TANGADKAR SUBHASH SITARAM R/o VPO-GHARGAON, TEH-SANGAMNER, DISTT-AHMADNAGAR, MAHARASHTRA-422620, have changed my name from ANITA to ANITA SUBHASH TANGADKAR for all future purposes vide Affidavit dated 29/11/2022 before Notary Public Delhi.

NAME CHANGE
I, DATTATRAY NAGOJI PATIL father of NO-JC-379904X SUB MAJ PATIL MAHENDRA DATTATRAY R/O VILL-BONJURDI, PO-ADKUR, TEH-CHANDGAD, DISTT-KOLHAPUR, MH-416509, have changed my name from DATTATRAY NAGOJI PATIL to DATTA NAGOJI PATIL for all future purposes and in my son's service record my date of birth wrongly mentioned as 01/07/1953 instead of my correct date of birth as 17/01/1950 Vide Affidavit dated 29/11/2022 Before Notary Public, Delhi.

PUBLIC NOTICE
MY CLIENT NARENDER PAL AGARWAL, S/O, LATE SARDARI LAL AGARWAL AND NEETU AGARWAL W/O NARENDER PAL AGARWAL BOTH R/O H.NO. 49, NARELA ROAD, BAWANA, NEAR STATE BANK OF INDIA, NEW DELHI, PRESENTLY AT H.NO.122, WHITE HOUSE APARTMENT, SECTOR-13, ROHINI, NEW DELHI- 110085, HAVE DEBARRED THEIR SON NIKHIL AGARWAL AND HIS WIFE ANCHAL AGARWAL FROM THEIR ALL MOVABLE- IMMOVABLE PROPERTIES AND SHALL NOT HAVE ANY RIGHT, TITLE OR INTEREST IN MOVEABLE AND IMMOVABLE PROPERTIES AND SEVERED ALL THEIR RELATION DUE TO MISCONDUCT AND DISOBEDIENT. ANYBODY DEALING WITH THEM SHALL BEAR AT THEIR OWN COST, RISK & CONSEQUENCES

PINKI LAMBA MANN
ADVOCATE
OFF. A-205A, NORTH
EX.MALL, SECTOR-9,
ROHINI, NEW DELHI

ਨਾਗਰਿਕ ਦੁਆਰਾ ਪਟਾਕਿਆਂ ਦੇ ਦਿਸ਼ਾ-ਨਿਰਦੇਸ਼ਾਂ ਦੀ ਪਾਲਣਾ ਕਰਨ ਸਦਕਾ ਇਸ ਦੀਵਾਲੀ 'ਤੇ ਚੰਡੀਗੜ੍ਹ ਨੇ ਪਿਛਲੇ ਸਾਲਾਂ ਨਾਲੋਂ ਹਵਾ ਦੀ ਗੁਣਵੱਤਾ ਵਿੱਚ ਸੁਧਾਰ ਦਰਜ ਕੀਤਾ

ਚੰਡੀਗੜ੍ਹ, 13 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਹਵਾ ਅਤੇ ਸ਼ੋਰ ਪ੍ਰਦੂਸ਼ਣ ਨੂੰ ਘਟਾਉਣ ਲਈ, ਚੰਡੀਗੜ੍ਹ ਪ੍ਰਸ਼ਾਸਨ ਨੇ ਦੀਵਾਲੀ ਅਤੇ ਹੋਰ ਤਿਉਹਾਰਾਂ ਦੌਰਾਨ ਪਟਾਕਿਆਂ ਦੀ ਵਰਤੋਂ ਲਈ ਦਿਸ਼ਾ-ਨਿਰਦੇਸ਼ ਜਾਰੀ ਕੀਤੇ ਸਨ। ਨਿਵਾਸੀਆਂ ਨੂੰ ਦੀਵਾਲੀ ਦੀ ਰਾਤ 8:00 ਵਜੇ ਤੋਂ 10:00 ਵਜੇ ਦੇ ਵਿਚਕਾਰ ਸਿਰਫ਼ ਹਰਿਤ ਪਟਾਕੇ ਚਲਾਉਣ ਦੀ ਇਜਾਜ਼ਤ ਸੀ, ਜੋ ਘੱਟ ਕਣਾਂ ਵਾਲੇ ਪ੍ਰਦੂਸ਼ਕਾਂ ਨੂੰ ਛੱਡਣ ਲਈ ਤਿਆਰ ਕੀਤੇ ਜਾਂਦੇ ਹਨ। ਚੰਡੀਗੜ੍ਹ ਦੇ ਲੋਕਾਂ ਨੇ ਸ਼ਲਾਘਾਯੋਗ ਅਨੁਸ਼ਾਸਨ ਨਾਲ ਜਵਾਬ ਦਿੱਤਾ।

ਦੀਵਾਲੀ ਤੋਂ ਪਹਿਲਾਂ ਦੀ ਸ਼ਾਮ ਸ਼ਾਂਤ ਸੀ, ਅਤੇ ਹਵਾ ਦੀ ਗੁਣਵੱਤਾ ਇੱਕ ਆਮ ਦਿਨ ਦੇ ਮੁਕਾਬਲੇ ਸੀ। ਦੀਵਾਲੀ 'ਤੇ, ਜ਼ਿਆਦਾਤਰ ਨਿਵਾਸੀ ਦੋ ਘੰਟੇ ਦੀ ਖਿੜਕੀ 'ਤੇ ਰਹੇ, ਅਤੇ ਪਟਾਕਿਆਂ ਦੇ ਫਟਣ ਦੀ ਮਾਤਰਾ ਪਿਛਲੇ ਸਾਲਾਂ ਨਾਲੋਂ ਕਾਫ਼ੀ ਘੱਟ ਸੀ।

ਦੋ ਦਿਨਾਂ ਵਿੱਚ ਛੇ ਥਾਵਾਂ 'ਤੇ ਹਵਾ ਦੀ ਗੁਣਵੱਤਾ ਅਤੇ ਸ਼ੋਰ ਦੇ ਪੱਧਰ ਦੀ ਨਿਗਰਾਨੀ ਕੀਤੀ ਗਈ: ਇੱਕ ਆਮ ਦਿਨ (1 ਨਵੰਬਰ 2026) ਅਤੇ ਦੀਵਾਲੀ ਵਾਲੇ ਦਿਨ (8 ਨਵੰਬਰ 2026)। ਹਵਾ ਦੀ ਗੁਣਵੱਤਾ ਨੂੰ ਏਅਰ ਕੁਆਲਿਟੀ ਇੰਡੈਕਸ (ਏਕਿਊਆਈ) ਰਾਹੀਂ ਦਰਸਾਇਆ ਜਾਂਦਾ ਹੈ, ਇੱਕ ਅਜਿਹਾ ਪੈਮਾਨਾ ਜਿਸ ਵਿੱਚ ਉੱਚੇ ਮੁੱਲ ਵਧੇਰੇ ਪ੍ਰਦੂਸ਼ਣ ਨੂੰ ਦਰਸਾਉਂਦੇ ਹਨ।

ਦੀਵਾਲੀ 'ਤੇ, ਹਵਾ ਦੀ ਗੁਣਵੱਤਾ ਰਾਤ 8:00 ਵਜੇ ਤੋਂ ਪਹਿਲਾਂ ਸੰਤੁਸ਼ਟੀਜਨਕ ਸ਼੍ਰੇਣੀ ਵਿੱਚ ਰਹੀ, ਜਦੋਂ ਪਟਾਕੇ ਫਟਣ ਦੀ ਆਗਿਆ ਦਿੱਤੀ ਗਈ ਵਿੰਡੋ ਸ਼ੁਰੂ ਹੋਈ। ਪਟਾਕੇ ਫਟਣ ਤੋਂ ਬਾਅਦ ਏਅਰ ਕੁਆਲਿਟੀ ਇੰਡੈਕਸ (ਏਕਿਊਆਈ) ਵਿੱਚ ਅਸਥਾਈ ਵਾਧਾ ਹੋਣ ਦੀ ਉਮੀਦ ਸੀ। ਕਿਉਂਕਿ ਪਟਾਕੇ ਫਟਣ ਦੀ ਆਗਿਆ ਦਿੱਤੀ ਗਈ ਦੋ ਘੰਟਿਆਂ ਤੱਕ ਸੀਮਤ ਸੀ, ਇਹ ਵਾਧਾ ਥੋੜ੍ਹੇ ਸਮੇਂ ਲਈ ਸੀ। ਖਿੜਕੀ ਬੰਦ ਹੋਣ ਤੋਂ ਤੁਰੰਤ ਬਾਅਦ ਹਵਾ ਦੀ ਗੁਣਵੱਤਾ ਠੀਕ ਹੋਣਾ ਸ਼ੁਰੂ ਹੋ ਗਈ ਅਤੇ 9 ਨਵੰਬਰ 2026 ਨੂੰ ਸਵੇਰੇ 3:00 ਵਜੇ ਤੱਕ ਸੰਤੁਸ਼ਟੀਜਨਕ ਸ਼੍ਰੇਣੀ (ਏਅਰ ਕੁਆਲਿਟੀ ਇੰਡੈਕਸ (ਏਕਿਊਆਈ) 51-100) ਵਿੱਚ ਵਾਪਸ ਆ ਗਈ, ਜਿਸ ਦੀ ਮਦਦ ਅਨੁਕੂਲ ਮੌਸਮੀ ਸਥਿਤੀਆਂ ਨੇ ਕੀਤੀ। ਚੰਡੀਗੜ੍ਹ ਪ੍ਰਦੂਸ਼ਣ ਕੰਟਰੋਲ ਕਮੇਟੀ(ਸੀਪੀਸੀਸੀ) ਚੰਡੀਗੜ੍ਹ ਦੇ ਨਾਗਰਿਕਾਂ ਦਾ ਉਨ੍ਹਾਂ ਦੇ ਸਮਝਦਾਰੀ ਅਤੇ ਜ਼ਿੰਮੇਵਾਰ ਜਸ਼ਨ ਲਈ ਧੰਨਵਾਦ ਕਰਦਾ ਹੈ।

ਫਟਣ ਦੀ ਵਿੰਡੋ ਦੌਰਾਨ, ਉਮੀਦ ਅਨੁਸਾਰ, ਸਾਰੇ ਛੇ ਸਥਾਨਾਂ 'ਤੇ ਏਅਰ ਕੁਆਲਿਟੀ ਇੰਡੈਕਸ (ਏਕਿਊਆਈ) ਵਧਿਆ। ਇਹ ਸੈਕਟਰ 22 (ਏਅਰ ਕੁਆਲਿਟੀ ਇੰਡੈਕਸ (ਏਕਿਊਆਈ) 158) ਅਤੇ ਸੈਕਟਰ 17 (ਏਅਰ ਕੁਆਲਿਟੀ ਇੰਡੈਕਸ (ਏਕਿਊਆਈ) 170) 'ਤੇਦਰਮਿਆਨੀ ਸ਼੍ਰੇਣੀ ਵਿੱਚ ਰਿਹਾ। ਸੈਕਟਰ 53 (ਏਅਰ ਕੁਆਲਿਟੀ ਇੰਡੈਕਸ (ਏਕਿਊਆਈ) 304), ਇਮਟੈੱਕ (IMT538) -39 (ਏਅਰ ਕੁਆਲਿਟੀ ਇੰਡੈਕਸ (ਏਕਿਊਆਈ) 310), ਪੰਜਾਬ ਇੰਜੀਨੀਅਰਿੰਗ ਕਾਲਜ -12 (ਏਅਰ ਕੁਆਲਿਟੀ ਇੰਡੈਕਸ (ਏਕਿਊਆਈ) 312) ਅਤੇ ਸੈਕਟਰ 25 (ਏਅਰ ਕੁਆਲਿਟੀ ਇੰਡੈਕਸ (ਏਕਿਊਆਈ) 326) ਵਿਖੇ, ਇਹ ਥੋੜ੍ਹੇ ਸਮੇਂ ਲਈ ਬਹੁਤ ਮਾੜੀ ਸ਼੍ਰੇਣੀ ਵਿੱਚ ਪਹੁੰਚ ਗਿਆ। ਕੋਈ ਵੀ ਸਥਾਨ ਗੰਭੀਰ ਸ਼੍ਰੇਣੀ ਵਿੱਚ ਨਹੀਂ ਪਹੁੰਚਿਆ। ਇਹ ਵਾਧਾ ਥੋੜ੍ਹੇ ਸਮੇਂ ਲਈ ਸੀ, ਅਤੇ 9 ਨਵੰਬਰ 2026 ਨੂੰ ਸਵੇਰੇ 3:00 ਵਜੇ ਤੱਕ ਹਵਾ ਦੀ ਗੁਣਵੱਤਾ ਸੰਤੁਸ਼ਟੀਜਨਕ ਸ਼੍ਰੇਣੀ ਵਿੱਚ ਵਾਪਸ ਆ ਗਈ। ਸੈਕਟਰ 17, ਸੈਕਟਰ 22 ਅਤੇ ਇਮਟੈੱਕ (IMT538)-39 ਨੇ ਦੀਵਾਲੀ 2025 ਦੇ ਮੁਕਾਬਲੇ ਬਿਹਤਰ ਹਵਾ ਦੀ ਗੁਣਵੱਤਾ ਦਰਜ ਕੀਤੀ।

ਪਿਛਲੇ ਤਿੰਨ ਸਾਲਾਂ ਦੇ ਮੁਕਾਬਲੇ, 2026 ਵਿੱਚ ਦੀਵਾਲੀ ਦੀ ਹਵਾ ਦੀ ਗੁਣਵੱਤਾ ਜ਼ਿਆਦਾਤਰ ਥਾਵਾਂ 'ਤੇ ਬਿਹਤਰ ਸੀ, ਜੋ ਕਿ ਵਧਦੀ ਵਾਤਾਵਰਣ ਜਾਗਰੂਕਤਾ ਨੂੰ ਦਰਸਾਉਂਦੀ ਹੈ, ਖਾਸ ਕਰਕੇ ਨੌਜਵਾਨਾਂ ਅਤੇ ਸਕੂਲੀ ਬੱਚਿਆਂ ਵਿੱਚ। ਚੰਡੀਗੜ੍ਹ ਪ੍ਰਦੂਸ਼ਣ ਕੰਟਰੋਲ ਕਮੇਟੀ (ਸੀਪੀਸੀਸੀ) ਅਤੇ ਹੋਰ ਹਿਤਧਾਰਕ ਵਾਤਾਵਰਣ-ਅਨੁਕੂਲ ਜਸ਼ਨਾਂ ਲਈ ਆਪਣੀਆਂ ਮੁਹਿੰਮਾਂ ਜਾਰੀ ਰੱਖਣਗੇ, ਜਿਸ ਵਿੱਚ ਸਕੂਲਾਂ ਵਿੱਚ ਹਰਿਤ ਦੀਵਾਲੀ ਪਹਿਲ ਸ਼ਾਮਲ ਹੈ।

ਦੀਵਾਲੀ 'ਤੇ ਸ਼ੋਰ ਦਾ ਪੱਧਰ ਆਮ ਦਿਨ ਨਾਲੋਂ ਵੱਧ ਸੀ, ਜਿਵੇਂ ਕਿ ਫਟਣ ਦੀ ਮਿਆਦ ਦੌਰਾਨ ਉਮੀਦ ਕੀਤੀ ਗਈ ਸੀ। ਰਾਤ 8:00 ਵਜੇ ਤੋਂ ਰਾਤ 10:00 ਵਜੇ ਦੇ ਵਿਚਕਾਰ, ਸਭ ਤੋਂ ਵੱਧ ਪੱਧਰ ਇਮਟੈੱਕ (IMT538)-39 83.9 ਡੀਬੀ(ਏ) ਅਤੇ ਸਭ ਤੋਂ ਘੱਟ ਪੱਧਰ ਸੈਕਟਰ 53 61.2 ਡੀਬੀ(ਏ) ਦਰਜ ਕੀਤਾ ਗਿਆ।

ਜ਼ਿਆਦਾਤਰ ਥਾਵਾਂ 'ਤੇ, ਆਗਿਆ ਪ੍ਰਾਪਤ ਵਿੰਡੋ ਤੋਂ ਬਾਅਦ ਸ਼ੋਰ ਦਾ ਪੱਧਰ ਹੇਠਾਂ ਆ ਗਿਆ।

ਟਿੰਡਰ ਐਪ ਦੋਸਤੀ ਕਰਕੇ ਬਲੈਕਮੇਲ ਅਤੇ ਲੁੱਟਣ ਵਾਲੀ ਮਾਂ-ਧੀ ਦੀ ਜੋੜੀ ਪੁਲੀਸ ਅੜਿੱਕੇ

ਫਰੀਦਾਬਾਦ, 13 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਟਿੰਡਰ ਐਪ (Tinder) ਰਾਹੀਂ ਲੋਕਾਂ ਨੂੰ ਫਸਾ ਕੇ ਲੁੱਟਣ ਦੇ ਮਾਮਲੇ ਸਬੰਧੀ ਪੁਲੀਸ ਨੇ ਇੱਕ ਅੰਤਰਰਾਜੀ ਗਿਰੋਹ ਦਾ ਪਰਦਾਫਾਸ਼ ਕੀਤਾ ਹੈ। ਪੁਲੀਸ ਨੇ ਇਸ ਸਬੰਧ ਵਿੱਚ ਇੱਕ ਮਾਂ-ਧੀ ਨੂੰ ਗ੍ਰਿਫ਼ਤਾਰ ਕੀਤਾ ਹੈ, ਜੋ ਟਿੰਡਰ ਐਪ ਰਾਹੀਂ ਲੋਕਾਂ ਨਾਲ ਦੋਸਤੀ ਕਰਦੇ ਸਨ, ਲੁੱਟ-ਖੋਹ ਕਰਨ ਲਈ ਉਨ੍ਹਾਂ ਨੂੰ ਨਸ਼ੀਲਾ ਪਦਾਰਥ ਦਿੰਦੇ ਅਤੇ ਜਬਰ-ਜਨਾਹ (ਰੇਪ) ਦੇ ਝੂਠੇ ਕੇਸਾਂ ਵਿੱਚ ਫਸਾਉਣ ਦੀ ਧਮਕੀ ਦੇ ਕੇ ਪੈਸੇ ਵਸੂਲਦੇ ਸਨ।

ਪੁਲਿਸ ਅਨੁਸਾਰ ਮੁਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਦੋਵੇਂ ਮਹਿਲਾ ਮੁਲਜ਼ਮ ਮਾਂ-ਧੀ ਹਨ ਅਤੇ ਉਹ ਬਹੁਤ ਹੀ ਚਲਾਕੀ ਨਾਲ ਆਪਣੇ ਜੁਰਮਾਂ ਨੂੰ ਅੰਜਾਮ ਦਿੰਦੀਆਂ ਸਨ। ਉਹ ਟਿੰਡਰ ਐਪ ਰਾਹੀਂ ਦੋਸਤੀ ਦੀਆਂ ਬੇਨਤੀਆਂ ਭੇਜ ਕੇ ਵਿਅਕਤੀਆਂ ਨੂੰ ਨਿਸ਼ਾਨਾ ਬਣਾਉਂਦੀਆਂ ਸਨ। ਮਿਲਣ ਦੇ ਬਹਾਨੇ,ਉਹ ਪੀੜਤਾਂ ਨੂੰ ਇੱਕ ਹੋਟਲ ਵਿੱਚ ਬੁਲਾਉਂਦੀਆਂ ਸਨ। ਹੋਟਲ ਪਹੁੰਚ ਕੇ,ਦੋਸ਼ੀ ਪੀੜਤਾਂ ਨੂੰ ਨਸ਼ੀਲਾ ਪਦਾਰਥ ਦਿੰਦੀਆਂ ਸਨ,ਉਨ੍ਹਾਂ ਨੂੰ ਲੁੱਟਦੀਆਂ ਸਨ ਅਤੇ ਫਿਰ ਮੌਕੇ ਤੋਂ ਫਰਾਰ ਹੋ ਜਾਂਦੀਆਂ ਸਨ।

ਇਹ ਵੀ ਖੁਲਾਸਾ ਹੋਇਆ ਹੈ ਕਿ ਮਾਂ-ਧੀ ਦੋਵਾਂ ਨੇ ਅਜਿਹੇ ਵਿਅਕਤੀਆਂ ਨੂੰ ਨਿਸ਼ਾਨਾ ਬਣਾਇਆ ਜੋ ਆਰਥਿਕ ਤੌਰ 'ਤੇ ਅਮੀਰ ਜਾਪਦੇ ਸਨ। ਦੋਸ਼ੀ ਇਨ੍ਹਾਂ ਵਿਅਕਤੀਆਂ ਨੂੰ ਧਮਕਾਉਂਦੀਆਂ ਸਨ—ਜਾਂ ਪੁਲੀਸ ਸਟੇਸ਼ਨਾਂ ਵਿੱਚ ਉਨ੍ਹਾਂ ਵਿਰੁੱਧ ਜਬਰ-ਜਨਾਹ ਦੀਆਂ ਝੂਠੀਆਂ ਸ਼ਿਕਾਇਤਾਂ ਦਰਜ ਕਰਵਾਉਂਦੀਆਂ ਸਨ—ਤਾ ਜੋ ਕਾਨੂੰਨੀ ਕਾਰਵਾਈ ਦਾ ਡਰ ਪੈਦਾ ਕੀਤਾ ਜਾ ਸਕੇ।

ਇਸ ਤੋਂ ਬਾਅਦ,ਅਜਿਹੀਆਂ ਸ਼ਿਕਾਇਤਾਂ ਦੀ ਧਮਕੀ ਦੀ ਵਰਤੋਂ ਕਰਕੇ,ਉਹ ਪੀੜਤਾਂ 'ਤੇ ਪੈਸੇ ਦੇਣ ਦਾ ਦਬਾਅ ਪਾਉਂਦੀਆਂ ਸਨ ਅਤੇ ਉਨ੍ਹਾਂ ਤੋਂ ਪੈਸੇ ਵਸੂਲਣ ਦੀ ਕੋਸ਼ਿਸ਼ ਕਰਦੀਆਂ ਸਨ।

ਫਰੀਦਾਬਾਦ ਪੁਲੀਸ ਦੇ ਬੁਲਾਰੇ ਨੇ ਦੱਸਿਆ,ਪੁੱਛਗਿੱਛ ਦੌਰਾਨ ਇਹ ਖੁਲਾਸਾ ਹੋਇਆ ਹੈ ਕਿ ਦੋਸ਼ੀ ਔਰਤਾਂ ਨੇ ਅੰਡੇਮਾਨ,ਸੂਰਤ ਅਤੇ ਦਿੱਲੀ-ਐੱਨ.ਸੀ.ਆਰ. ਖੇਤਰਾਂ ਵਿੱਚ ਵੀ ਅਜਿਹੀਆਂ ਘਟਨਾਵਾਂ ਨੂੰ ਅੰਜਾਮ ਦਿੱਤਾ ਸੀ। ਅਸੀਂ ਦੋਸ਼ੀਆਂ ਵੱਲੋਂ ਕੀਤੇ ਗਏ ਹੋਰ ਅਪਰਾਧਾਂ ਦਾ ਖੁਲਾਸਾ ਕਰਨ, ਗਿਰੋਹ ਨਾਲ ਜੁੜੇ ਹੋਰ ਵਿਅਕਤੀਆਂ ਦੀ ਪਛਾਣ ਕਰਨ ਅਤੇ ਲੁੱਟ-ਖੋਹ ਅਤੇ ਉਗਰਾਹੀ ਨਾਲ ਸਬੰਧਤ ਮਾਮਲਿਆਂ ਦੀ ਜਾਂਚ ਕਰਨ ਲਈ ਉਨ੍ਹਾਂ ਤੋਂ ਡੂੰਘਾਈ ਨਾਲ ਪੁੱਛਗਿੱਛ ਕਰ ਰਹੇ ਹਾਂ।

'ਗੈਂਗਸਟਰਾਂ 'ਤੇ ਵਾਰ': ਅਫ਼ਰੀਕਾ ਤੋਂ ਪਹਿਲੀ ਸਫ਼ਲ ਡਿਪੋਰਟੇਸ਼ਨ ਕਾਰਵਾਈ ਤਹਿਤ ਪੰਜਾਬ ਪੁਲੀਸ ਨੇ ਭਗੌੜੇ ਗੈਂਗਸਟਰ ਗੁਰਵਿੰਦਰ ਅਫਰੀਦੀ ਨੂੰ ਇਥੋਪੀਆ ਤੋਂ ਵਾਪਸ ਭਾਰਤ ਲਿਆਂਦਾ

➢ 10 ਮਹੀਨੇ ਲੰਮੇ ਮਲਟੀ-ਕੌਂਟੀਨੈਂਟਲ ਮੈਨਹੰਟ ਆਪ੍ਰੇਸ਼ਨ ਅਧੀਨ ਵੱਡੀ ਸਫ਼ਲਤਾ ; 30 ਤੋਂ ਵੱਧ ਅਪਰਾਧਕ ਮਾਮਲਿਆਂ ਵਿੱਚ ਲੋੜੀਂਦਾ ਡੋਨੀ ਬੱਲ-ਪ੍ਰਭ ਦਾਸੂਵਾਲ ਗੈਂਗ ਦਾ ਮੁੱਖ ਸਰਗਨਾ ਇਥੋਪੀਆ 'ਚ ਕਾਬੂ ➢ ਰੈੱਡ ਕਾਰਨਰ ਨੋਟਿਸ, ਸੱਤ ਇੰਟਰਪੋਲ ਰੈਫਰੈਂਸਿਜ਼ ਅਤੇ ਬਹੁ-ਏਜੰਸੀ ਤਾਲਮੇਲ ਸਦਕਾ ਗੁਰਵਿੰਦਰ ਅਫਰੀਦੀ ਦੀ ਡਿਪੋਰਟੇਸ਼ਨ ਸੰਭਵ ਹੋਈ; ਮੁਲਜ਼ਮ ਕਤਲ ਦੇ 5 ਕੇਸਾਂ 'ਚ ਸੀ ਲੋੜੀਂਦਾ: ਡੀਜੀਪੀ ਗੌਰਵ ਯਾਦਵ

ਚੰਡੀਗੜ੍ਹ, 13 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਨਿਰਦੇਸ਼ਾਂ ਹੇਠ ਵਿੱਢੀ ਮੁਹਿੰਮ 'ਗੈਂਗਸਟਰਾਂ 'ਤੇ ਵਾਰ' ਤਹਿਤ ਅੰਤਰਰਾਸ਼ਟਰੀ ਸੰਗਠਿਤ ਅਪਰਾਧ ਖ਼ਿਲਾਫ਼ ਵੱਡੀ ਸਫ਼ਲਤਾ ਹਾਸਲ ਕਰਦਿਆਂ, ਪੰਜਾਬ ਪੁਲੀਸ ਦੀ ਐਂਟੀ-ਗੈਂਗਸਟਰ ਟਾਸਕ ਫੋਰਸ (ਏਜੀਟੀਐਫ) ਨੇ ਕਾਊਂਟਰ ਇੰਟੈਲੀਜੈਂਸ ਦੇ ਓਵਰਸੀਜ਼ ਫਿਊਜਿਟਿਵ ਟਰੈਕਿੰਗ ਐਂਡ ਐਕਸਟਰਾਡੀਸ਼ਨ ਸੈੱਲ (ਓਐੱਫਟੀਈਸੀ) ਨਾਲ ਨਜ਼ਦੀਕੀ ਤਾਲਮੇਲ ਅਤੇ ਕੇਂਦਰੀ ਏਜੰਸੀਆਂ ਦੇ ਸਹਿਯੋਗ ਨਾਲ ਭਗੌੜੇ ਗੈਂਗਸਟਰ ਗੁਰਵਿੰਦਰ ਸਿੰਘ ਉਰਫ਼ ਅਫਰੀਦੀ ਨੂੰ ਇਥੋਪੀਆ ਤੋਂ ਸਫਲਤਾਪੂਰਵਕ ਡਿਪੋਰਟ ਕਰਵਾ ਲਿਆ ਹੈ।

ਇਹ ਜਾਣਕਾਰੀ ਅੱਜ ਇੱਥੇ ਡਾਇਰੈਕਟਰ ਜਨਰਲ ਆਫ਼ ਪੁਲੀਸ (ਡੀਜੀਪੀ) ਪੰਜਾਬ ਗੌਰਵ ਯਾਦਵ ਨੇ ਦਿੱਤੀ।

ਡੋਨੀ ਬੱਲ-ਪ੍ਰਭ ਦਾਸੂਵਾਲ ਗੈਂਗ ਦਾ ਮੁੱਖ ਸਰਗਨਾ ਗੁਰਵਿੰਦਰ ਉਰਫ਼ ਅਫ਼ਰੀਦੀ, ਜਿਸ ਨੂੰ ਗ੍ਰਿਫ਼ਤਾਰ ਕਰਵਾਉਣ ਸਬੰਧੀ ਸੂਚਨਾ ਦੇਣ 'ਤੇ ਪੰਜਾਬ ਸਰਕਾਰ ਵੱਲੋਂ 5 ਲੱਖ ਰੁਪਏ ਦਾ ਇਨਾਮ ਐਲਾਨਿਆ ਗਿਆ ਸੀ, ਵਿਦੇਸ਼ ਵਿੱਚ ਬੈਠ ਕੇ ਪੰਜਾਬ ਅੰਦਰ ਟਾਰਗੇਟ ਕਿਲਿੰਗ, ਫਿਰੌਤੀ ਲਈ ਗੋਲੀ ਚਲਾਉਣ ਦੀਆਂ ਵਾਰਦਾਤਾਂ ਨੂੰ ਅੰਜ਼ਾਮ ਦੇਣਾ ਅਤੇ ਸੰਗਠਿਤ ਅਪਰਾਧਿਕ ਨੈੱਟਵਰਕ ਚਲਾਉਣ ਵਰਗੀਆਂ ਕਾਰਵਾਈਆਂ ਨੂੰ ਅੰਜਾਮ ਦੇ ਰਿਹਾ ਸੀ। ਉਕਤ ਮੁਲਜ਼ਮ ਪੰਜ ਕਤਲਾਂ, ਇਰਾਦਾ ਕਤਲ, ਫਿਰੌਤੀ ਅਤੇ ਅਸਲਾ ਐਕਟ ਤਹਿਤ ਵੱਖ-ਵੱਖ ਅਪਰਾਧਾਂ ਸਮੇਤ 30 ਤੋਂ ਵੱਧ ਘਿਨਾਉਣੇ ਅਪਰਾਧਕ ਮਾਮਲਿਆਂ ਵਿੱਚ ਲੋੜੀਂਦਾ ਸੀ।

ਪੰਜਾਬ ਪੁਲੀਸ ਹੈੱਡਕੁਆਰਟਰ (ਪੀਪੀਐੱਚਕਿਊ) ਵਿਖੇ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਡੀਜੀਪੀ ਗੌਰਵ ਯਾਦਵ, ਜਿਨ੍ਹਾਂ ਨਾਲ ਸਪੈਸ਼ਲ ਡੀਜੀਪੀ ਏਜੀਟੀਐਫ ਪ੍ਰਮੋਦ ਬਾਨ ਅਤੇ ਸਪੈਸ਼ਲ ਡੀਜੀਪੀ ਕਾਊਂਟਰ ਇੰਟੈਲੀਜੈਂਸ ਅਮਿਤ ਪ੍ਰਸਾਦ ਵੀ ਮੌਜੂਦ ਸਨ, ਨੇ ਦੱਸਿਆ ਕਿ ਪੰਜਾਬ ਪੁਲੀਸ ਵੱਲੋਂ ਕਿਸੇ ਅਫ਼ਰੀਕੀ ਦੇਸ਼ ਤੋਂ ਭਗੌੜੇ ਅਪਰਾਧੀ ਦੀ ਇਹ ਹੁਣ ਤੱਕ ਦੀ ਪਹਿਲੀ ਡਿਪੋਰਟੇਸ਼ਨ ਹੈ, ਜਿਸ ਨਾਲ ਸੂਬੇ ਵਿੱਚ ਸੰਗਠਿਤ ਅਪਰਾਧ ਖ਼ਿਲਾਫ਼ ਵਿੱਢੀ ਸਖ਼ਤ ਮੁਹਿੰਮ ਵਿੱਚ ਇੱਕ ਨਵੀਂ ਸਫ਼ਲਤਾ ਜੁੜ ਗਈ ਹੈ।

ਉਨ੍ਹਾਂ ਕਿਹਾ, ਇਹ ਕਾਰਵਾਈ 'ਆਪਰੇਸ਼ਨ ਸ਼ਾਹਿਦ' ਦੀ ਸਫ਼ਲਤਾ ਨੂੰ



ਦਰਸਾਉਂਦੀ ਹੈ—ਜੋ ਖੁਫ਼ੀਆ ਜਾਣਕਾਰੀ 'ਤੇ ਆਧਾਰਿਤ 10 ਮਹੀਨੇ ਲੰਮਾ ਇੰਟਰਨੈਸ਼ਨਲ ਮੈਨਹੰਟ ਆਪ੍ਰੇਸ਼ਨ ਸੀ, ਜਿਸ ਅਧੀਨ ਲਗਾਤਾਰ ਨਿਗਰਾਨੀ, ਖੁਫ਼ੀਆ ਜਾਣਕਾਰੀ ਜੁਟਾਉਣਾ ਅਤੇ ਕੌਮੀ ਤੇ ਕੌਮਾਂਤਰੀ ਏਜੰਸੀਆਂ ਦੇ ਨਜ਼ਦੀਕੀ ਤਾਲਮੇਲ ਜ਼ਰੀਏ ਏਸ਼ੀਆ, ਦੱਖਣੀ ਅਮਰੀਕਾ ਤੇ ਅਫ਼ਰੀਕਾ ਦੇ ਕਈ ਦੇਸ਼ਾਂ ਵਿੱਚ ਭਗੌੜੇ ਅਪਰਾਧੀਆਂ ਦੀ ਪੈੜ ਨੱਪਣ ਵਰਗੀਆਂ ਕਾਰਵਾਈਆਂ ਨੂੰ ਅੰਜਾਮ ਦਿੱਤਾ ਗਿਆ।

ਜ਼ਿਕਰਯੋਗ ਹੈ ਕਿ 'ਆਪਰੇਸ਼ਨ ਸ਼ਾਹਿਦ' ਕਾਊਂਟਰ ਇੰਟੈਲੀਜੈਂਸ ਵਿੰਗ ਦੇ ਆਈਜੀਪੀ ਓਐੱਫਟੀਈਸੀ ਅਸ਼ੀਸ਼ ਚੌਧਰੀ ਦੀ ਦੇਖ-ਰੇਖ ਹੇਠ ਚਲਾਇਆ ਗਿਆ, ਜਿਨ੍ਹਾਂ ਨੇ ਕੌਮਾਂਤਰੀ ਤਾਲਮੇਲ ਅਤੇ ਫ਼ਾਲੋ-ਅੱਪ ਯਤਨਾਂ ਦੀ ਅਗਵਾਈ ਕੀਤੀ। ਇਸ ਆਪ੍ਰੇਸ਼ਨ ਦੀ ਕਮਾਨ ਐੱਸਪੀ ਏਜੀਟੀਐੱਫ/ਓਐੱਫਟੀਈਸੀ ਆਪਰੇਸ਼ਨਜ਼ ਬਿਕਰਮਜੀਤ ਸਿੰਘ ਬਰਾੜ ਕੋਲ ਸੀ।

ਆਪਰੇਸ਼ਨ ਦੇ ਵੇਰਵੇ ਸਾਂਝੇ ਕਰਦਿਆਂ ਡੀਜੀਪੀ ਨੇ ਦੱਸਿਆ ਕਿ ਮੁਲਜ਼ਮ ਗੁਰਵਿੰਦਰ ਅਫ਼ਰੀਦੀ 31 ਮਾਰਚ 2025 ਨੂੰ ਮੁੰਬਈ ਹਵਾਈ ਅੱਡੇ ਤੋਂ ਯੂਏਈ ਭੱਜ ਗਿਆ ਸੀ। ਇਸ ਮੰਤਵ ਲਈ ਉਸ ਨੇ ਗੋਰਖਪੁਰ ਦੇ ਕਿਸੇ ਵਸਨੀਕ ਦੇ ਵੇਰਵਿਆਂ 'ਤੇ ਫ਼ਰਜ਼ੀ ਤਰੀਕੇ ਨਾਲ 12 ਫ਼ਰਵਰੀ 2025 ਨੂੰ ਲਖਨਊ, ਉੱਤਰ ਪ੍ਰਦੇਸ਼ ਤੋਂ ਬਣਵਾਏ ਫ਼ਰਜ਼ੀ ਪਾਸਪੋਰਟ ਦੀ ਵਰਤੋਂ ਕੀਤੀ ਸੀ।

ਉਨ੍ਹਾਂ ਦੱਸਿਆ ਕਿ ਮੁਲਜ਼ਮ ਸਮੇਂ-ਸਮੇਂ 'ਤੇ ਵੱਖ-ਵੱਖ ਮਹਾਂਦੀਪਾਂ ਵਿੱਚ ਲੁਕ ਕੇ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਨੂੰ ਲਗਾਤਾਰ ਚਕਮਾ ਦੇ ਰਿਹਾ ਸੀ। ਸ਼ੁਰੂਆਤ ਵਿੱਚ ਯੂਏਈ ਵਿੱਚ ਲੁਕੇ ਰਹਿਣ ਤੋਂ ਬਾਅਦ, ਮੁਲਜ਼ਮ ਗੁਰਵਿੰਦਰ ਅਫ਼ਰੀਦੀ ਨੇ ਇਸਤਾਂਬੁਲ ਰਾਹੀਂ ਮੈਕਸੀਕੋ ਭੱਜਣ ਦੀ ਕੋਸ਼ਿਸ਼ ਕੀਤੀ, ਪਰ ਉਸ ਨੂੰ ਵਾਪਸ ਯੂਏਈ ਡਿਪੋਰਟ ਕਰ ਦਿੱਤਾ ਗਿਆ। ਇਸ ਉਪਰੰਤ ਉਹ ਅਪਰੈਲ 2026 ਵਿੱਚ ਕੀਨੀਆ ਚਲਾ ਗਿਆ, ਜੂਨ 2026 ਵਿੱਚ ਅੰਗੋਲਾ ਅਤੇ ਨਵੰਬਰ 2026 ਵਿੱਚ ਇਥੋਪੀਆ ਚਲਾ ਗਿਆ।

ਡੀਜੀਪੀ ਗੌਰਵ ਯਾਦਵ ਨੇ ਦੱਸਿਆ ਕਿ ਪੰਜਾਬ ਪੁਲੀਸ ਨੇ ਗੁਰਵਿੰਦਰ ਅਫ਼ਰੀਦੀ ਖ਼ਿਲਾਫ਼ ਰੈੱਡ ਕਾਰਨਰ ਨੋਟਿਸ ਜਾਰੀ ਕਰਵਾਇਆ ਸੀ। ਇਸਦੇ ਨਾਲ ਹੀ ਉਸ ਦੀ ਫ਼ਰਜ਼ੀ ਪਛਾਣ ਅਤੇ ਕਾਰਵਾਈਆਂ ਬਾਰੇ ਸਮੇਂ-ਸਮੇਂ 'ਤੇ ਕੇਂਦਰੀ ਏਜੰਸੀਆਂ ਨਾਲ ਜਾਣਕਾਰੀ ਸਾਂਝੀ ਕੀਤੀ ਸੀ ਅਤੇ ਪੁਲਿਸ ਨੇ ਉਸ ਖਿਲਾਫ਼ ਸੱਤ ਇੰਟਰਪੋਲ ਰੈਫ਼ਰੈਂਸ ਵੀ ਜਾਰੀ ਕਰਵਾਏ ਸਨ।

ਏਜੰਸੀਆਂ ਵੱਲੋਂ ਲਗਾਤਾਰ ਕਾਰਵਾਈ ਸਦਕਾ ਉਸ ਨੂੰ 6 ਨਵੰਬਰ 2026 ਨੂੰ ਇਥੋਪੀਆ ਵਿੱਚ ਹਿਰਾਸਤ 'ਚ ਲੈ ਲਿਆ ਗਿਆ ਅਤੇ ਹੁਣ ਉਸਨੂੰ ਭਾਰਤ ਡਿਪੋਰਟ ਕਰ ਦਿੱਤਾ ਗਿਆ ਹੈ।

ਪੰਜਾਬ ਪੁਲੀਸ ਨੇ ਉਸ ਨੂੰ ਨਵੀਂ ਦਿੱਲੀ ਹਵਾਈ ਅੱਡੇ 'ਤੇ ਹਿਰਾਸਤ ਵਿੱਚ ਲੈ ਲਿਆ ਹੈ ਅਤੇ ਅੱਗੇ ਦੀ ਕਾਨੂੰਨੀ ਕਾਰਵਾਈ ਲਈ ਉਸਨੂੰ ਪੰਜਾਬ ਲਿਆਂਦਾ ਜਾ ਰਿਹਾ ਹੈ।

ਡੀਜੀਪੀ, ਪੰਜਾਬ ਨੇ ਏਜੀਟੀਐਫ ਅਤੇ ਓਐੱਫਟੀਈਸੀ ਦੀਆਂ ਟੀਮਾਂ ਦੇ ਅਣਥੱਕ ਯਤਨਾਂ ਦੀ ਸ਼ਲਾਘਾ ਕੀਤੀ ਅਤੇ ਇਸ ਡਿਪੋਰਟੇਸ਼ਨ ਨੂੰ ਯਕੀਨੀ ਬਣਾਉਣ ਲਈ ਨਿਰਵਿਘਨ ਕੌਮਾਂਤਰੀ ਸਹਿਯੋਗ ਵਾਸਤੇ ਵਿਦੇਸ਼ ਮੰਤਰਾਲੇ, ਗ੍ਰਹਿ ਮੰਤਰਾਲੇ ਅਤੇ ਕੇਂਦਰੀ ਖੁਫ਼ੀਆ ਤੇ ਜਾਂਚ ਏਜੰਸੀਆਂ ਦਾ ਧੰਨਵਾਦ ਕੀਤਾ।

ਦੱਸਣਯੋਗ ਹੈ ਕਿ ਮੁਲਜ਼ਮ ਗੁਰਵਿੰਦਰ ਅਫ਼ਰੀਦੀ ਪੰਜਾਬ ਅੰਦਰ ਪੰਜ ਸਨਸਨੀਖੇਜ਼ ਕਤਲ ਮਾਮਲਿਆਂ ਵਿੱਚ ਲੋੜੀਂਦਾ ਸੀ, ਜਿਨ੍ਹਾਂ ਵਿੱਚ ਸਰਪੰਚ ਰਾਜਵਿੰਦਰ ਉਰਫ਼ ਰਾਜ ਤਲਵੰਡੀ ਦਾ ਕਤਲ (ਅਕਤੂਬਰ 2024), 12 ਸਾਲਾ ਲੜਕੇ ਗੁਰਸੇਵਕ ਸਿੰਘ ਦਾ ਕਤਲ (ਮਾਰਚ 2025), ਵਿੱਕੀ ਚੁੱਘ ਦਾ ਕਤਲ (ਮਾਰਚ 2025), ਜਸਵੰਤ ਸਿੰਘ ਦਾ ਕਤਲ (ਮਈ 2025) ਅਤੇ ਕਾਂਗਰਸ ਦੇ ਬਲਾਕ ਪ੍ਰਧਾਨ ਗੁਰਮੇਲ ਸਿੰਘ ਦਾ ਕਤਲ (ਸਤੰਬਰ 2025) ਸ਼ਾਮਲ ਹਨ।

ਡਾ. ਟੰਕੇਸ਼ਵਰ ਕੁਮਾਰ ਪੰਜਾਬ ਯੂਨੀਵਰਸਿਟੀ ਦੇ ਉਪ-ਕੁਲਪਤੀ ਨਿਯੁਕਤ

ਚੰਡੀਗੜ੍ਹ, 13 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਡਾ. ਟੰਕੇਸ਼ਵਰ ਕੁਮਾਰ, ਜੋ ਇਸ ਸਮੇਂ ਹਰਿਆਣਾ ਕੇਂਦਰੀ ਯੂਨੀਵਰਸਿਟੀ ਦੇ ਉਪ-ਕੁਲਪਤੀ ਹਨ, ਨੂੰ ਚੰਡੀਗੜ੍ਹ ਸਥਿਤ ਪੰਜਾਬ ਯੂਨੀਵਰਸਿਟੀ ਦੀ ਅਗਵਾਈ ਕਰਨ ਲਈ ਨਿਯੁਕਤ ਕੀਤਾ ਗਿਆ ਹੈ।

ਹਰਿਆਣਾ ਕੇਂਦਰੀ ਯੂਨੀਵਰਸਿਟੀ ਦੇ ਉਪ-ਕੁਲਪਤੀ, ਡਾ. ਟੰਕੇਸ਼ਵਰ ਕੁਮਾਰ ਨੂੰ ਸੋਮਵਾਰ ਨੂੰ ਤਿੰਨ ਵਰ੍ਹਿਆਂ ਦੇ ਕਾਰਜਕਾਲ ਲਈ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਦਾ ਉਪ-ਕੁਲਪਤੀ ਨਿਯੁਕਤ ਕੀਤਾ ਗਿਆ ਹੈ।

ਇਸ ਨਿਯੁਕਤੀ ਬਾਰੇ ਸੂਚਨਾ ਭਾਰਤ ਦੇ ਉਪ-ਰਾਸ਼ਟਰਪਤੀ ਦੇ ਸਕੱਤਰੇਤ ਵੱਲ ਜਾਰੀ ਕੀਤੀ ਗਈ।

ਭਾਰਤ ਦੇ ਉਪ-ਰਾਸ਼ਟਰਪਤੀ (ਜੋ ਪੰਜਾਬ ਯੂਨੀਵਰਸਿਟੀ ਦੇ ਕੁਲਪਤੀ ਵੀ ਹਨ) ਦੇ ਸਕੱਤਰ ਅਮਿਤ ਖਰੇ ਦੁਆਰਾ ਜਾਰੀ ਨੋਟੀਫਿਕੇਸ਼ਨ ਵਿੱਚ ਕਿਹਾ ਗਿਆ ਹੈ ਕਿ ਇਹ ਨਿਯੁਕਤੀ 'ਪੰਜਾਬ ਯੂਨੀਵਰਸਿਟੀ ਐਕਟ, 1947' ਦੀ ਧਾਰਾ 10 ਦੇ ਤਹਿਤ ਕੀਤੀ ਗਈ ਹੈ।

ਡਾ. ਕੁਮਾਰ ਦਾ ਤਿੰਨ ਵਰ੍ਹਿਆਂ ਦਾ ਕਾਰਜਕਾਲ ਉਸ ਮਿਤੀ ਤੋਂ ਸ਼ੁਰੂ ਹੋਵੇਗਾ ਜਿਸ ਦਿਨ ਉਹ ਅਹੁਦਾ ਸੰਭਾਲਣਗੇ।

ਇਹ ਨੋਟੀਫਿਕੇਸ਼ਨ ਪੰਜਾਬ ਦੇ ਮੁੱਖ ਸਕੱਤਰ, ਚੰਡੀਗੜ੍ਹ ਪ੍ਰਸ਼ਾਸਕ ਦੇ ਸਲਾਹਕਾਰ, ਕੇਂਦਰੀ ਸਿੱਖਿਆ ਮੰਤਰਾਲੇ, ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ (ਯੂਜੀਸੀ) ਅਤੇ ਪੰਜਾਬ ਯੂਨੀਵਰਸਿਟੀ ਦੇ ਰਜਿਸਟਰਾਰ ਨੂੰ ਜ਼ਰੂਰੀ ਕਾਰਵਾਈ ਲਈ ਭੇਜ ਦਿੱਤਾ ਗਿਆ ਹੈ। ਡਾ. ਕੁਮਾਰ ਇਸ ਸਮੇਂ ਹਰਿਆਣਾ ਕੇਂਦਰੀ ਯੂਨੀਵਰਸਿਟੀ ਦੀ ਅਗਵਾਈ ਕਰ ਰਹੇ ਹਨ। ਉਹ ਚੰਡੀਗੜ੍ਹ ਸਥਿਤ ਪੰਜਾਬ ਯੂਨੀਵਰਸਿਟੀ ਵਿੱਚ ਉਪ-ਕੁਲਪਤੀ ਦੀ ਥਾਂ ਲੈਣਗੇ।

ਭਗਵੰਤ ਮਾਨ ਸਰਕਾਰ ਵੱਲੋਂ ਡਿਜੀਟਲ ਸਿੱਖਿਆ ਵਿੱਚ ਇਤਿਹਾਸਕ ਵਿਸਤਾਰ; ਪੰਜਾਬ ਦੇ ਸਰਕਾਰੀ ਸਕੂਲਾਂ ਦੇ ਵਿਦਿਆਰਥੀਆਂ ਨੂੰ ਮਹਿਜ਼ 1 ਸਾਲ ਵਿੱਚ 56,183 ਕੰਪਿਊਟਰ ਦਿੱਤੇ

➢ 40,003 ਕੰਪਿਊਟਰ ਪਹਿਲਾਂ ਹੀ ਇਸ ਸਾਲ ਦੇ ਸ਼ੁਰੂ ਵਿੱਚ ਪ੍ਰਦਾਨ ਕੀਤੇ ਗਏ, ਪੰਜਾਬ ਸਿੱਖਿਆ ਕ੍ਰਾਂਤੀ ਤਹਿਤ 1 ਦਸੰਬਰ ਤੱਕ 16,180 ਹੋਰ ਕੰਪਿਊਟਰ ਦਿੱਤੇ ਜਾਣਗੇ ਜਿਸ ਨਾਲ ਕੰਪਿਊਟਰਾਂ ਦੀ ਕੁੱਲ ਗਿਣਤੀ 56,183 ਹੋ ਜਾਵੇਗੀ ➢ ਹਰ ਬੱਚਾ, ਭਾਵੇਂ ਉਸ ਦਾ ਪਿਛੋਕੜ ਕੋਈ ਵੀ ਹੋਵੇ, ਮਿਆਰੀ ਸਿੱਖਿਆ ਅਤੇ ਆਧੁਨਿਕ ਤਕਨਾਲੋਜੀ ਤੱਕ ਪਹੁੰਚ ਦਾ ਹੱਕਦਾਰ: ਮੁੱਖ ਮੰਤਰੀ ਭਗਵੰਤ ਸਿੰਘ ਮਾਨ

ਚੰਡੀਗੜ੍ਹ, 13 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਆਪਣੇ ਪ੍ਰਮੁੱਖ ਪ੍ਰੋਗਰਾਮ 'ਸਿੱਖਿਆ ਕ੍ਰਾਂਤੀ' ਤਹਿਤ ਪੰਜਾਬ ਭਰ ਦੇ ਸਰਕਾਰੀ ਸਕੂਲਾਂ ਵਿੱਚ ਡਿਜੀਟਲ ਬਦਲਾਅ ਲਿਆਉਣ ਲਈ ਅਹਿਮ ਕਦਮ ਚੁੱਕੇ ਜਾ ਰਹੇ ਹਨ। ਇਸੇ ਤਹਿਤ, ਇਸ ਸਾਲ ਦੀ ਸ਼ੁਰੂਆਤ ਵਿੱਚ ਲਗਭਗ 396 ਕਰੋੜ ਰੁਪਏ ਦੇ ਨਿਵੇਸ਼ ਨਾਲ 40,003 ਡੈਸਕਟਾਪ ਕੰਪਿਊਟਰ ਮੁਹੱਈਆ ਕਰਵਾਏ ਗਏ। ਹੁਣ ਇਸ ਪਹਿਲਕਦਮੀ ਦੇ ਦੂਜੇ ਪੜਾਅ ਦਾ ਵਿਸਤਾਰ ਕੀਤਾ ਜਾ ਰਿਹਾ ਹੈ ਜਿਸ ਤਹਿਤ ਸਰਕਾਰੀ ਸਕੂਲਾਂ ਦੇ ਵਿਦਿਆਰਥੀਆਂ ਲਈ 16,180 ਹੋਰ ਡੈਸਕਟਾਪ ਕੰਪਿਊਟਰ ਮੁਹੱਈਆ ਕਰਵਾਏ ਜਾਣਗੇ, ਜਿਸ ਨਾਲ ਕੰਪਿਊਟਰਾਂ ਦੀ ਗਿਣਤੀ 56,183 ਹੋ ਜਾਵੇਗੀ। ਦੂਜੇ ਪੜਾਅ ਲਈ ਕੰਪਿਊਟਰਾਂ ਦੀ ਡਿਲਿਵਰੀ ਅਤੇ ਸਥਾਪਤ ਕਰਨ ਦੀ ਪ੍ਰਕਿਰਿਆ 2 ਨਵੰਬਰ ਤੋਂ 1 ਦਸੰਬਰ, 2026 ਤੱਕ ਨਿਰਧਾਰਤ ਕੀਤੀ ਗਈ ਹੈ। 'ਸਿੱਖਿਆ ਕ੍ਰਾਂਤੀ' ਤਹਿਤ 2,004 ਹੋਰ ਸਰਕਾਰੀ ਸਕੂਲਾਂ ਵਿੱਚ ਕੰਪਿਊਟਰ ਲੈਬਾਂ ਸਥਾਪਤ ਕੀਤੀਆਂ ਜਾਣਗੀਆਂ, ਜਦਕਿ ਇਸ ਵਰ੍ਹੇ ਦੇ ਸ਼ੁਰੂ ਵਿੱਚ ਕੰਪਿਊਟਰ ਲੈਬਾਂ ਸਥਾਪਤ ਕੀਤੇ ਗਏ ਸਕੂਲਾਂ ਦੀ ਗਿਣਤੀ 5,064 ਤੱਕ ਪਹੁੰਚ ਚੁੱਕੀ ਹੈ।

ਇਸ ਬਾਰੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, ਹਰ ਬੱਚਾ, ਭਾਵੇਂ ਉਸਦਾ ਪਿਛੋਕੜ ਕੋਈ ਵੀ ਹੋਵੇ, ਮਿਆਰੀ ਸਿੱਖਿਆ ਅਤੇ ਇਸ ਨਾਲ ਸਬੰਧਤ ਮੌਕਿਆਂ ਤੱਕ ਪਹੁੰਚ ਦਾ ਹੱਕਦਾਰ ਹੈ। ਪੰਜਾਬ ਸਿੱਖਿਆ ਕ੍ਰਾਂਤੀ ਰਾਹੀਂ, ਅਸੀਂ ਸਰਕਾਰੀ ਸਕੂਲਾਂ ਵਿੱਚ ਅਹਿਮ ਬਦਲਾਅ ਲਿਆ ਰਹੇ ਹਾਂ ਅਤੇ ਕਲਾਸਰੂਮਾਂ ਨੂੰ ਆਧੁਨਿਕ ਤਕਨਾਲੋਜੀ ਨਾਲ ਲੈਸ ਕਰ ਰਹੇ ਹਾਂ। ਸਾਡਾ ਦ੍ਰਿਸ਼ਟੀਕੋਣ ਸਪੱਸ਼ਟ ਹੈ ਕਿ ਪੰਜਾਬ ਦੇ ਹਰ ਬੱਚੇ ਕੋਲ ਬਿਹਤਰ ਭਵਿੱਖ ਬਣਾਉਣ ਲਈ ਸਾਧਨ, ਵਿਸ਼ਵਾਸ ਅਤੇ ਬਰਾਬਰ ਮੌਕੇ ਹੋਣ।

ਇਸ ਦੌਰਾਨ, ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੇ ਕਿਹਾ, ਪੰਜਾਬ ਸਿੱਖਿਆ ਕ੍ਰਾਂਤੀ ਨਾ ਸਿਰਫ਼ ਸਾਡੇ ਸਕੂਲਾਂ ਦੇ ਬੁਨਿਆਦੀ ਢਾਂਚੇ ਨੂੰ ਬਦਲ ਰਹੀ ਹੈ, ਸਗੋਂ ਉਨ੍ਹਾਂ ਵਿੱਚ ਪੜ੍ਹਦੇ ਹਰ ਬੱਚੇ ਲਈ ਨਵੀਆਂ ਸੰਭਾਵਨਾਵਾਂ ਦੇ ਦਰਵਾਜ਼ੇ ਵੀ ਖੋਲ੍ਹ ਰਹੀ ਹੈ। ਪਹਿਲੇ ਪੜਾਅ ਵਿੱਚ ਇੰਟਰਐਕਟਿਵ ਫਲੈਟ ਪੈਨਲ ਪ੍ਰਦਾਨ ਕੀਤੇ ਗਏ ਹਨ ਅਤੇ ਅਗਲੇ ਪੜਾਅ ਵਿੱਚ ਡੈਸਕਟੌਪ ਕੰਪਿਊਟਰ ਪ੍ਰਦਾਨ ਕਰਕੇ, ਅਸੀਂ ਸੂਬੇ ਭਰ ਦੇ ਵਿਦਿਆਰਥੀਆਂ ਅਤੇ ਅਧਿਆਪਕਾਂ ਨੂੰ ਤਕਨਾਲੋਜੀ ਦੇ ਹੋਰ ਨੇੜੇ ਲਿਆ ਰਹੇ ਹਾਂ।

ਸਾਡਾ ਟੀਚਾ ਕਲਾਸਰੂਮਾਂ ਨੂੰ ਵਧੇਰੇ ਦਿਲਚਸਪ ਬਣਾਉਣਾ, ਸਿੱਖਣ ਨੂੰ ਵਧੇਰੇ ਅਰਥਪੂਰਨ ਬਣਾਉਣਾ ਅਤੇ ਸਰਕਾਰੀ ਸਕੂਲਾਂ ਨੂੰ ਅਜਿਹੀ ਨੁਹਾਰ ਦੇਣਾ ਹੈ ਜਿਸ ਨਾਲ ਹਰ ਪੰਜਾਬੀ ਨੂੰ ਇਹਨਾਂ ਸਕੂਲਾਂ 'ਤੇ ਮਾਣ ਹੋਵੇ।

ਇਸੇ ਸਾਲ ਵਿੱਚ 8,268 ਇੰਟਰਐਕਟਿਵ ਫਲੈਟ ਪੈਨਲ ਡਿਲਿਵਰ ਕਰਕੇ ਕਲਾਸਰੂਮਾਂ ਵਿੱਚ ਡਿਜੀਟਲ ਲਰਨਿੰਗ ਯਕੀਨੀ ਬਣਾਈ ਗਈ

ਕੰਪਿਊਟਰ ਪ੍ਰਦਾਨ ਕਰਨ ਦੇ ਨਾਲ-ਨਾਲ, ਪਹਿਲੇ ਪੜਾਅ ਅਧੀਨ 3,694 ਸਰਕਾਰੀ ਸਕੂਲਾਂ ਵਿੱਚ 8,268 ਇੰਟਰਐਕਟਿਵ ਫਲੈਟ ਪੈਨਲ (ਆਈਐਫਪੀਜ਼) ਡਿਲਿਵਰ ਕੀਤੇ ਗਏ ਹਨ, ਜਿਸ ਨਾਲ ਸੂਬੇ ਭਰ ਦੇ ਕਲਾਸਰੂਮਾਂ ਵਿੱਚ ਤਕਨਾਲੋਜੀ-ਸਮਰਥਿਤ ਅਧਿਆਪਨ ਸਾਧਨਾਂ ਨੂੰ ਯਕੀਨੀ ਬਣਾਇਆ ਗਿਆ। ਡਿਜੀਟਲ ਬੁਨਿਆਦੀ ਢਾਂਚਾ ਅਧਿਆਪਕਾਂ ਲਈ ਰੋਜ਼ਾਨਾ ਦੇ ਪਾਠਾਂ ਵਿੱਚ ਮਲਟੀਮੀਡੀਆ ਸਰੋਤਾਂ, ਡਿਜੀਟਲ ਸਮੱਗਰੀ ਅਤੇ ਅਸਲ-ਸਮੇਂ ਦੇ ਪ੍ਰਦਰਸ਼ਨਾਂ ਨੂੰ ਏਕੀਕ੍ਰਿਤ ਕਰਨ ਵਿੱਚ ਮਦਦਗਾਰ ਸਾਬਤ ਹੋਵੇਗਾ, ਜਿਸ ਨਾਲ ਕਲਾਸਰੂਮ ਲਰਨਿੰਗ ਨੂੰ ਵਧੇਰੇ ਪ੍ਰਭਾਵੀ ਅਤੇ ਦਿਲਚਸਪ ਬਣਾਇਆ ਜਾ ਸਕੇਗਾ।

ਪੰਜਾਬ ਸਿੱਖਿਆ ਕ੍ਰਾਂਤੀ ਨੇ ਬਰਾਬਰ ਪਹੁੰਚ ਅਤੇ ਭਵਿੱਖ ਲਈ ਤਿਆਰ ਸਿੱਖਿਆ 'ਤੇ ਜ਼ੋਰ ਦਿੰਦਿਆਂ ਸਰਕਾਰੀ ਸਕੂਲਾਂ ਨੂੰ ਡਿਜੀਟਲ ਸਿੱਖਿਆ ਵੱਲ ਲਿਜਾਣ ਵਿੱਚ ਅਹਿਮ ਭੂਮਿਕਾ ਨਿਭਾਈ

ਇਹ ਪਹਿਲਕਦਮੀ 'ਪੰਜਾਬ ਸਿੱਖਿਆ ਕ੍ਰਾਂਤੀ' ਤਹਿਤ ਕੀਤੇ ਜਾ ਰਹੇ ਵਿਆਪਕ ਸੁਧਾਰਾਂ ਦਾ ਹਿੱਸਾ ਹੈ, ਜਿਨ੍ਹਾਂ ਵਿੱਚ ਬੁਨਿਆਦੀ ਸਿੱਖਿਆ ਨੂੰ ਮਜ਼ਬੂਤ ਕਰਨ, ਸਕੂਲੀ ਢਾਂਚੇ ਨੂੰ ਅਪਗ੍ਰੇਡ ਕਰਨ ਅਤੇ ਵਿਦਿਅਕ ਨਤੀਜਿਆਂ ਵਿੱਚ ਸੁਧਾਰ ਲਿਆਉਣ 'ਤੇ ਧਿਆਨ ਕੇਂਦਰਿਤ ਕੀਤਾ ਗਿਆ ਹੈ। ਇਸ ਪ੍ਰੋਗਰਾਮ ਵਿੱਚ ਡਿਜੀਟਲ ਸਿੱਖਿਆ ਤੱਕ ਬਰਾਬਰ ਪਹੁੰਚ, ਸੁਰੱਖਿਅਤ ਢੰਗ ਨਾਲ ਉਪਕਰਨ ਲਗਾਉਣ ਦੇ ਨਿਯਮਾਂ, ਪਾਰਦਰਸ਼ੀ ਨਿਗਰਾਨੀ ਅਤੇ ਜਵਾਬਦੇਹੀ 'ਤੇ ਵੀ ਜ਼ੋਰ ਦਿੱਤਾ ਗਿਆ ਹੈ, ਤਾਂ ਜੋ ਜਨਤਕ ਸਰੋਤਾਂ ਦੀ ਸੁਚੱਜੀ ਵਰਤੋਂ ਨੂੰ ਯਕੀਨੀ ਬਣਾਇਆ ਜਾ ਸਕੇ।

ਇਸ ਵਿਸਤਾਰ ਰਾਹੀਂ, ਭਗਵੰਤ ਮਾਨ ਸਰਕਾਰ ਵੱਲੋਂ ਸਰਕਾਰੀ ਸਕੂਲਾਂ ਨੂੰ ਤਕਨਾਲੋਜੀ-ਅਧਾਰਤ ਕਲਾਸਰੂਮ ਵੱਲ ਲਿਜਾਇਆ ਜਾ ਰਿਹਾ ਹੈ, ਜਿਸ ਰਾਹੀਂ ਵਿਦਿਆਰਥੀਆਂ ਨੂੰ ਡਿਜੀਟਲ ਹੁਨਰਾਂ ਨਾਲ ਲੈਸ ਕੀਤਾ ਜਾ ਰਿਹਾ ਹੈ ਅਤੇ ਉਨ੍ਹਾਂ ਦੀ ਸਿੱਖਣ ਦੇ ਆਧੁਨਿਕ ਸਾਧਨਾਂ ਤੱਕ ਪਹੁੰਚ ਵਧਾਈ ਜਾ ਰਹੀ ਹੈ, ਜੋ ਉਚੇਰੀ ਸਿੱਖਿਆ, ਰੁਜ਼ਗਾਰ ਅਤੇ ਤੇਜ਼ੀ ਨਾਲ ਉਭਰ ਰਹੀ ਤਕਨਾਲੋਜੀ ਦਾ ਹਾਣੀ ਬਣਨ ਲਈ ਬੇਹੱਦ ਜ਼ਰੂਰੀ ਹਨ।

ਅੰਮ੍ਰਿਤਪਾਲ ਸਿੰਘ ਨੂੰ ਪੈਰੋਲ ਦੇਣ ਦੇ ਰੌਂਅ 'ਚ ਪੰਜਾਬ ਸਰਕਾਰ



ਚੰਡੀਗੜ੍ਹ, 13 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਸਰਕਾਰ ਖਡੂਰ ਸਾਹਿਬ ਤੋਂ ਸੰਸਦ ਮੈਂਬਰ ਅੰਮ੍ਰਿਤਪਾਲ ਸਿੰਘ ਨੂੰ ਇੱਕ-ਦੋ ਦਿਨ ਦੀ ਪੈਰੋਲ ਦੇਣ ਦੇ ਰੌਂਅ 'ਚ ਹੈ ਤਾਂ ਜੋ ਸੰਸਦ ਮੈਂਬਰ ਆਪਣੀ ਦਾਦੀ ਚਰਨ ਕੌਰ ਦੇ ਅੰਤਿਮ ਸੰਸਕਾਰ 'ਚ ਸ਼ਾਮਲ ਹੋ ਸਕੇ। ਪਰਿਵਾਰਕ ਮੈਂਬਰਾਂ ਨੇ ਚਰਨ ਕੌਰ ਦੀ ਮ੍ਰਿਤਕ ਦੇਹ ਨੂੰ ਹਸਪਤਾਲ 'ਚ ਰੱਖਿਆ ਹੋਇਆ ਹੈ ਤੇ ਅੰਮ੍ਰਿਤਪਾਲ ਸਿੰਘ ਦੀ ਪੈਰੋਲ ਲਈ ਭਲਕੇ ਅੰਮ੍ਰਿਤਸਰ ਅਦਾਲਤ 'ਚ ਪਟੀਸ਼ਨ ਦਾਇਰ ਕੀਤੀ ਜਾਣੀ ਹੈ। ਪਟੀਸ਼ਨ ਦਾਇਰ ਕਰਕੇ ਦੋ ਜਾਂ ਤਿੰਨ ਦਿਨਾਂ ਦੀ ਪੈਰੋਲ ਦੀ ਮੰਗ ਕੀਤੀ ਜਾਵੇਗੀ।

ਪਰਿਵਾਰ ਨੇ ਸੰਸਦ ਮੈਂਬਰ ਦੀ ਦਾਦੀ ਦਾ ਸਸਕਾਰ ਨਾ ਕਰਨ ਦੀ ਵਿਉਂਤ ਬਣਾਈ ਹੈ। ਉਂਝ ਪਰਿਵਾਰ 15 ਨਵੰਬਰ ਨੂੰ ਸਸਕਾਰ ਕਰਨਾ ਚਾਹੁੰਦਾ ਹੈ ਅਤੇ 17 ਨਵੰਬਰ ਨੂੰ ਭੋਗ ਸਮਾਗਮ ਰੱਖਣ ਦੀ ਸੰਭਾਵਨਾ ਹੈ। ਪਰਿਵਾਰ ਚਾਹੁੰਦਾ ਹੈ ਕਿ ਅੰਮ੍ਰਿਤਪਾਲ ਸਿੰਘ ਸਸਕਾਰ ਤੋਂ ਇਲਾਵਾ ਭੋਗ ਸਮਾਗਮਾਂ 'ਚ ਵੀ ਸ਼ਾਮਲ ਹੋ ਸਕੇ। ਅਹਿਮ ਸੂਤਰਾਂ ਅਨੁਸਾਰ ਮੁੱਖ ਮੰਤਰੀ ਦਫ਼ਤਰ ਨੇ ਅੰਮ੍ਰਿਤਪਾਲ ਸਿੰਘ ਨੂੰ ਦਾਦੀ ਦੇ ਸਸਕਾਰ 'ਚ ਸ਼ਾਮਲ ਹੋਣ ਦੇਣ ਲਈ ਇੱਕ ਦਿਨ ਦੀ ਪੈਰੋਲ ਦੇਣ ਲਈ ਗ਼ੈਰ-ਰਸਮੀ ਤੌਰ 'ਤੇ ਹਾਮੀ ਭਰ ਦਿੱਤੀ ਹੈ ਅਤੇ ਅੰਮ੍ਰਿਤਸਰ ਅਦਾਲਤ 'ਚ ਸੂਬਾ ਸਰਕਾਰ ਵੱਲੋਂ ਪੈਰੋਲ ਦਾ ਵਿਰੋਧ ਕਰਨ ਦੀ ਘੱਟ ਗੁੰਜਾਇਸ਼ ਜਾਪਦੀ ਹੈ।

ਅੰਮ੍ਰਿਤਪਾਲ ਸਿੰਘ ਦੇ ਪਿਤਾ ਤਰਸੇਮ ਸਿੰਘ ਨੇ ਕਿਹਾ ਕਿ ਉਹ ਪੈਰੋਲ ਮਾਮਲੇ 'ਚ ਪਹਿਲਾਂ ਸਰਕਾਰ ਦਾ ਰੁਖ਼ ਦੇਖਣਗੇ ਅਤੇ ਫ਼ਿਲਹਾਲ ਤਿੰਨ ਦਿਨ ਮ੍ਰਿਤਕ ਦੇਹ ਨੂੰ ਰੱਖਣ ਦਾ ਫ਼ੈਸਲਾ ਕੀਤਾ ਹੈ। ਪਤਾ ਲੱਗਿਆ ਹੈ ਕਿ ਇਸ ਬਾਬਤ ਰਾਜਪਾਲ ਨੂੰ ਅਕਾਲੀ ਦਲ ਵਾਰਸ ਪੰਜਾਬ ਦੇ ਜਥੇਬੰਦੀ ਦਾ ਵਫ਼ਦ ਵੀ ਮਿਲਣ ਦਾ ਪ੍ਰੋਗਰਾਮ ਬਣਾ ਰਿਹਾ ਹੈ। ਜਥੇਬੰਦੀ ਆਖ ਚੁੱਕੀ ਹੈ ਕਿ ਜੇ ਡੇਰਾ ਸਿਰਸਾ ਦੇ ਮੁਖੀ ਨੂੰ ਵਾਰ-ਵਾਰ ਪੈਰੋਲ ਦਿੱਤੀ ਜਾ ਸਕਦੀ ਹੈ ਤਾਂ ਲੋਕਾਂ ਦੇ ਚੁਣੇ ਨੁਮਾਇੰਦੇ ਨੂੰ ਕਿਉਂ ਨਹੀਂ।

ਖਡੂਰ ਸਾਹਿਬ ਤੋਂ ਸੰਸਦ ਮੈਂਬਰ ਅਤੇ ਅਕਾਲੀ ਦਲ (ਵਾਰਿਸ ਪੰਜਾਬ) ਦੇ ਆਗੂ ਅੰਮ੍ਰਿਤਪਾਲ ਸਿੰਘ ਖਾਲਸਾ ਦੇ ਦਾਦੀ ਚਰਨ ਕੌਰ ਦਾ ਲੰਘੀ ਸ਼ਾਮ ਦੇਹਾਂਤ ਹੋ ਗਿਆ ਸੀ। ਪਰਿਵਾਰਕ ਮੈਂਬਰਾਂ ਅਨੁਸਾਰ ਉਹ 84 ਵਰ੍ਹਿਆਂ ਦੇ ਸਨ ਅਤੇ ਕੁਝ ਮਹੀਨਿਆਂ ਤੋਂ ਬਿਮਾਰ ਸਨ। ਅੰਮ੍ਰਿਤਪਾਲ ਸਿੰਘ ਤੋਂ ਇਲਾਵਾ ਉਨ੍ਹਾਂ ਦੇ ਚਾਚਾ ਹਰਜੀਤ ਸਿੰਘ ਅਤੇ ਉਨ੍ਹਾਂ ਦਾ ਇਕ ਹੋਰ ਰਿਸ਼ਤੇਦਾਰ ਸੁਖਮਨਜੀਤ ਸਿੰਘ ਵੀ ਜੇਲ੍ਹ ਵਿੱਚ ਨਜ਼ਰਬੰਦ ਹੈ। ਪਰਿਵਾਰਕ ਸੂਤਰਾਂ ਅਨੁਸਾਰ ਮਾਤਾ ਚਰਨ ਕੌਰ ਦਾ ਸਸਕਾਰ ਉਨ੍ਹਾਂ ਦੇ ਪੁੱਤਰ ਹਰਜੀਤ ਸਿੰਘ, ਪੋਤਰੇ ਅੰਮ੍ਰਿਤਪਾਲ ਸਿੰਘ ਅਤੇ ਉਨ੍ਹਾਂ ਦੇ ਦੋਹਤੇ ਸੁਖਮਨਜੀਤ ਸਿੰਘ ਦੀ ਹਾਜ਼ਰੀ ਵਿੱਚ ਹੀ ਕੀਤਾ ਜਾਵੇਗਾ। ਅੰਮ੍ਰਿਤਪਾਲ ਸਿੰਘ ਨੂੰ ਸਸਕਾਰ 'ਚ ਸ਼ਾਮਲ ਹੋਣ ਦੀ ਇਜਾਜ਼ਤ ਦਿਵਾਉਣ ਲਈ ਵਕੀਲਾਂ ਨੇ ਕਾਨੂੰਨੀ ਚਾਰਾਜੋਈ ਦੀ ਤਿਆਰੀ ਸ਼ੁਰੂ ਕਰ ਦਿੱਤੀ ਹੈ। ਇਸ ਸਬੰਧੀ 10 ਨਵੰਬਰ ਨੂੰ ਸਥਾਨਕ ਅਦਾਲਤ ਵਿੱਚ ਜ਼ਮਾਨਤ ਲਈ ਅਰਜ਼ੀ ਦਾਇਰ ਕੀਤੀ ਜਾਵੇਗੀ। ਇਸ ਸਬੰਧੀ ਐਡਵੋਕੇਟ ਹਰਜੋਤ ਸਿੰਘ ਮਾਨ ਅਤੇ ਐਡਵੋਕੇਟ ਕਰਮਵੀਰ ਸਿੰਘ ਸਮੇਤ ਵਕੀਲਾਂ ਦੇ ਪੈਨਲ ਨੇ ਅੰਮ੍ਰਿਤਸਰ ਕੋਰਟ ਕੰਪਲੈਕਸ 'ਚ ਪ੍ਰੈੱਸ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਅੰਮ੍ਰਿਤਪਾਲ ਸਿੰਘ ਨੂੰ ਉਨ੍ਹਾਂ ਦੀ ਦਾਦੀ ਦੇ ਸਸਕਾਰ ਵਿੱਚ ਸ਼ਾਮਲ ਹੋਣ ਦਾ ਮੌਕਾ ਦੇਣ ਲਈ ਕਾਨੂੰਨੀ ਪੱਖ ਰੱਖਿਆ ਜਾਵੇਗਾ।

ਫਰਿਜ਼ਨੋ ਵਿੱਚ ਹੰਸ ਰਾਜ ਹੰਸ ਦੀ ਸੂਫ਼ੀਆਨਾ ਗਾਇਕੀ ਨੇ ਕੀਲੇ ਸਰੋਤੇ, ਸੁਰਾਂ ਦੀ ਮਹਿਫ਼ਲ ਨੇ ਛੂਹੀਆਂ ਰੂਹਾਂ

ਫਰਿਜ਼ਨੋ (ਕੈਲੀਫੋਰਨੀਆ) 13 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-


ਪੰਜਾਬੀ ਅਤੇ ਸੂਫ਼ੀ ਗਾਇਕੀ ਦੇ ਬੇਤਾਜ ਬਾਦਸ਼ਾਹ, ਆਪਣੀ ਦਿਲਕਸ਼ ਆਵਾਜ਼ ਨਾਲ ਕਰੋੜਾਂ ਸੰਗੀਤ ਪ੍ਰੇਮੀਆਂ ਦੇ ਦਿਲਾਂ 'ਤੇ ਰਾਜ ਕਰਨ ਵਾਲੇ ਵਿਸ਼ਵ ਪ੍ਰਸਿੱਧ ਗਾਇਕ ਹੰਸ ਰਾਜ ਹੰਸ ਨੇ ਬੀਤੀ ਰਾਤ ਫਰਿਜ਼ਨੋ ਦੇ ਵੈਟਰਨਜ਼ ਮੈਮੋਰੀਅਲ ਆਡੀਟੋਰੀਅਮ ਵਿੱਚ ਆਪਣੀ ਗਾਇਕੀ ਦਾ ਅਜਿਹਾ ਜਾਦੂ ਬਿਖੇਰਿਆ ਕਿ ਹਾਜ਼ਰ ਸਰੋਤੇ ਅਸ਼-ਅਸ਼ ਕਰ ਉੱਠੇ। ਸੁਰਾਂ, ਸੰਗੀਤ ਅਤੇ ਸੂਫ਼ੀਆਨਾ ਰੰਗ ਵਿੱਚ ਰੰਗੀ ਇਸ ਸ਼ਾਮ ਨੇ ਦਰਸ਼ਕਾਂ ਦੇ ਦਿਲਾਂ 'ਤੇ ਅਜਿਹੀ ਅਮਿੱਟ ਛਾਪ ਛੱਡੀ ਕਿ ਇਹ ਮਹਿਫ਼ਲ ਲੰਮੇ ਸਮੇਂ ਤੱਕ ਯਾਦ ਰਹੇਗੀ।

ਅੰਤਰਰਾਸ਼ਟਰੀ ਪ੍ਰਮੋਟਰ ਬਲਵਿੰਦਰ ਬਾਜਵਾ ਵੱਲੋਂ ਲਿਆਂਦੇ ਗਏ ਇਸ ਸ਼ੋਅ ਦਾ ਆਯੋਜਨ ਫਰਿਜ਼ਨੋ ਵਿਖੇ ਰਾਬਤਾ ਪ੍ਰੋਡਕਸ਼ਨ ਦੀ ਜੋਤ ਰਣਜੀਤ ਕੌਰ ਵੱਲੋਂ ਕੀਤਾ ਗਿਆ। ਇਸ ਸੰਗੀਤਕ ਸ਼ਾਮ ਨੂੰ ਸਰੋਤਿਆਂ ਵੱਲੋਂ ਭਰਵਾਂ ਹੁੰਗਾਰਾ ਮਿਲਿਆ ਅਤੇ ਹਾਲ ਸੰਗੀਤ ਪ੍ਰੇਮੀਆਂ ਨਾਲ ਖਚਾਖਚ ਭਰਿਆ ਨਜ਼ਰ ਆਇਆ।

ਹੰਸ ਰਾਜ ਹੰਸ ਨੇ ਜਦੋਂ ਆਪਣੀ ਮਖਮਲੀ ਆਵਾਜ਼ ਵਿੱਚ ਸੁਰਾਂ ਦੀ ਛਹਿਬਰ ਲਾਈ ਤਾਂ ਸਮੁੱਚਾ ਮਾਹੌਲ ਸੂਫ਼ੀਆਨਾ ਰੰਗ ਵਿੱਚ ਰੰਗਿਆ ਗਿਆ। ਉਨ੍ਹਾਂ ਨੇ ਆਪਣੇ ਨਵੇਂ ਅਤੇ ਪੁਰਾਣੇ ਮਕਬੂਲ ਗੀਤਾਂ ਰਾਹੀਂ ਸਰੋਤਿਆਂ ਨੂੰ ਅਜਿਹਾ ਕੀਲਿਆ ਕਿ ਸਮੇਂ ਦੇ ਬੀਤਣ ਦਾ ਅਹਿਸਾਸ ਹੀ ਨਾ ਹੋਇਆ। ਉਨ੍ਹਾਂ ਦੀ ਗਾਇਕੀ ਦੀ ਸਭ ਤੋਂ ਵੱਡੀ ਖ਼ੂਬਸੂਰਤੀ ਇਹ ਰਹੀ ਕਿ ਅਜੋਕੇ ਸ਼ੋਰ-ਸ਼ਰਾਬੇ ਅਤੇ ਉੱਚੀ-ਉੱਚੀ ਵੱਜਦੇ ਸੰਗੀਤ ਦੇ ਦੌਰ ਵਿੱਚ ਉਨ੍ਹਾਂ ਨੇ ਸਾਬਤ ਕਰ ਦਿੱਤਾ ਕਿ ਅਸਲ ਗਾਇਕੀ ਆਵਾਜ਼ ਦੇ ਸ਼ੋਰ ਵਿੱਚ ਨਹੀਂ, ਸਗੋਂ ਸੁਰਾਂ ਦੀ ਪਾਕੀਜ਼ਗੀ, ਸ਼ਬਦਾਂ ਦੀ ਗਹਿਰਾਈ ਅਤੇ ਰੂਹ ਦੀਆਂ ਗਹਿਰਾਈਆਂ ਵਿੱਚ ਉਤਰਨ ਵਾਲੇ ਅਹਿਸਾਸਾਂ ਵਿੱਚ ਵੱਸਦੀ ਹੈ।

ਹੰਸ ਰਾਜ ਹੰਸ ਦੀ ਆਵਾਜ਼ ਵਿੱਚ ਅਜਿਹੀ ਕਸ਼ਿਸ਼ ਅਤੇ ਮਿਠਾਸ ਸੀ ਕਿ ਕਈ ਵਾਰ ਇੰਜ ਮਹਿਸੂਸ ਹੁੰਦਾ ਸੀ ਜਿਵੇਂ ਸਰੋਤੇ ਕਿਸੇ ਸੰਗੀਤਕ ਪ੍ਰੋਗਰਾਮ ਵਿੱਚ ਨਹੀਂ, ਸਗੋਂ ਕਿਸੇ ਰੂਹਾਨੀ ਮਹਿਫ਼ਲ ਵਿੱਚ ਬੈਠੇ ਹੋਣ। ਉਨ੍ਹਾਂ ਦੀ ਗਾਇਕੀ ਵਿੱਚ ਪੰਜਾਬ ਦੀ ਮਿੱਟੀ ਦੀ ਮਹਿਕ, ਸੂਫ਼ੀ ਫ਼ਕੀਰਾਂ ਦੇ ਕਲਾਮ ਦੀ ਰੂਹਾਨੀਅਤ ਅਤੇ ਲੋਕ ਸੰਗੀਤ ਦੀ ਮਿਠਾਸ ਦਾ ਅਨੋਖਾ ਸੁਮੇਲ ਵੇਖਣ ਨੂੰ ਮਿਲਿਆ।

ਇਸ ਮੌਕੇ ਹਾਲ ਵਿੱਚ ਬੈਠੇ ਦਰਸ਼ਕ ਹਰ ਗੀਤ ਤੋਂ ਬਾਅਦ ਆਪਮੁਹਾਰੇ ਤਾੜੀਆਂ ਮਾਰ ਕੇ ਆਪਣੇ ਚਹੇਤੇ



ਗਾਇਕ ਦੀ ਹੌਸਲਾ-ਅਫ਼ਜ਼ਾਈ ਕਰਦੇ ਰਹੇ। ਕਈ ਵਾਰ ਤਾਂ ਤਾੜੀਆਂ ਦੀ ਗੂੰਜ ਹੀ ਇਸ ਗੱਲ ਦੀ ਗਵਾਹੀ ਭਰ ਰਹੀ ਸੀ ਕਿ ਹੰਸ ਰਾਜ ਹੰਸ ਅੱਜ ਵੀ ਆਪਣੇ ਸੁਰਾਂ ਦੇ ਦਮ 'ਤੇ ਸਰੋਤਿਆਂ ਦੇ ਦਿਲਾਂ ਵਿੱਚ ਪਹਿਲਾਂ ਵਾਂਗ ਹੀ ਵੱਸਦੇ ਹਨ।

ਇਸ ਸ਼ਾਮ ਦੀ ਇੱਕ ਹੋਰ ਖ਼ਾਸ ਗੱਲ ਇਹ ਰਹੀ ਕਿ ਹੰਸ ਰਾਜ ਹੰਸ ਨੇ ਸਿਰਫ਼ ਗੀਤ ਹੀ ਨਹੀਂ ਸੁਣਾਏ, ਸਗੋਂ ਆਪਣੀ ਗਾਇਕੀ ਰਾਹੀਂ ਇਹ ਸੁਨੇਹਾ ਵੀ ਦਿੱਤਾ ਕਿ ਚੰਗਾ ਸੰਗੀਤ ਉਹ ਹੁੰਦਾ ਹੈ ਜੋ ਕੰਨਾਂ ਰਾਹੀਂ ਦਿਲ ਵਿੱਚ ਉਤਰੇ ਅਤੇ ਫਿਰ ਰੂਹ ਦਾ ਹਿੱਸਾ ਬਣ ਜਾਵੇ। ਉਨ੍ਹਾਂ ਦੀ ਹਰ ਪੇਸ਼ਕਾਰੀ ਵਿੱਚ ਤਜਰਬੇਕਾਰ ਫ਼ਨਕਾਰ ਦੀ ਪੁਖ਼ਤਗੀ ਅਤੇ ਸੰਗੀਤ ਪ੍ਰਤੀ ਸਮਰਪਣ ਸਾਫ਼ ਝਲਕਦਾ ਸੀ।

ਇਸ ਸਫ਼ਲ ਸੰਗੀਤਕ ਸ਼ਾਮ ਲਈ ਅੰਤਰਰਾਸ਼ਟਰੀ ਪ੍ਰਮੋਟਰ ਬਲਵਿੰਦਰ ਬਾਜਵਾ ਅਤੇ ਰਾਬਤਾ ਪ੍ਰੋਡਕਸ਼ਨ ਦੀ ਜੋਤ ਰਣਜੀਤ ਕੌਰ ਦੇ ਉਪਰਾਲੇ ਦੀ ਵੀ ਸ਼ਲਾਘਾ ਕਰਨੀ ਬਣਦੀ ਹੈ, ਜਿਨ੍ਹਾਂ ਨੇ ਫਰਿਜ਼ਨੋ ਦੇ ਪੰਜਾਬੀ ਸੰਗੀਤ ਪ੍ਰੇਮੀਆਂ ਨੂੰ ਅਜਿਹੇ ਮਹਾਨ ਫ਼ਨਕਾਰ ਦੀ ਗਾਇਕੀ ਦਾ ਸਿੱਧਾ ਆਨੰਦ ਮਾਣਨ ਦਾ ਮੌਕਾ ਪ੍ਰਦਾਨ ਕੀਤਾ।

ਕੁੱਲ ਮਿਲਾ ਕੇ ਇਹ ਕਹਿਣਾ ਕੋਈ ਅਤਿਕਥਨੀ ਨਹੀਂ ਹੋਵੇਗੀ ਕਿ ਫਰਿਜ਼ਨੋ ਦੀ ਇਸ ਸੰਗੀਤਕ ਸ਼ਾਮ ਵਿੱਚ ਹੰਸ ਰਾਜ ਹੰਸ ਨੇ ਇੱਕ ਵਾਰ ਫਿਰ ਸਾਬਤ ਕਰ ਦਿੱਤਾ ਕਿ ਫ਼ਨਕਾਰ ਦੀ ਅਸਲ ਪਛਾਣ ਚਮਕ-ਦਮਕ, ਸ਼ੋਰ-ਸ਼ਰਾਬੇ ਜਾਂ ਸਟੇਜ ਦੀ ਸਜਾਵਟ ਨਾਲ ਨਹੀਂ, ਸਗੋਂ ਉਸ ਦੀ ਆਵਾਜ਼ ਵਿੱਚ ਵੱਸਦੇ ਸੁਰ ਅਤੇ ਸਰੋਤਿਆਂ ਦੇ ਦਿਲਾਂ ਵਿੱਚ ਬਣਾਈ ਥਾਂ ਨਾਲ ਹੁੰਦੀ ਹੈ।

ਹੰਸ ਰਾਜ ਹੰਸ ਆਏ, ਗਾਏ ਅਤੇ ਫਰਿਜ਼ਨੋ ਦੇ ਸੰਗੀਤ ਪ੍ਰੇਮੀਆਂ ਦੇ ਦਿਲਾਂ 'ਤੇ ਆਪਣੀ ਸੁਰੀਲੀ ਆਵਾਜ਼ ਦੀ ਅਮਿੱਟ ਛਾਪ ਛੱਡ ਗਏ।

ਵਾਹ ! ਬੋਲੋ ਪੰਜਾਬੀ, ਲੈ ਲਓ ਕੌਫ਼ੀ ! ਔਕਲੈਂਡ ਏਅਰਪੋਰਟ ਸਟਾਫ਼ ਲਈ ਅਨੌਖੀ ਪਹਿਲ

ਔਕਲੈਂਡ, 13 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਨਿਊਜ਼ੀਲੈਂਡ ਦੇ ਵਿੱਚ ਇਸ ਸਾਲ 15 ਨਵੰਬਰ ਤੱਕ ਸੱਤਵਾਂ ਪੰਜਾਬੀ ਭਾਸ਼ਾ ਹਫ਼ਤਾ ਮਨਾਇਆ ਜਾ ਰਿਹਾ ਹੈ। ਇਸ ਸਬੰਧੀ ਵੱਖ-ਵੱਖ ਥਾਵਾਂ ਉੱਤੇ ਪੰਜਾਬੀ ਭਾਸ਼ਾ ਦੇ ਪ੍ਰਚਾਰ ਅਤੇ ਪ੍ਰਸਾਰ ਹਿੱਤ ਸਮਾਗਮ ਹੋ ਰਹੇ ਹਨ। ਬੀਤੇ ਕੱਲ੍ਹ ਔਕਲੈਂਡ ਏਅਰਪੋਰਟ ਦੀ ਆਪਣੀ ਵੈੱਬਸਾਈਟ ਉੱਤੇ ਇਸ ਸਬੰਧੀ ਵਿਸ਼ੇਸ਼ ਲੇਖ ਪ੍ਰਕਾਸ਼ਿਤ ਕੀਤਾ ਗਿਆ ਹੈ। ਇਸ ਦੇ ਨਾਲ ਹੀ ਕਸਟਮਰ ਸਰਵਿਸ ਵਿੱਚ ਕੰਮ ਕਰਦੇ ਲਗਪਗ 200 ਦੇ ਕਰੀਬ ਕਰਮਚਾਰੀਆਂ ਸਮੇਤ ਵਲੰਟੀਅਰਜ਼ ਨੂੰ ਸ. ਹਰਿੰਦਰ ਸਿੰਘ ਮਾਨ ਰਈਆ (ਡੋਮੀਨੋਜ਼ ਪੀਜ਼ਾ ਵਾਲੇ) ਅਤੇ ਸ੍ਰੀਮਤੀ ਹਰਜੀਤ ਕੌਰ (ਪੰਜਾਬੀ ਹੈਰੀਟੇਜ਼ਰ) ਵੱਲੋਂ ਫ੍ਰੀ ਕੌਫ਼ੀ ਕੱਪ ਸਪਾਂਸਰ ਕੀਤੇ ਗਏ ਹਨ।



ਫ੍ਰੀ ਕੌਫ਼ੀ ਕੱਪ ਲੈਣ ਵਾਸਤੇ ਡਿਪਾਰਚਰ ਗੇਟ ਦੇ ਲਗਪਗ ਸਾਹਮਣੇ 'ਦ ਸੋਸ਼ਲ' ਕੌਫ਼ੀ ਸ਼ਾਪ ਨੂੰ ਚੁਣਿਆ ਗਿਆ ਹੈ। ਇੱਥੇ ਫ੍ਰੀ ਕੌਫ਼ੀ ਲੈਣ ਵਾਸਤੇ ਕਰਮਚਾਰੀਆਂ ਲਈ ਆਪਣਾ ਕੌਫ਼ੀ ਆਰਡਰ ਪੰਜਾਬੀ ਵਿੱਚ ਦੇਣਾ ਲਾਜ਼ਮੀ ਕੀਤਾ ਗਿਆ ਹੈ। ਇਸ ਦਾ ਮੁੱਖ ਉਦੇਸ਼ ਵੱਖ-ਵੱਖ ਦੇਸ਼ਾਂ ਦੇ ਕੰਮ ਕਰਦੇ ਕਰਮਚਾਰੀਆਂ ਵਿੱਚ ਪੰਜਾਬੀ ਭਾਸ਼ਾ ਪ੍ਰਤੀ ਜਾਗਰੂਕਤਾ ਪੈਦਾ ਕਰਨਾ ਹੈ ਤਾਂ ਜੋ ਉਹ ਕੁਝ ਨਾ ਕੁਝ ਪੰਜਾਬੀ ਭਾਸ਼ਾ ਸਿੱਖ ਸਕਣ। ਇੱਥੋਂ ਚੜ੍ਹਦੇ-ਉੱਤਰਦੇ ਪੰਜਾਬੀਆਂ ਨਾਲ ਵਾਰਤਾਲਾਪ ਵਿੱਚ ਸਟਾਫ਼ ਜੇਕਰ ਥੋੜ੍ਹਾ-ਬਹੁਤਾ ਗ੍ਰੀਟਿੰਗ (ਜੀ ਆਇਆਂ ਨੂੰ ਕਹਿਣ ਜਾਂ ਸਤਿ ਸ੍ਰੀ ਅਕਾਲ ਬੁਲਾਉਣ) ਵਾਲੀਆਂ ਲਾਈਨਾਂ ਸਿੱਖ ਜਾਂਦਾ ਹੈ ਤਾਂ ਇਹ ਇੱਕ ਵਧੀਆ ਗੱਲ ਹੋਵੇਗੀ। ਸਮੁੱਚੇ ਮੀਡੀਆ ਕਰਮੀਆਂ ਵੱਲੋਂ ਸ. ਹਰਿੰਦਰ ਸਿੰਘ ਮਾਨ ਰਈਆ ਵਾਲਿਆਂ ਦਾ ਅਤੇ ਸ੍ਰੀਮਤੀ ਹਰਜੀਤ ਕੌਰ ਹੋਰਾਂ ਦਾ ਬਹੁਤ-ਬਹੁਤ ਧੰਨਵਾਦ ਕੀਤਾ ਜਾਂਦਾ ਹੈ... ਸਾਡੀ ਬੋਲੀ - ਸਾਡਾ ਮਾਣ, ਬਣਾਏ ਰੱਖੀਏ !

ਖੁਸ਼ਕ ਚਮੜੀ ਲਈ ਘਰੇਲੂ ਅਸਰਦਾਰ ਨੁਸਖ਼ੇ

ਸਾਡੀ ਚਮੜੀ ਦੀਆਂ ਕਈ ਕਿਸਮਾਂ ਹੁੰਦੀਆਂ ਹਨ। ਇਨ੍ਹਾਂ 'ਚੋਂ ਖੁਸ਼ਕ ਚਮੜੀ ਵਾਲਿਆਂ ਨੂੰ ਸਭ ਤੋਂ ਜ਼ਿਆਦਾ ਸਮੱਸਿਆਵਾਂ ਆਉਂਦੀਆਂ ਹਨ। ਖੁਸ਼ਕ ਚਮੜੀ ਵਾਲਿਆਂ ਨੂੰ ਸਾਬਣ ਵੀ ਬਹੁਤ ਸਾਵਧਾਨੀ ਨਾਲ ਵਰਤਣਾ ਚਾਹੀਦਾ ਹੈ ਕਿਉਂਕਿ ਸਾਬਣ ਨਾਲ ਸਾਡੀ ਚਮੜੀ ਹੋਰ ਵੀ ਖੁਸ਼ਕ ਹੋ ਜਾਂਦੀ ਹੈ। ਤੁਸੀਂ ਇਹ ਘਰੇਲੂ ਢੰਗ ਅਪਣਾ ਸਕਦੇ ਹੋ ਜਿਨ੍ਹਾਂ ਰਾਹੀਂ ਤੁਸੀਂ ਆਪਣੀ ਖੁਸ਼ਕ ਚਮੜੀ ਨਾਰਮਲ ਰੱਖ ਸਕਦੇ ਹੋ। ਕਲੀਜ਼ਿੰਗ ਆਇਲ- ਤੇਲ 'ਚ ਕਲੀਜ਼ਿੰਗ ਵਿਸ਼ੇਸ਼ਤਾਵਾਂ ਹੁੰਦੀਆਂ ਹਨ ਜਿਹੜੇ ਖੁਸ਼ਕ ਚਮੜੀ ਲਈ ਜ਼ਿਆਦਾ ਫਾਇਦੇਮੰਦ ਹੁੰਦੀਆਂ ਹਨ। ਖੁਸ਼ਕ ਚਮੜੀ 'ਤੇ ਅੰਰਡੀ ਤੇਲ ਲਗਾਉਣ ਨਾਲ ਸਰਦੀਆਂ 'ਚ ਹੋਣ ਵਾਲੇ ਨੁਕਸਾਨ ਤੋਂ ਰਾਹਤ ਮਿਲਦੀ ਹੈ। ਤੁਸੀਂ ਜੈਤੂਨ ਤੇਲ ਅਤੇ ਅੰਰਡੀ ਤੇਲ ਨੂੰ ਮਿਲਾ ਕੇ ਚਿਹਰੇ 'ਤੇ ਲਗਾ ਸਕਦੇ ਹੋ।

ਹਨੀ ਪੈਕ- ਚਮੜੀ ਲਈ ਸ਼ਹਿਦ ਇਕ ਬਹੁਤ ਹੀ ਵਧੀਆ ਉਤਪਾਦ ਹੈ। ਸ਼ਹਿਦ ਚਮੜੀ ਦੀਆਂ ਝੁਰੜੀਆਂ ਨੂੰ ਦੂਰ ਕਰਨ 'ਚ ਸਹਾਇਕ ਹੈ। ਚਮੜੀ 'ਤੇ ਤੁਸੀਂ ਸੰਤਰੇ ਦਾ ਰਸ ਅਤੇ ਸ਼ਹਿਦ ਮਿਕਸ ਕਰਕੇ 10 ਮਿੰਟ ਲਈ ਲਗਾਓ।

ਅੰਡੇ ਦਾ ਪੈਕ- ਤੁਸੀਂ ਅੰਡੇ ਦੀ ਜਰਦੀ ਅਤੇ ਉਸ 'ਚ ਇਕ ਚਮਚ ਸੰਤਰੇ ਦਾ ਰਸ ਅਤੇ ਅੰਰਡੀ ਦਾ ਤੇਲ, ਜੈਤੂਨ ਤੇਲ ਇਕ ਚਮਚ ਸ਼ਹਿਦ, ਗੁਲਾਬਜਲ, ਨਿੰਬੂ ਦਾ ਰਸ ਦੀਆਂ ਕੁਝ ਬੂੰਦਾਂ ਮਿਲਾ ਦਿਓ। ਇਸ ਮਿਸ਼ਰਣ ਨੂੰ ਹਰ ਰੋਜ਼ ਆਪਣੇ ਚਿਹਰੇ 'ਤੇ ਲਗਾਓ।

ਚਾਕਲੇਟ ਪੈਕ- ਚਾਕਲੇਟ ਪੈਕ ਬਣਾਉਣ ਲਈ ਤੁਸੀਂ 5 ਚਮਚ ਕੋਕੋ ਪਾਊਡਰ, 5 ਚਮਚ ਸ਼ਹਿਦ, 2 ਚਮਚ ਮੱਕੀ ਦਾ ਆਟਾ ਅਤੇ 2 ਚਮਚ ਐਵੋਕਾਡੋ ਲੈ ਕੇ ਮਿਕਸ ਕਰੋ। ਇਹ ਪੈਕ ਹਰ ਰੋਜ਼ ਆਪਣੀ ਖੁਸ਼ਕ ਚਮੜੀ 'ਤੇ ਲਗਾਓ।

ਬੇਸਣ ਪੈਕ- ਬੇਸਣ ਖੁਸ਼ਕ ਚਮੜੀ ਨੂੰ ਹਾਈਡ੍ਰੇਟ ਕਰਦਾ ਹੈ। ਇਸ ਪੈਕ ਨੂੰ ਬਣਾਉਣ ਲਈ ਇਕ ਚਮਚ ਹਲਦੀ, ਸ਼ਹਿਦ ਅਤੇ ਦੁੱਧ 'ਚ 2 ਚਮਚ ਬੇਸਣ ਮਿਲਾਓ। ਨਿੰਬੂ ਦੀਆਂ ਕੁਝ ਬੂੰਦਾਂ ਮਿਲਾ ਕੇ ਇਸ ਪੈਕ ਨੂੰ ਚਿਹਰੇ 'ਤੇ ਲਗਾ ਕੇ ਸੁੱਕਣ ਦਿਉ। ਤੁਸੀਂ ਫਿਰ ਗਰਮ ਪਾਣੀ ਨਾਲ ਮੂੰਹ ਧੋ ਲਵੋ।



ਮੈਂਗੋ ਮਾਸਕ- ਇਕ ਪੱਕਿਆ ਹੋਇਆ ਅੰਬ ਲਵੋ ਅਤੇ ਇਸ ਨੂੰ ਛਿੱਲ ਕੇ ਗੁੱਦਾ ਕੱਢ ਲਵੋ। ਗੁੱਦ ਨੂੰ ਮਿਕਸਚਰ 'ਚ ਮਸਲ ਲਵੋ। ਇਕ ਚਮਚ ਗੁੱਦੇ 'ਚ ਇਕ ਚਮਚ ਸ਼ਹਿਦ ਅਤੇ ਤਿੰਨ ਚਮਚ ਜੈਤੂਨ ਤੇਲ ਮਿਲਾਇਆ। ਇਸ ਨੂੰ ਆਪਣੇ ਚਿਹਰੇ 'ਤ ਲਗਾਓ। ਇਸ ਨਾਲ ਤੁਹਾਡੇ ਚਿਹਰੇ 'ਤੇ ਚਮਕ ਆਵੇਗੀ। ਅੰਡੇ ਅਤੇ ਤੇਲ ਦਾ ਮਾਸਕ- ਇਕ ਅੰਡਾ ਲਵੋ ਅਤੇ ਇਸ 'ਚ ਇਕ ਚਮਚ ਸ਼ਹਿਦ ਮਿਲਾਓ। ਇਸ ਨੂੰ ਚੰਗੀ ਤਰ੍ਹਾਂ ਮਿਲਾਓ। ਹੁਣ ਇਸ 'ਚ ਗੁਲਾਬ ਜਲ ਅਤੇ ਕੁਝ ਬੂੰਦਾਂ ਨਿੰਬੂ ਦੀਆਂ ਪਾ ਦਿਉ। ਇਸ ਮਿਸ਼ਰਣ ਨੂੰ ਜ਼ਿਆਦਾ ਪਤਲਾ ਨਾ ਕਰੋ। ਕੇਲੇ ਦਾ ਮਾਸਕ- ਦੋ ਕੇਲੇ ਛਿੱਲ ਅਤੇ ਮਿਕਸੀ 'ਚ ਪਾ ਗੁੱਦਾ ਬਣਾਓ। ਇਸ ਨਾਲ ਚਿਹਰੇ 'ਤੇ ਫੈਲਾਓ ਅਤੇ ਇਕ ਘੰਟੇ ਬਾਅਦ ਪਾਣੀ ਨਾਲ ਮੂੰਹ ਨੂੰ ਧੋ ਲਵੋ। ਦਹੀਂ ਪੈਕ- ਦੋ ਵੱਡੇ ਚਮਚ ਦਹੀਂ ਲਵੋ ਅਤੇ ਇਸ 'ਚ ਸ਼ਹਿਦ ਮਿਲਾਓ। ਇਸ ਨੂੰ ਆਪਣੇ ਚਿਹਰੇ 'ਤੇ ਲਗਾ ਕੇ ਇਕ ਘੰਟੇ ਬਾਅਦ ਧੋ ਲਵੋ।

ਚੱਕਰ ਆਉਣ 'ਤੇ ਅਪਣਾਓ ਇਹ ਘਰੇਲੂ ਨੁਸਖ਼ੇ

ਦਿਮਾਗ 'ਚ ਖ਼ੂਨ ਦੀ ਪੂਰਤੀ ਘੱਟ ਹੋਣਾ ਜਾਂ ਬਲੱਡ ਪ੍ਰੈਸ਼ਰ 'ਚ ਅਚਾਨਕ ਘੱਟ ਜਾਣ ਕਾਰਨ ਚੱਕਰ ਆਉਣ ਦੀ ਸਥਿਤੀ ਪੈਦਾ ਹੋ ਸਕਦੀ ਹੈ। ਚੱਕਰ ਆਉਣ 'ਤੇ ਅਜਿਹਾ ਲੱਗਦਾ ਹੈ ਕਿ ਸਾਰੀਆਂ ਚੀਜ਼ਾਂ ਤੇਜ਼ੀ ਨਾਲ ਘੁੰਮ ਰਹੀਆਂ ਹਨ। ਹੁਣ ਘਬਰਾਓ ਨਾ ਕਿਉਂਕਿ ਤੁਸੀਂ ਘਰ ਪਈਆਂ ਚੀਜ਼ਾਂ ਨਾਲ ਆਪਣਾ ਇਲਾਜ ਕਰ ਸਕਦੇ ਹੋ। ਆਓ ਜਾਣਦੇ ਹਾਂ ਅਜਿਹੇ ਹੀ ਕੁਝ ਘਰੇਲੂ ਉਪਾਅ।

ਤੁਲਸੀ- ਚੱਕਰ ਆਉਣ ਦੀ ਸਮੱਸਿਆ ਨੂੰ ਦੂਰ ਕਰਨ ਲਈ ਤੁਲਸੀ ਫਾਇਦੇਮੰਦ ਸਾਬਤ ਹੁੰਦੀ ਹੈ। ਚੱਕਰ ਆਉਣ 'ਤੇ ਤੁਲਸੀ ਦੇ ਰਸ 'ਚ ਖੰਡ ਮਿਲਾ ਕੇ ਵਰਤੋਂ ਕਰੋ ਜਾਂ ਤੁਲਸੀ ਦੇ ਪੱਤਿਆਂ 'ਚ ਸ਼ਹਿਦ ਮਿਲਾ ਕੇ ਚੱਟਣ ਨਾਲ ਚੱਕਰ ਆਉਣੇ ਬੰਦ ਹੋ ਜਾਂਦੇ ਹਨ। ਧਨੀਆ ਪਾਊਡਰ- ਚੱਕਰ ਆਉਣ 'ਤੇ 10 ਗ੍ਰਾਮ ਧਨੀਆ ਪਾਊਡਰ ਅਤੇ ਉਨੀ ਹੀ ਮਾਤਰਾ 'ਚ 'ਚ ਆਂਵਲੇ ਦਾ ਪਾਊਡਰ ਲੈ ਕੇ ਇਕ ਗਲਾਸ ਪਾਣੀ 'ਚ ਭਿਓਂ ਕੇ ਰੱਖ ਦਿਉ। ਸਵੇਰੇ ਚੰਗੀ ਤਰ੍ਹਾਂ ਮਿਲਾ ਕੇ ਪੀ ਲਵੋ। ਇਸ ਨਾਲ ਚੱਕਰ ਆਉਣੇ ਬੰਦ ਹੋ ਜਾਣਗੇ।

ਸਰ੍ਹੋਂ ਅਤੇ ਲੂਣ- ਸਰ੍ਹੋਂ ਅਤੇ ਲੂਣ ਦੀ ਵਰਤੋਂ ਨਾਲ ਬਲੱਡ ਦਾ ਸੰਚਾਰ ਠੀਕ ਰਹਿੰਦਾ ਹੈ। ਚੱਕਰ ਆਉਣ 'ਤੇ ਸਰ੍ਹੋਂ, ਲੂਣ, ਸਿਰਕਾ ਅਤੇ ਕਾਲੀਆਂ ਮਿਰਚਾਂ ਲੈ ਕੇ ਬਰਾਬਰ ਮਾਤਰਾ 'ਚ ਇਕ ਗਲਾਸ



ਪਾਣੀ 'ਚ ਮਿਲਾ ਕੇ ਪੀ ਲਵੋ। ਇਸ ਨਾਲ ਚੱਕਰ ਆਉਣ ਦੀ ਸਮੱਸਿਆ ਠੀਕ ਹੋ ਜਾਵੇਗੀ।

ਨਿੰਬੂ- ਨਿੰਬੂ ਪਾਣੀ ਨੂੰ ਸਭ ਤੋਂ ਵਧੀਆ ਅਤੇ ਪ੍ਰਭਾਵੀ ਮੰਨਿਆ ਜਾਂਦਾ ਹੈ। ਇਹ ਸਭ ਤੋਂ ਸੌਖਾ ਘਰੇਲੂ ਢੰਗ ਹੈ। ਇਸ ਨਾਲ ਗਲੂਕੋਜ਼ ਦੇ ਪੱਧਰ 'ਚ ਸੁਧਾਰ ਆਉਂਦਾ ਹੈ। ਚੱਕਰ ਆਉਣ 'ਤੇ ਸਿਰਫ ਇਕ ਗਲਾਸ ਪਾਣੀ 'ਚ ਅੱਧਾ ਨਿੰਬੂ ਦਾ ਰਸ ਥੋੜ੍ਹੀ ਜਿਹੀ ਖੰਡ ਮਿਲਾ ਕੇ ਪੀ ਲਵੋ।

ਖਰਬੂਜੇ ਦੇ ਬੀਜ- ਚੱਕਰ ਆਉਣ ਦੀ ਸਮੱਸਿਆ 'ਚ ਖਰਬੂਜੇ ਦੇ ਬੀਜਾਂ ਨੂੰ ਖਾਣ ਨਾਲ ਲਾਭ ਮਿਲਦਾ ਹੈ। ਚੱਕਰ ਆਉਣ 'ਤੇ ਖਰਬੂਜੇ ਦੇ ਬੀਜਾਂ ਨੂੰ ਪੀਹ ਕੇ ਘਿਉ 'ਚ ਭੁੰਨ ਲਵੋ। ਹੁਣ ਇਸ ਦੀ ਥੋੜ੍ਹੀ ਜਿਹੀ ਮਾਤਰਾ ਕੁਝ ਦਿਨਾਂ ਤੱਕ ਲਵੋ। ਤੁਹਾਨੂੰ ਆਰਾਮ ਮਿਲੇਗਾ।

ਖਸਖਸ- 2 ਵੱਡੇ ਚਮਚ ਕਣਕ, ਇਕ ਚਮਚ ਖਸਖਸ, 8 ਬਦਾਮ ਅਤੇ 8ਤਰਬੂਜ਼ ਦੇ ਬੀਜਾਂ ਨੂੰ ਲੈ ਕੇ ਉਨ੍ਹਾਂ ਦਾ ਪੇਸਟ ਬਣਾ ਲਵੋ। ਇਕ ਚਮਚ ਘਿਓ ਲੈ ਕੇ ਇਸ 'ਚ ਲੌਂਗ, ਦੁੱਧ ਅਤੇ ਪੇਸਟ ਮਿਲਾ ਕੇ ਮਿਸ਼ਰਣ ਬਣਾ ਕੇ ਉਬਾਲ ਲਵੋ। ਇਸ ਮਿਸ਼ਰਣ ਨੂੰ ਥੋੜ੍ਹਾ ਜਿਹਾ ਠੰਡਾ ਕਰਕੇ ਇਕ ਹਫਤਾ ਰੋਜ਼ ਪੀਣ ਨਾਲ ਚੱਕਰ ਦੀ ਸਮੱਸਿਆ ਤੋਂ ਬਚਾਅ ਹੋ ਜਾਵੇਗਾ।

ਆਂਵਲੇ- ਚੱਕਰ ਆਉਣ ਦੀ ਸਮੱਸਿਆ 'ਤੇ ਆਂਵਲਿਆਂ ਦੀ ਵਰਤੋਂ ਕਰਨ ਨਾਲ ਇਸ ਸਮੱਸਿਆ ਤੋਂ ਬਚਾਅ ਕੀਤਾ ਜਾ ਸਕਦਾ ਹੈ। ਇਸ ਦੇ ਲਈ 10 ਗ੍ਰਾਮ ਆਂਵਲੇ, 3 ਗ੍ਰਾਮ ਕਾਲੀਆਂ ਮਿਰਚਾਂ ਅਤੇ 10 ਗ੍ਰਾਮ ਬਤਾਸ਼ੇ ਪੀਹ ਲਵੋ। ਇਸ ਪੇਸਟ ਨੂੰ 15 ਦਿਨ ਤੱਕ ਰੋਜ਼ਾਨਾ ਵਰਤੋਂ ਕਰੋ।

ਅਦਰਕ- ਅਦਰਕ ਦਾ ਇਕ ਟੁੱਕੜੇ ਨੂੰ ਚਾਹ 'ਚ ਮਿਲਾ ਕੇ ਪੀਣ ਨਾਲ ਜਾਂ ਅਦਰਕ ਦੇ ਇਕ ਟੁੱਕੜੇ ਨੂੰ ਚਬਾਉਣ ਨਾਲ ਬਲੱਡ ਦਾ ਸੰਚਾਰ ਕੰਟਰੋਲ 'ਚ ਆ ਜਾਂਦਾ ਹੈ। ਇਹ ਸਿਰਦਰਦ, ਚੱਕਰ ਆਉਣਾ, ਉੱਲਟੀ ਲੱਗਣ ਦੀ ਸਮੱਸਿਆ ਤੋਂ ਰਾਹਤ ਦਿੰਦਾ ਹੈ।

ਫਲਾਂ ਦਾ ਜੂਸ- ਜ਼ਿਆਦਾ ਚਾਹ ਪੀਣ ਜਾਂ ਕੌਫੀ ਪੀਣ ਨਾਲ ਵੀ ਚੱਕਰ ਆਉਂ ਹਨ। ਇਸ ਲਈ ਚਾਹ ਜਾਂ ਕੌਫੀ ਦੀ ਘੱਟ ਵਰਤੋਂ ਕਰਨਾ ਚਾਹੀਦੀ ਹੈ। ਤੁਸੀਂ ਰੋਜ਼ਾਨਾ ਜੂਸ ਦੀ ਵਰਤੋਂ ਕਰੋ।

ਕਾਜੂ- ਬਦਾਮ ਸਭ ਤੋਂ ਜ਼ਿਆਦਾ ਪੌਸ਼ਟਿਕ ਤੱਤਾਂ ਨਾਲ ਭਰਪੂਰ ਹੁੰਦੇ ਹਨ। ਕੁਝ ਬਦਾਮ ਪੀਸ ਕੇ, ਗਰਮ ਦੁੱਧ ਜਾਂ ਕਿਸੇ ਵੀ ਪੀਣ ਵਾਲੇ ਪਦਾਰਥ 'ਚ ਮਿਲਾ ਕੇ ਮਿਕਸ ਕਰਕੇ ਪੀਣ ਨਾਲ ਤੁਸੀਂ ਊਰਜਾ ਨਾਲ ਭਰਪੂਰ ਹੋ ਜਾਓਗੇ।

ਘਰੇ ਬੈਠੇ ਤਿਆਰ ਕਰੋ ਘਰੇਲੂ ਵੈਕਸ

ਔਰਤਾਂ 'ਚ ਵੈਕਸਿੰਗ ਦਾ ਚਲਨ ਜ਼ੋਰਾਂ ਨਾਲ ਹੈ। ਹਰ ਔਰਤ ਵੈਕਸਿੰਗ ਕਰਵਾ ਕੇ ਅਣਚਾਹੇ ਵਾਲਾਂ ਤੋਂ ਛੁਟਕਾਰਾ ਪਾਉਣਾ ਚਾਹੁੰਦੀ ਹੈ। ਵੈਕਸਿੰਗ ਨੂੰ ਹੇਅਰ ਰਿਮੂਵਲ ਕ੍ਰੀਮ ਅਤੇ ਰੇਜ਼ਰ ਤੋਂ ਸੁਰੱਖਿਅਤ ਮੰਨਿਆ ਜਾਂਦਾ ਹੈ। ਕਈ ਵਾਰ ਤੁਹਾਡੇ ਲਈ ਪਾਰਲਰ ਜਾਣਾ ਸੰਭਵ ਨਹੀਂ ਹੋ ਪਾਉਂਦਾ ਹੈ। ਅਜਿਹੇ 'ਚ ਕਿਉਂਕਿ ਘਰ 'ਚ ਵੈਕਸਿੰਗ ਤਿਆਰ ਕਰ ਲਈ ਜਾਵੇ। ਬਾਜ਼ਾਰ 'ਚ ਵੈਕਸ ਕਰਵਾਉਣ ਨਾਲ ਜਲਨ, ਖੁੱਜਲੀ, ਰੈਸ਼ ਆਦਿ ਪੈ ਂਦੇ ਹਨ। ਇਸ ਘਰੇਲੂ ਵੈਕਸ ਨਾਲ ਕੁਝ ਨਹੀਂ ਹੋਵੇਗਾ। ਆਓ ਜਾਣਦੇ ਹਾਂ ਘਰ 'ਚ ਵੈਕਸ ਕਿਵੇਂ ਤਿਆਰ ਕਰਨੀ ਹੈ।

ਵੈਕਸਿੰਗ ਦੇ ਲਾਭ- ਵੈਕਸਿੰਗ ਕਰਵਾਉਣ ਤੋਂ ਬਾਅਦ ਚਮੜੀ ਨਰਮ ਹੋ ਜਾਂਦੀ ਹੈ। ਵੈਕਸਿੰਗ ਕਰਵਾਉਣ ਨਾਲ ਨਾ ਸਿਰਫ ਅਣਚਾਹੇ ਵਾਲਾਂ ਤੋਂ ਛੁਟਕਾਰਾ ਮਿਲਦਾ ਹੈ ਸਗੋਂ ਟੈਨਿੰਗ ਅਤੇ ਮਰੀ ਹੋਈ ਚਮੜੀ ਵੀ ਹੱਟ ਜਾਂਦੀ ਹੈ। ਖੰਡ ਅਤੇ ਨਿੰਬੂ- ਜੇਕਰ ਤੁਸੀਂ ਨਿੰਬੂ ਦੇ ਰਸ ਅਤੇ ਖੰਡ ਨੂੰ ਇਕੱਠੇ 4 ਜਾਂ 5 ਮਿੰਟਾਂ ਲਈ ਉਬਾਲ ਲਵੋਗੇ ਤਾਂ ਇਹ ਇਕ ਚਿਪਚਿਪ ਜਿਹਾ ਘੋਲ ਬਣ ਜਾਵੇਗਾ। ਇਹ ਠੀਕ ਉਸ ਤਰ੍ਹਾਂ ਹੀ ਲੱਗੇਗਾ ਜਿਸ ਤਰ੍ਹਾਂ ਵੈਕਸ ਲਗਾਉਂਦੇ ਹਨ। ਇਸ ਨੂੰ ਸਰੀਰ 'ਤੇ ਲਗਾਉਂਦੇ ਹੋਏ ਵੈਕਸਿੰਗ ਸਟਰਿਪਸ ਨੂੰ ਕੱਢ ਦਿਉ।



ਇਹ ਬਿਲਕੁੱਲ ਵੀ ਨੁਕਸਾਨ ਨਹੀਂ ਕਰੇਗਾ ਅਤੇ ਨਾ ਹੀ ਇਸ 'ਚ ਕੋਈ ਰਸਾਇਣ ਹੁੰਦਾ ਹੈ। ਨਿੰਬੂ ਅਤੇ ਗੰਨੇ ਦਾ ਰਸ- ਇਸ ਵੈਕਸ ਨੂੰ ਤਿਆਰ ਕਰਨ ਲਈ ਪਹਿਲੇ ਚੌਥਾਈ ਹਿੱਸੇ ਗੰਨੇ ਦਾ ਰਸ ਲਵੋ ਅਤੇ ਉਸ 'ਚ ਲੱਗਭਗ ਦੋ ਹਿੱਸੇ ਨਿੰਬੂ ਦਾ ਰਸ ਪਾ ਦਿਓ। ਇਸ ਤੋਂ ਬਾਅਦ ਇਸ ਘੋਲ 'ਚ ਸ਼ਹਿਦ ਅਤੇ ਕੌਰਨਫਲੋਰ ਮਿਲਾ ਕੇ ਸਰੀਰ 'ਤੇ ਲਗਾਉਣ ਤੋਂ ਬਾਅਦ ਵਾਲਾਂ ਨੂੰ ਸਟਰਿਪ ਨਾਲ ਕੱਢੋ। ਆਟਾ ਅਤੇ ਮੁਲਤਾਨੀ ਮਿੱਟੀ- ਇਕ ਇਕ ਉਬਟਨ ਦੇ ਰੂਪ 'ਚ ਵਰਤੋਂ ਕੀਤਾ ਜਾਂਦਾ ਹੈ। ਇਸ ਨੂੰ ਬਣਾਉਣ ਲਈ ਮੁਲਤਾਨੀ ਮਿੱਟੀ, ਆਟਾ, ਮਿਲਕ ਪਾਊਡਰ ਅਤੇ ਨਿੰਬੂ ਦਾ ਰਸ ਮਿਲਾਓ। ਇਸ ਪੇਸਟ ਨੂੰ ਥੋੜ੍ਹਾ ਸਖਤ ਬਣਾਓ ਅਤੇ ਸਰੀਰ 'ਤੇ ਇਸ ਨਾਲ ਮਾਲਸ਼ ਕਰਦੇ ਹੋਏ ਵਾਲਾਂ ਨੂੰ ਸਾਫ ਕਰੋ। ਸ਼ਹਿਦ ਅਤੇ ਚੌਲਾਂ ਦਾ ਆਟਾ- ਸਭ ਤੋਂ ਪਹਿਲਾਂ ਸ਼ਹਿਦ ਅਤੇ ਬੇਸਣ ਨੂੰ ਮਿਲਾਓ। ਉਸ 'ਚ ਚੌਲਾਂ ਦਾ ਆਟਾ ਵੀ ਮਿਲਾਓ। ਇਸ ਪੇਸਟ ਨੂੰ 10 ਮਿੰਟਾਂ ਤੱਕ ਲਗਾਓ ਅਤੇ ਫਿਰ ਇਸ ਮਸਲਦੇ ਹੋਏ ਛੁੱਡਾ ਲਵੋ। ਜੇਕਰ ਤੁਸੀਂ ਜਲਨ ਮਹਿਸੂਸ ਕਰ ਰਹੇ ਹੋ ਤਾਂ ਤੁਸੀਂ ਗੁਲਾਬ ਜਲ ਦੀ ਵਰਤੋਂ ਕਰੋ। ਆਟਾ ਅਤੇ ਆਲਿਵ ਆਇਲ- ਆਟੇ ਨੂੰ ਗੁੰਨ ਲਵੋ ਅਤੇ ਫਿਰ ਆਲਿਵ ਆਇਲ 'ਚ ਡੁੱਬਾ ਲਵੋ। ਇਸ ਆਟੇ ਨੂੰ ਉਬਟਨ ਦੇ ਵਾਂਗ ਆਪਣੇ ਚਿਹਰੇ 'ਤੇ ਹਲਕੇ ਵਾਲਾਂ 'ਤੇ ਵਰਤੋਂ ਕਰੋ। ਪੈਰਾਂ 'ਤੇ ਲਗਾਉਣਾ ਥੋੜ੍ਹਾ ਦਰਦ ਦੇਵੇਗਾ। ਵੈਕਸਿੰਗ ਕਰਨ ਦਾ ਢੰਗ- ਵੈਕਸਿੰਗ ਕਰਨ ਲਈ ਅਣਚਾਹੇ ਵਾਲਾਂ ਵਾਲੀ ਦਿਸ਼ਾ 'ਚ ਵੈਕਸ ਪਤਲੀ ਪਰਤ ਲਗਾਈ ਜਾਂਦੀ ਹੈ। ਵੈਕਸਿੰਗ ਸਟਰਿਪ ਨੂੰ ਵੈਕਸ ਦੇ ਉੱਪਰ ਦਬਾ ਕੇ ਜਿਥੇ ਵਾਲ ਹਨ ਉਸ ਦੀ ਉੱਲਟ ਦਿਸ਼ਾ ਤੋਂ ਉੱਲਟ ਤੇਜ਼ੀ ਨਾਲ ਹਟਾਇਆ ਜਾਂਦਾ ਹੈ।

ਘਰੇਲੂ ਨੁਸਖ਼ਿਆਂ ਰਾਹੀਂ ਨਿਮੋਨੀਆ ਤੋਂ ਕਰੋ ਆਪਣਾ ਬਚਾਅ

ਜਦੋਂ ਗੱਲ ਕਿਸੇ ਘਰੇਲੂ ਨੁਸਖ਼ੇ ਦੀ ਆਉਂਦੀ ਹੈ ਤਾਂ ਕਈ ਵੱਡੇ-ਵੱਡੇ ਬਜ਼ੁਰਗ ਸਿਰਫ ਇਸ ਦੀ ਵਰਤੋਂ ਕਰਨ 'ਚ ਹੀ ਸਮਝਦਾਰੀ ਸਮਝਦੇ ਹਨ ਕਿਉਂਕਿ ਇਸ ਨਾਲ ਕੋਈ ਸਾਈਡ ਇਫੈਕਟ ਨਹੀਂ ਹੁੰਦੇ ਹਨ ਅਤੇ ਬੀਮਾਰੀ ਵੀ ਝੱਟ ਠੀਕ ਹੋ ਜਾਂਦੀ ਹੈ। ਜੇਕਰ ਨਿਮੋਨੀਆ ਦੀ ਗੱਲ ਕਰੀਏ ਤਾਂ ਇਸ ਨੂੰ ਠੀਕ ਕਰਨ ਦੇ ਕਈ ਘਰੇਲੂ ਢੰਗ ਹਨ।



ਨਿਮੋਨੀਆ 'ਚ ਅਸਧਾਰਣ ਤੌਰ 'ਤੇ ਸੋਜ ਆਉਣ ਕਾਰਨ ਹੁੰਦਾ ਹੈ। ਇਸ ਕਾਰਨ ਫੇਫੜਿਆਂ 'ਚ ਪਾਣੀ ਭਰ ਜਾਂਦਾ ਹੈ। ਆਮਤੌਰ 'ਤੇ ਨਿਮੋਨੀਆ ਕਈ ਕਾਰਨਾਂ ਕਰਕੇ ਹੁੰਦਾ ਹੈ ਜਿਨ੍ਹਾਂ 'ਚ ਬੈਕਟੀਰੀਆ, ਵਾਇਰਸ, ਫੰਗੀ ਜਾਂ ਹੋਰ ਆਦਿ। ਜੇਕਰ ਇਸ ਨਾਲ ਤੁੰਰਤ ਨਾਲ ਲੜਿਆ ਜਾਵੇ ਤਾਂ ਫੇਫੜਿਆਂ ਲਈ ਖਤਰਾ ਪੈਦਾ ਹੋ ਸਕਦਾ ਹੈ। ਆਓ ਜਾਣਦੇ ਹਾਂ ਇਸ ਨੂੰ ਘਰੇਲੂ ਢੰਗਾਂ ਨਾਲ ਕਿਵੇਂ ਠੀਕ ਕੀਤਾ ਜਾ ਸਕਦਾ ਹੈ।

ਲਸਣ- ਲਸਣ ਨੂੰ ਨਿਯਮਿਤ ਖਾਣੇ 'ਚ ਸ਼ਾਮਲ ਕਰੋ ਕਿਉਂਕਿ ਇਹ ਕੁਦਰਤੀ ਐਂਟੀਬਾਇਓਟਿਕ ਦੇ ਰੂਪ 'ਚ ਜਾਣਿਆ ਜਾਂਦਾ ਹੈ। ਇਹ ਸਰੀਰ 'ਚੋਂ ਰੋਗਾਣੂਆਂ ਨੂੰ ਖਤਮ ਕਰਦਾ ਹੈ। ਹਲਦੀ- ਹਲਦੀ ਨੂੰ ਖਾਣ 'ਚ ਜ਼ਰੂਰ ਪਾਉ ਕਿਉਂਕਿ ਇਹ ਨਿਮੋਨੀਆ ਨੂੰ ਜਲਦੀ ਖਤਮ ਕਰ ਦਿੰਦਾ ਹੈ।

ਅਦਰਕ- ਲਸਣ ਦੇ ਵਾਂਗ ਅਦਰਕ ਵੀ ਸਾਹ ਨਾਲ ਸੰਬੰਧਿਤ ਸਮੱਸਿਆਵਾਂ ਨੂੰ ਦੂਰ ਕਰਦਾ ਹੈ। ਇਸ ਨੂੰ ਚਾਹ ਨਾਲ ਸਵੇਰੇ ਪੀਉ। ਤੁਲਸੀ- ਇਹ ਅਜਿਹੀ ਜੜੀ ਬੂਟੀ ਹੈ ਜਿਹੜੀ ਡਾਕਟਰ ਹਮੇਸ਼ਾ ਲੈਣ ਨੂੰ ਬੋਲਦੇ ਹਨ। ਇਹ ਖਰਾਬ ਬੈਕਟੀਰੀਆ ਨੂੰ ਸਰੀਰ 'ਚੋਂ ਬਾਹਰ ਨਿਕਾਲਦਾ ਹੈ। ਇਸ ਨੂੰ ਦਿਨ 'ਚ 6 ਵਾਰ ਲੈਣਾ ਚਾਹੀਦਾ ਹੈ।

ਵਿਟਾਮਿਨ ਸੀ- ਵਿਟਾਮਿਨ ਸੀ ਨਾਲ ਭਰਪੂਰ ਫ਼ਲਾਂ ਦੀ ਵਰਤੋਂ ਕਰਨੀ ਚਾਹੀਦੀ ਹੈ। ਇਨ੍ਹਾਂ ਨੂੰ ਆਪਣੀ ਡਾਇਟ 'ਚ ਸ਼ਾਮਲ ਕਰਨਾ ਚਾਹੀਦਾ ਹੈ।

ਪਾਣੀ- ਇਸ ਰੋਗ 'ਚ ਬਹੁਤ ਸਾਰਾ ਪਾਣੀ ਪੀਣਾ ਚਾਹੀਦਾ ਹੈ। ਇਸ ਸਰੀਰ ਡੀ ਹਾਈਡ੍ਰੇਟ ਰਹੇਗਾ। ਗਾਜਰ- ਇਹ ਸਿਰਫ ਅੱਖਾਂ ਲਈ ਹੀ ਨਹੀਂ ਸਗੋਂ ਫੇਫੜਿਆਂ ਲਈ ਵੀ ਵਧੀਆ ਹੁੰਦਾ ਹੈ। ਨਿਮੋਨੀਆ ਹੋਣ ਨਾਲ ਗਾਜਰ ਦਾ ਜੂਸ ਜ਼ਰੂਰ ਪੀਣਾ ਚਾਹੀਦਾ ਹੈ ਕਿਉਂਕਿ ਇਸ 'ਚ ਬਹੁਤ ਸਾਰਾ ਵਿਟਾਮਿਨ ਏ ਹੁੰਦਾ ਹੈ।

ਮਿਰਚ- ਮਾਹਿਰਾਂ ਦਾ ਮੰਨਣਾ ਹੈ ਕਿ ਇੰਫੈਕਸ਼ਨ ਤੋਂ ਲੜਨ ਦੀ ਬਹੁਤ ਤਾਕਤ ਹੁੰਦੀ ਹੈ। ਇਸ ਲਈ ਨਿਮੋਨੀਆ 'ਚ ਜ਼ਰੂਰ ਖਾਓ। ਤਿਲ- ਨਿਮੋਨੀਆ ਦੇ ਖਤਰਨਾਕ ਬੈਕਟੀਰੀਆ ਨਾਲ ਤਿਲ ਦੇ ਬੀਜਾਂ ਤੋਂ ਛੁਟਕਾਰਾ ਪਾਇਆ ਜਾ ਸਕਦਾ ਹੈ। ਸ਼ਹਿਦ- ਖੰਡ ਦੀ ਬਜਾਏ ਇਸ ਬੀਮਾਰੀ 'ਚ ਸ਼ਹਿਦ ਖਾਣਾ ਚਾਹੀਦਾ ਹੈ ਕਿਉਂਕਿ ਇਸ 'ਚ ਐਂਟੀਬੈਕਟੀਰੀਅਲ ਗੁਣ ਹੁੰਦੇ ਹਨ ਜਿਹੜੇ ਕਿ ਸਰੀਰ ਨੂੰ ਖਰਾਬ ਬੈਕਟੀਰੀਆ ਤੋਂ ਬਚਾਉਂਦੇ ਹਨ। ਮੇਥੀ ਦਾਣਾ- ਇਸ 'ਚ ਬਹੁਤ ਸਾਰੀ ਸ਼ਕਤੀ ਹੁੰਦੀ ਹੈ। ਇਸ ਬੀਮਾਰੀ 'ਚ ਮੇਥੀ ਦੀ ਵਰਤੋਂ ਜ਼ਰੂਰ ਕਰਨੀ ਚਾਹੀਦੀ ਹੈ। ਕਾਲੀ ਚਾਹ- ਜਿਨ੍ਹਾਂ ਨੂੰ ਨਿਮੋਨੀਆ ਹੋਵੇ। ਉਹ ਦੁੱਧ ਨਾਲ ਬਣੇ ਉਤਪਾਦਾਂ ਤੋਂ ਦੂਰੀ ਬਣਾਈ ਰੱਖੋ।

ਨਾ ਖਾਓ ਪਸ਼ੂ ਪ੍ਰੋਟੀਨ- ਜੇਕਰ ਤੁਸੀਂ ਮਾਸਾਹਾਰੀ ਖਾਣ ਦੇ ਸ਼ੌਕੀਨ ਹੋ ਤਾਂ [illegible]

ਢਿੱਡ 'ਚ ਪਏ ਕੀੜਿਆਂ ਨੂੰ ਖਤਮ ਕਰਨ ਦੇ ਘਰੇਲੂ ਨੁਸਖ਼ੇ

ਉੱਲਟੀ, ਦਿਲ ਖਰਾਬ ਹੋਣਾ, ਰਾਤ ਨੂੰ ਸੁੱਤੇ ਹੋਏ ਦੰਦ ਪੀਸਣਾ, ਢਿੱਡ ਦਰਦ ਅਤੇ ਅਤੀਸਾਰ ਦੇ ਲੱਛਣ ਪੈਦਾ ਹੁੰਦੇ ਹਨ। ਸਰੀਰ 'ਚ ਖ਼ੂਨ ਦੀ ਘਾਟ ਵੀ ਇਨ੍ਹਾਂ ਕੀੜਿਆਂ ਦੇ ਕਾਰਨ ਜ਼ਿਆਦਾ ਹੁੰਦੀ ਹੈ। ਕੀੜੇ ਰਾਤ ਨੂੰ ਗੁਦਾ ਦੇ ਮੂੰਹ 'ਤੇ ਕੱਟਦੇ ਹਨ ਤਾਂ ਬਹੁਤ ਬੇਚੈਨੀ ਅਤੇ ਖਾਰਿਸ਼ ਹੁੰਦੀ ਹੈ। ਇਸ ਨੂੰ ਘਰੇਲੂ ਢੰਗਾਂ ਨਾਲ ਸਹੀ ਕੀਤਾ ਜਾ ਸਕਦਾ ਹੈ।

- ਸੇਂਧਾ ਲੂਣ, ਕਬੀਲਾ, ਹਰੜ ਅਤੇ ਬਾਏਬਿੰਡਗ ਬਰਾਬਰ ਲੈ ਕੇ ਪੀਹ ਕੇ ਚੂਰਨ ਬਣਾ ਕੇ 3 ਗ੍ਰਾਮ ਤੱਕ ਦਹੀਂ ਰਸ ਸ਼ਹਿਦ ਮਿਲਾ ਕੇ ਖਾਣ ਨਾਲ ਕੀੜੇ ਖਤਮ ਹੁੰਦੇ ਹਨ।
- ਚੰਪਾ ਦੇ ਫੁੱਲਾਂ ਦਾ 10 ਗ੍ਰਾਮ ਰਸ ਹਨ।
- ਕੱਚੇ ਅੰਬ ਦੀ ਗਿੱਟਕ ਦੇ ਅੰਦਰ ਦੇ ਹਿੱਸੇ ਦਾ ਚੂਰਨ ਬਣਾ ਕੇ 4 ਰੱਤੀ ਪਾਣੀ ਜਾਂ ਦਹੀਂ ਨਾਲ ਖਾਣ ਨਾਲ ਕੀੜੇ ਖਤਮ ਹੁੰਦੇ ਹਨ।



ਸ਼ਹਿਦ ਮਿਲਾ ਕੇ ਖਾਣ ਨਾਲ ਕੀੜੇ ਖਤਮ ਹੁੰਦੇ ਹਨ।

- ਲੱਸਣ ਅਤੇ ਗੁੜ ਬਰਾਬਰ ਮਿਲਾ ਕੇ ਖਾਣ ਨਾਲ ਕੀੜੇ ਖਤਮ ਹੁੰਦੇ ਹਨ।
- ਨਿੰਮ ਦੀ ਛਾਲ ਨੂੰ ਪੀਹ ਕੇ ਚੂਰਨ ਬਣਾ ਕੇ 2 ਗ੍ਰਾਮ ਚੂਰਨ ਹਿੰਗ ਅਤੇ ਸ਼ਹਿਦ ਮਿਲਾ ਕੇ ਖਾਣ ਨਾਲ ਕੀੜੇ ਖਤਮ ਹੁੰਦੇ ਹਨ।
- ਢਿੱਡ ਦੇ ਕੀੜਿਆਂ ਨੂੰ ਖਤਮ ਕਰਨ ਲਈ ਪਾਣੀ ਅਤੇ ਫਲਾਂ ਸਬਜ਼ੀਆਂ ਦੀ ਸਫਾਈ 'ਤੇ ਖਾਸ ਧਿਆਨ ਦੇਣਾ ਚਾਹੀਦਾ ਹੈ ਕਿਉਂਕਿ ਫਲਾਂ ਅਤੇ ਸਬਜ਼ੀਆਂ ਨੂੰ ਜਦੋਂ ਸਲਾਦ ਲਈ ਵਰਤੋਂ ਕਰਦੇ ਹਾਂ ਤਾਂ ਕੀੜੇ ਮਿੱਟੀ ਘੱਟੇ ਅਤੇ ਗੰਦੇ ਪਾਣੀ ਨਾਲ ਸਾਡੇ ਸਰੀਰ 'ਚ ਚੱਲੇ ਜਾਂਦੇ ਹਨ।
- ਟਮਾਟਰ ਨੂੰ ਕੱਟ ਕੇ ਕਾਲੀ ਮਿਰਚ ਦਾ ਚੂਰਨ ਅਤੇ ਸੇਂਧਾ ਲੂਣ ਮਿਲਾ ਕੇ ਖਾਣ ਨਾਲ ਕੀੜੇ ਖਤਮ ਹੁੰਦੇ ਹਨ। ਟਮਾਟਰਾਂ ਦੇ ਰਸ 'ਚ ਕਾਲੀਆਂ ਮਿਰਚਾਂ ਸੇਂਧਾ ਲੂਣ ਮਿਲਾ ਕੇ ਪੀਣ ਨਾਲ ਲਾਭ ਹੁੰਦਾ ਹੈ।
- ਅਨਾਨਾਸ ਦੇ 20 ਗ੍ਰਾਮ ਰਸ 'ਚ ਬਾਏਬੀਡੰਗ ਦਾ ਚੂਰਨ, ਜਵੈਣ, ਦੋ-ਦੋ ਗ੍ਰਾਮ ਮਿਲਾ ਕੇ ਖਾਣ ਨਾਲ ਕੀੜੇ ਖਤਮ ਹੁੰਦੇ ਹਨ।
- ਅਨਾਰ ਦੀ ਛਾਲ ਦਾ ਕਾੜ੍ਹਾ ਬਣਾ ਕੇ ਉਸ 'ਚ 1 ਗ੍ਰਾਮ ਤਿਲ ਦਾ ਤੇਲ ਮਿਲਾ ਕੇ ਖਾਣ ਨਾਲ ਕੀੜੇ ਖਤਮ ਹੁੰਦੇ ਹਨ।
- ਜਵੈਣ ਦਾ 3 ਗ੍ਰਾਮ ਚੂਨਰ ਗੁੜ ਮਿਲਾ ਕੇ ਖਾਣ ਨਾਲ ਕੀੜੇ ਖਤਮ ਹੁੰਦੇ ਹਨ। ਕੀੜੇ ਖਤਮ ਕਰਨ ਵਾਲੀ ਦਵਾਈ ਦੇਣ ਦੇ ਨਾਲ ਖਤਮ ਹੁੰਦੇ ਹਨ। ਕੀੜੇ ਖਤਮ ਕਰਨ ਵਾਲੀ ਦਵਾਈ ਦੇਣ ਦੇ ਨਾਲ ਕਬਜ਼ ਕਰਨ ਵਾਲੀ ਦਵਾਈ ਦੇਣ ਨਾਲ ਕੀੜੇ ਖਤਮ ਹੋ ਕੇ ਟੱਟੀ ਰਾਹੀਂ ਨਿਕਲ ਜਾਂਦੇ ਹਨ।
- ਗੁੜ ਦੇ ਨਾਲ 3 ਗ੍ਰਾਮ ਕਬੀਲਾ ਥੋੜ੍ਹੇ ਜਿਹੇ ਗਰਮ ਪਾਣੀ ਨਾਲ ਖਾਣ ਨਾਲ ਬਹੁਤ ਛੇਤੀ ਲਾਭ ਮਿਲਦਾ ਹੈ।
- ਕਾਲਾ ਲੂਣ 2 ਰੱਤੀ, ਜਵੈਣ ਦਾ ਚੂਰਨ 4 ਰੱਤੀ ਮਿਲਾ ਕੇ ਥੋੜ੍ਹੇ ਜਿਹੇ ਗਰਮ ਦੇ ਨਾਲ ਖਾਣ ਨਾਲ ਕੀੜਿਆਂ ਤੋਂ ਮੁਕਤੀ ਮਿਲਦੀ ਹੈ। ਦਹੀਂ ਦੇ ਨਾਲ ਵੀ ਇਸ ਨੂੰ ਖਾ ਸਕਦੇ ਹੋ।
- ਨਿੰਮ ਦੇ ਨਰਮ ਪੱਤਿਆਂ ਦਾ ਰਸ ਸ਼ਹਿਦ 'ਚ ਮਿਲਾ ਕੇ ਪੀਣ ਨਾਲ ਕੀੜੇ ਖਤਮ ਹੁੰਦੇ ਹਨ ਅਤੇ ਖ਼ੂਨ ਸਾਫ ਹੁੰਦਾ ਹੈ।
- ਪਿਆਜ਼ ਦੇ 10 ਗ੍ਰਾਮ ਰਸ 'ਚ ਥੋੜ੍ਹਾ ਜਿਹਾ ਸੇਂਧਾ ਲੂਣ ਮਿਲਾ ਕੇ ਪੀਣ ਨੀਲ ਕੀੜੇ ਖਤਮ ਹੁੰਦੇ ਹਨ।
- ਥੋੜ੍ਹਾ ਜਿਹੇ ਹਿੰਗ 'ਚ ਆੜੂ ਦੇ ਪੱਤਿਆਂ ਦਾ ਰਸ 30 ਗ੍ਰਾਮ ਮਿਲਾ ਕੇ ਪੀਣ ਨਾਲ ਕੀੜੇ ਖਤਮ ਹੁੰਦੇ ਹਨ।

ਤੁਸੀਂ ਵੀ ਹੋ ਬੋਲੇਪਨ ਦੇ ਸ਼ਿਕਾਰ ਤਾਂ ਅਪਣਾਓ ਘਰੇਲੂ ਨੁਕਤੇ

ਰੌਲੇ ਭਰੇ ਵਾਤਾਵਰਨ 'ਚ ਰਹਿਣ ਕਾਰਨ ਰੋਗੀ ਦੇ ਕੰਨਾਂ 'ਚ ਅਜੀਬ ਜਿਹੀਆਂ ਆਵਾਜਾਂ ਗੂੰਜਦੀਆਂ ਰਹਿੰਦੀਆਂ ਹਨ। ਮੱਧਮ ਆਵਾਜ਼ 'ਚ ਕਹੀ ਗਈ ਗੱਲ ਉਸ ਨੂੰ ਜਲਦੀ ਸਮਝ ਨਹੀਂ ਆਉਂਦੀ। ਬੋਲੇਪਨ 'ਚ ਰੋਗੀ ਕੋਲ ਉੱਚੀ ਆਵਾਜ਼



ਬੋਲਣ ਨਾਲ ਵੀ ਉਸ ਨੂੰ ਘੱਟ ਸੁਣਦਾ ਹੈ। ਬੋਲੇਪਨ 'ਚ ਰੋਗੀ ਉੱਚੀ ਆਵਾਜ਼ 'ਚ ਬੋਲਣ ਨਾਲ ਵੀ ਉਸ ਨੂੰ ਘੱਟ ਸੁਣਦਾ ਹੈ। ਕਈ ਵਾਰੀ ਰੋਗੀ ਕੰਨ 'ਤੇਹਥ ਰੱਖ ਕੇ ਸੁਣਨ ਦੀ ਕੋਸ਼ਿਸ਼ ਕਰਦਾ ਹੈ। ਆਓ ਜਾਣਦੇ ਹਾਂ ਇਸ ਨੂੰ ਘਰੇਲੂ ਢੰਗਾਂ ਨਾਲ ਕਿਵੇਂ ਕਾਬੂ ਕੀਤਾ ਜਾ ਸਕਦਾ ਹੈ।

- ਅੱਕ ਦੀ ਪੀਲੇ ਪੱਤੇ ਜਿਸ 'ਚ ਛੇਕ ਨਾ ਹੋਵੇ। ਉਨ੍ਹਾਂ ਨੂੰ ਲੈ ਕੇ ਅੱਗ 'ਤੇ ਗਰਮ ਕਰੋ ਅਤੇ ਉਸ ਦਾ ਰਸ ਕੰਨ 'ਚ ਨਿਚੋੜੋ। ਇਸ ਦੀ ਦੋ ਹਫਤੇ ਵਰਤੋਂ ਕਰਨ ਨਾਲ ਬੋਲਾਪਨ ਦੂਰ ਹੁੰਦਾ ਹੈ। ਜੇ ਕੰਨ 'ਚ ਜ਼ਖਮ ਹੋਵੇ ਤਾਂ ਉਹ ਵੀ ਠੀਕ ਹੋ ਜਾਂਦਾ ਹੈ।
- ਕੌੜੇ ਬਦਾਮ ਦਾ ਤੇਲ ਥੋੜ੍ਹਾ ਗਰਮ ਕਰਕੇ ਕੰਮ 'ਚ ਹਰ ਰੋਜ਼ ਸਵੇਰੇ ਸ਼ਾਮ ਬੂੰਦ ਬੂੰਦ ਪਾਉਣ ਨਾਲ ਬੋਲਾਪਨ ਠੀਕ ਹੁੰਦਾ ਹੈ।
- ਜੈਤੂਨ ਦੇ ਪੱਤਿਆਂ ਦਾ ਰਸ 10 ਗ੍ਰਾਮ, ਸ਼ਹਿਦ 10 ਗ੍ਰਾਮ ਮਿਲਾ ਕੇ ਥੋੜ੍ਹਾ ਜਿਹਾ ਗਰਮ ਕਰਕੇ ਬੂੰਦ-ਬੂੰਦ ਕੰਨ 'ਚ ਪਾਉਣ ਨਾਲ ਕੁਝ ਮਹੀਨਿਆਂ 'ਚ ਬੋਲਾਪਨ ਠੀਕ ਹੋਣ ਲੱਗਦਾ ਹੈ।
- 2 ਗ੍ਰਾਮ ਸ਼ੁੰਠੀ ਦਾ ਚੂਰਨ, ਦੋ ਗ੍ਰਾਮ ਗੁੜ, 10 ਗ੍ਰਾਮ ਪਾਣੀ 'ਚ ਚੰਗੀ ਤਰ੍ਹਾਂ ਮਿਲਾ ਕੇ ਕੰਨ 'ਚ ਬੂੰਦ-ਬੂੰਦ ਪਾਉਣ ਨਾਲ ਬਹਿਰਾਪਨ ਠੀਕ ਹੁੰਦਾ ਹੈ।
- ਕਾਕਜੰਘਾ ਦੇ ਪੱਤਿਆਂ ਦਾ ਗਰਮ ਰਸ ਕੰਨ 'ਚ ਬੂੰਦ-ਬੂੰਦ ਪਾਉਣ ਨਾਲ ਬਹਿਰਾਪਨ ਠੀਕ ਹੁੰਦਾ ਹੈ।
- ਪਿਆਜ਼ ਦਾ ਥੋੜ੍ਹਾ ਜਿਹਾ ਗਰਮ ਰਸ ਕੰਨ 'ਚ ਟਪਕਾਉਣ ਨਾਲ ਬੋਲਾਪਨ ਠੀਕ ਹੁੰਦਾ ਹੈ।
- ਪੱਕੇ ਬਿਲੱ ਦੇ ਬੀਜਾਂ ਦਾ ਤੇਲ ਕੱਢ ਕੇ ਬੂੰਦ-ਬੂੰਦ ਕੰਨ 'ਚ ਪਾਉਣ ਨਾਲ ਬੋਲਾਪਨ ਠੀਕ ਹੁੰਦਾ ਹੈ।
- ਬਿੱਲ ਅਤੇ ਅਨਾਰ ਦੇ ਪੱਤਿਆਂ ਦਾ ਰਸ 20-20 ਗ੍ਰਾਮ, 50 ਗ੍ਰਾਮ ਪਾਉਣ ਾਲ ਬੋਲਾਪਨ ਠੀਕ ਹੁੰਦਾ ਹੈ।
- ਦਾਲਚੀਨੀ ਦਾ ਤੇਲ ਬੂੰਦ-ਬੂੰਦ ਸਵੇਰੇ ਸ਼ਾਮ ਕੰਨ 'ਚ ਪਾਉਣ ਨਾਲ ਬੋਲੇਪਨ 'ਚ ਬਹੁਤ ਲਾਭ ਹੁੰਦਾ ਹੈ। ਟ
- ਕੌੜੇ ਬਦਾਮ ਦੇ 100 ਗ੍ਰਾਮ ਤੇਲ 'ਚ ਲਸਣ ਦੀਆਂ 10 ਤੁਰੀਆਂ ਨੂੰ ਪਕਾਉ। ਤੁਰੀਆਂ ਸੜ ਜਾਣ 'ਤੇ ਤੇਲ ਨੂੰ ਛਣ ਕੇ ਬੂੰਦ-ਬੂੰਦ ਪਾਉਣ ਨਾਲ ਬੋਲਾਪਨ ਠੀਕ ਹੁੰਦਾ ਹੈ।

ਪ੍ਰੋਸਟੈਟ ਕੈਂਸਰ ਨੂੰ ਕਾਬੂ ਕਰਨ ਦੇ ਘਰੇਲੂ ਨੁਸਖ਼ੇ

ਘਰੇਲੂ ਉਪਾਅ ਜੀਵਨਸ਼ੈਲੀ ਦਾ ਹਿੱਸਾ ਹੁੰਦੇ ਹਨ। ਇਨ੍ਹਾਂ ਦੀ ਖਾਸ ਗੱਲ ਇਹ ਹੁੰਦੀ ਹੈ ਕਿ ਤੁਸੀਂ ਇਸ ਨਾਲ ਡਾਕਟਰੀ ਇਲਾਜ ਵੀ ਕਰਵਾ ਸਕਦੇ ਹੋ। ਪ੍ਰੋਸਟੈਟ ਕੈਂਸਰ ਦੇ ਇਲਾਜ ਲਈ ਘਰੇਲੂ ਨੁਸਖ਼ੇ ਬਹੁਤ ਹੀ ਕਾਰਗਾਰ ਸਾਬਤ ਹੋ ਸਕਦੇ ਹਨ। ਪ੍ਰੋਸਟੈਟ ਇਕ ਗ੍ਰੰਥੀ ਹੈ ਜਿਹੜੀ ਪੇਸ਼ਾਬ ਦੀ ਨਲੀ ਦੇ ਉੱਪਰੀ ਹਿੱਸੇ ਦੇ ਚਾਰੇ ਪਾਸੇ ਸਥਿਤ ਹੁੰਦੀ ਹੈ। ਇਹ ਗ੍ਰੰਥੀ ਅਖਰੋਟ ਦੇ ਆਕਾਰ ਵਰਗੀ ਹੁੰਦੀ ਹੈ। ਆਮਤੌਰ 'ਤੇ ਪ੍ਰੋਸਟੈਟ ਕੈਂਸਰ 50 ਸਾਲ ਦੀ ਉਮਰ ਤੋਂ ਬਾਅਦ ਸਿਰਫ ਮਰਦਾਂ 'ਚ ਹੋਣ ਵਾਲੀ ਇਕ ਬੀਮਾਰੀ ਹੈ। ਪ੍ਰੋਸਟੈਟ ਕੈਂਸਰ ਦੀ ਸ਼ੁਰੂਆਤੀ ਸਟੇਜ 'ਚ ਜੇਕਰ ਪਤਾ ਚੱਲ ਜਾਵੇ ਤਾਂ ਇਸ ਦਾ ਇਲਾਜ ਹੋਣਾ ਸੰਭਵ ਹੈ। ਆਓ ਜਾਣਦੇ ਹਾਂ ਇਸ ਨੂੰ ਘਰੇਲੂ ਢੰਗਾਂ ਨਾਲ ਕਿਵੇਂ ਕਾਬੂ ਪਾਇਆ ਜਾ ਸਕਦਾ ਹੈ। ਐਲੋਵੇਰਾ- ਐਲੋਵੇਰਾ ਨੂੰ ਪ੍ਰੋਸਟੈਟ ਕੈਂਸਰ ਦੇ ਇਲਾਜ ਲਈ ਸਭ ਤੋਂ ਵਧੀਆ ਮੰਨਿਆ ਜਾਂਦਾ ਹੈ। ਪ੍ਰੋਸਟੈਟ ਕੈਂਸਰ ਤੋਂ ਪੀੜਤ ਮਰੀਜ਼ਾਂ ਨੂੰ ਨਿਯਮਿਤ ਰੂਪ ਨਾਲ ਐਲੋਵੇਰਾ ਦੀ ਵਰਤੋਂ ਕਰਨੀ ਚਾਹੀਦੀ ਹੈ। ਐਲੋਵੇਰਾ 'ਚ ਕੈਂਸਰੋਧੀ ਤੱਤ ਪਾਏ ਜਾਂਦੇ ਹਨ ਜਿਹੜੇ ਕਿ ਕੈਂਸਰ ਦੀਆਂ ਕੋਸ਼ਿਕਾਵਾਂ ਨੂੰ ਵਧਣ ਤੋਂ ਰੋਕਦੇ ਹਨ। ਬਰੋਕਲੀ- ਬਰੋਕਲੀ 'ਚ ਮੌਜੂਦ ਫਾਇਟੋਕੈਮਿਕਲ ਕੈਂਸਰ ਦੀ ਕੋਸ਼ਾਣੂਆਂ ਤੋਂ ਲੜਨ 'ਚ ਸਹਾਇਤਾ ਕਰਦੇ ਹਨ। ਇਹ ਇਕ ਐਂਟੀ ਆਕਸੀਡੈਂਟ ਦਾ ਵੀ ਕੰਮ ਕਰਦਾ ਹੈ ਅਤੇ ਖ਼ੂਨ ਨੂੰ ਸਾਫ ਕਰਦਾ ਹੈ। ਪ੍ਰੋਸਟੈਟ ਕੈਂਸਰ ਹੋਣ 'ਤੇ ਬਰੋਕਲੀ ਦੀ ਵਰਤੋਂ ਕਰਨੀ ਚਾਹੀਦੀ ਹੈ। ਗ੍ਰੀਨ ਟੀ- ਪ੍ਰੋਸਟੈਟ ਕੈਂਸਰ ਨਾਲ ਪੀੜਤ ਆਦਮੀ ਨੂੰ ਨਿਯਮਿਤ ਰੂਪ 'ਚ ਦੋ ਕੱਪ ਗ੍ਰੀਨ ਟੀ ਪੀਣੀ ਚਾਹੀਦੀ ਹੈ। ਗ੍ਰੀਨ ਟੀ 'ਚ ਕੈਂਸਰ ਰੋਧੀ ਤੱਤ ਪਾਏ ਜਾਂਦੇ ਹਨ।



ਲਸਣ- ਲਸਣ 'ਚ ਕਈ ਦਵਾਈ ਵਾਲੇ ਗੁਣ ਪਾਏ ਜਾਂਦੇ ਹਨ। ਲਸਣ 'ਚ ਕਈ ਸ਼ਕਤੀਸ਼ਾਲੀ ਐਂਟੀਆਕਸੀਡੈਂਟ ਹੁੰਦੇ ਹਨ ਜਿਵੇਂਕਿ ਵਿਟਾਮਿਨ ਸੀ, ਵਿਟਾਮਿਨ ਬੀ, ਐਲੀਸਿਨ ਆਦਿ। ਇਸ ਦੇ ਕਾਰਨ ਕੈਂਸਰ ਤੋਂ ਬਚਾਅ ਹੁੰਦਾ ਹੈ। ਅੰਗੂਰ- ਪ੍ਰੋਸਟੈਟ ਕੈਂਸਰ ਦੇ ਇਲਾਜ ਲਈ ਅੰਗੂਰ ਵੀ ਵਧੀਆ ਸਾਬਤ ਹੁੰਦਾ ਹੈ। ਅੰਗੂਰ ਨਾਲ ਐਸਟਰੋਜਨ ਦੇ ਨਿਰਮਾਣ 'ਚ ਘਾਟ ਹੁੰਦੀ ਹੈ। ਸੋਇਆਬੀਨ- ਸੋਇਆਬੀਨ ਤੋਂ ਵੀ ਪ੍ਰੋਸਟੈਟ ਕੈਂਸਰ ਦੇ ਇਲਾਜ 'ਚ ਸਹਾਇਤ ਮਿਲਦੀ ਹੈ। ਪ੍ਰੋਸਟੈਟ ਕੈਂਸਰ ਦੇ ਮਰੀਜ਼ਾਂ ਨੂੰ ਰੋਜ਼ਾਨਾ ਦੇ ਖਾਣਪੀਣ ਦੇ ਨਾਲ ਸੋਇਆਬੀਨ ਦੀ ਵੀ ਵਰਤੋਂ ਕਰਨੀ ਚਾਹੀਦੀ ਹੈ। ਸੋਇਆਬੀਨ 'ਚ ਕੁਝ ਏਨਜਾਇਮ ਪਾਏ ਜਾਂਦੇ ਹਨ ਜਿਹੜੇ ਕੈਂਸਰ ਨਾਲ ਲੜਦੇ ਹਨ। ਅਮਰੂਦ ਅਤੇ ਤਰਬੂਜ਼- ਪ੍ਰੋਸਟੈਟ ਕੈਂਸਰ ਦੇ ਇਲਾਜ ਲਈ ਅਮਰੂਦ ਅਤੇ ਤਰਬੂਜ਼ ਵੀ ਬਹੁਤ ਵਧੀਆ ਸਾਬਤ ਹੋਇਆ ਹੈ। ਅਮਰੂਦ ਅਤੇ ਤਰਬੂਜ਼ 'ਚ ਲਾਈਕੋਪੀਨ ਤੱਤ ਜ਼ਿਆਦਾ ਮਾਤਰਾ 'ਚ ਪਾਏ ਜਾਂਦੇ ਹਨ ਜਿਹੜੇ ਕਿ ਕੈਂਸਰ ਰੋਧੀ ਹੁੰਦੇ ਹਨ। ਇਸ ਲਈ ਪ੍ਰੋਸਟੈਟ ਕੈਂਸਰ ਦੇ ਮਰੀਜ਼ਾਂ ਨੂੰ ਇਨ੍ਹਾਂ ਫ਼ਲਾਂ ਦੀ ਜ਼ਿਆਦਾ ਵਰਤੋਂ ਕਰਨੀ ਚਾਹੀਦੀ ਹੈ।

ਕੁਦਰਤੀ ਢੰਗ ਨਾਲ ਕਰੋ ਚਿਹਰੇ 'ਤੇ ਬਲੀਚ

ਜ਼ਿਆਦਾਤਰ ਔਰਤਾਂ ਬਲੀਚ ਦੀ ਜਲਨ ਅਤੇ ਹੋਣ ਵਾਲੀਆਂ ਹੋਰ ਸਮੱਸਿਆਵਾਂ ਦੇ ਬਾਰੇ 'ਚ ਸੋਚ ਕੇ ਹੀ ਇਸ ਤੋਂ ਘਬਰਾ ਜਾਂਦੀਆਂ ਹਨ। ਰਸਾਇਣ ਮੁਕਤ ਬਲੀਚ 'ਚ ਮਿਸ਼ਰਣਾਂ ਦਾ ਸਹੀ ਕੋਮਬੀਨੇਸ਼ਨ ਨਾ ਹੋਣ ਕਾਰਨ ਚਮੜੀ ਨੂੰ ਨੁਕਸਾਨ ਵੀ ਹੋ ਸਕਦਾ ਹੈ। ਅਜਿਹੇ 'ਚ ਬਲੀਚ ਤੁਹਾਡੇ ਲਈ ਮਦਦਗਾਰ ਸਾਬਤ ਹੋ ਸਕਦੀ ਹੈ। ਕੁਦਰਤੀ ਬਲੀਚ ਦੀ ਮਦਦ ਨਾਲ ਤੁਸੀਂ ਘਰ ਬੈਠੇ ਹੀ ਬਲੀਚ ਕਰ ਸਕਦੇ ਹੋ। ਆਓ ਜਾਣਦੇ ਹਾਂ ਕੁਦਰਤੀ ਬਲੀਚ ਬਾਰੇ।



ਸੰਤਰਾ- ਸੰਤਰੇ ਦੇ ਛਿਲਕਿਆਂ ਨੂੰ ਧੁੱਪ 'ਚ ਸੁੱਕਾ ਕੇ ਮਿਕਸਚਰ 'ਚ ਗਰਾਇੰਡ ਕਰ ਲਵੋ ਅਤੇ ਉਸ ਪਾਊਡਰ 'ਚ ਥੋੜ੍ਹੀ ਜਿਹੀ ਮਲਾਈ ਮਿਲਾ ਕੇ ਪੇਸਟ ਬਣਾ ਲਵੋ। ਹੁਣ ਇਸ ਪੇਸਟ ਨੂੰ ਆਪਣੇ ਚਿਹਰੇ ਅਤੇ ਗਰਦਨ 'ਤੇ 10 ਮਿੰਟਾਂ ਲਈ ਲਗਾਓ।

ਟਮਾਟਰ ਅਤੇ ਨਿੰਬੂ ਦਾ ਰਸ- ਟਮਾਟਰ ਦੇ ਗੁਦੇ 'ਚ ਤਾਜ਼ੇ ਨਿੰਬੂ ਦਾ ਰਸ ਮਿਲਾਏ ਅਤੇ ਉਸ ਨਾਲ ਆਪਣੇ ਚਿਹਰੇ ਨੂੰ ਸਾਫ ਕਰੋ। ਕੁਝ ਦਿਨ ਤੱਕ ਕੁਝ ਅਜਿਹਾ ਕਰਨ ਨਾਲ ਚਿਹਰੇ 'ਚ ਕਾਫੀ ਨਿਖਾਰ ਆਉਂਦਾ ਹੈ।

ਨਿਬੂੰ, ਖੀਰਾ ਅਤੇ ਕਣਕ- ਇਕ ਮਿਕਸਚਰ 'ਚ ਖੀਰੇ ਨੂੰ ਗਰਾਇੰਡ ਕਰੋ ਅਤੇ ਉਸ 'ਚ ਨਿੰਬੂ ਦਾ ਰਸ ਮਿਲਾ ਦਿਉ। ਹੁਣ ਇਕ ਕਟੋਰੇ 'ਚ ਇਸ ਦਾ ਪੇਸਟ ਪਾ ਦਿਓ ਅਤੇ ਉਸ 'ਚ ਥੋੜ੍ਹਾ ਜਿਹਾ ਬੇਸਣ ਅਤੇ ਕਣਕ ਦਾ ਆਟਾ ਮਿਲਾ ਦਿਓ ਅਤੇ ਚਮੜੀ 'ਤੇ ਲਗਾ ਲਵੋ। 15 ਮਿੰਟ ਬਾਅਦ ਇਸ ਮਿਸ਼ਰਣ ਨੂੰ ਸਾਫ ਪਾਣੀ ਨਾਲ ਧੋ ਲਵੋ।

ਹਲਦੀ ਨਿੰਬੂ ਦਾ ਪੇਸਟ- ਖੜੀ ਹਲਦੀ ਨੂੰ ਗਰਾਈਡਰ 'ਚ ਪੀਸ ਕੇ ਫਿਰ ਉਸ ਪਾਊਡਰ 'ਚ ਨਿੰਬੂ ਦਾ ਰਸ ਮਿਲਾ ਲਵੋ। ਹੁਣ ਇਸ ਮਿਸ਼ਰਣ ਨੂੰ ਆਪਣੀ ਚਮੜੀ 'ਤੇ ਲਗਾ ਲਵੋ। ਧਿਆਨ ਰੱਖੋ ਕਿ ਬਾਜ਼ਾਰ 'ਚ ਮਿਲਣ ਵਾਲੇ ਹਲਦੀ ਪਾਊਡਰ ਨੂੰ ਨਾ ਖਰੀਦੋ ਕਿਉਂਕਿ ਇਸ ਨੂੰ ਚਿਹਰੇ 'ਤੇ ਲਗਾਉਣ ਨਾਲ ਲਾਲ ਨਿਸ਼ਾਨ ਪੈ ਜਾਂਦੇ ਹਨ।

ਸਫੈਦ ਸਿਰਕਾ- ਤੁਸੀਂ ਇਸ ਦੀ ਵਰਤੋਂ ਮੁਹਾਸਿਆਂ ਨੂੰ ਹਟਾਉਣ ਲਈ ਜ਼ਰੂਰ ਕਰਦੇ ਹੋਵੋਗੇ ਪਰ ਸਨਬਰਨ ਕਰਕੇ ਤੁਹਾਡਾ ਚਿਹਰਾ ਬੁਝਿਆ ਰਹਿੰਦਾ ਹੈ ਤਾਂ ਵਿਟਾਮਿਨ ਸੀ ਨਾਲ ਭਰਿਆ ਸਫੈਦ ਸਿਰਕਾ ਤੁਹਾਡੇ ਲਈ ਫਾਇਦੇਮੰਦ ਹੈ। ਇਸ ਨੂੰ ਇਕ ਟੋਨਰ ਦੇ ਰੂਪ ਵਰਤੋਂ ਕਰੋ। ਖੀਰਾ- ਖੀਰੇ ਖਾਣ ਨਾਲ ਨਾ ਸਿਰਫ ਪਾਣੀ ਦੀ ਘਾਟ ਪੂਰੀ ਹੁੰਦੀ ਹੈ ਸਗੋਂ ਖੀਰੇ ਨੂੰ ਚਿਹਰੇ 'ਤੇ ਲਗਾਉਣ ਨਾਲ ਵੀ ਚਿਹਰੇ 'ਤੇ ਨਿਖਾਰ ਆਉਂਦਾ ਹੈ। ਖੀਰੇ ਨੂੰ 5 ਤੋਂ 10 ਮਿੰਟਾਂ ਤੱਕ ਆਪਣੇ ਚਿਹਰੇ 'ਤੇ ਲਗਾਓ। ਇਸ ਤੋਂ ਬਾਅਦ ਚਿਹਰੇ ਨੂੰ ਠੰਡੇ ਪਾਣੀ ਨਾਲ ਧੋ ਲਵੋ।

ਪਪੀਤਾ- ਪਪੀਤੇ 'ਚ ਅਜਿਹੇ ਅਨਜਾਇਨ ਪਾਏ ਜਾਂਦੇ ਹਨ ਜਿਹੜੇ ਚਿਹਰੇ ਨੂੰ ਨਿਖਾਰਦੇ ਹਨ। ਕੱਚਾ ਪਪੀਤੇ ਨੂੰ ਚਿਹਰੇ 'ਤੇ ਮਲੋ ਅਤੇ 15 ਤੋਂ 20 ਮਿੰਟ ਤੱਕ ਚਿਹਰੇ 'ਤੇ ਲਗਾ ਕੇ ਰੱਖੋ। ਇਸ ਤੋਂ ਬਾਅਦ ਇਸ ਨੂੰ ਪਾਣੀ ਨਾਲ ਧੋ ਲਵੋ।

ਆਲੂ- ਆਲੂਆਂ ਨੂੰ ਕੱਦੂਕਸ਼ ਕਰ ਲਵੋ। ਉਸ 'ਚ ਥੋੜ੍ਹਾ ਜਿਹਾ ਉਸ 'ਚ ਗੁਲਾਬਜਲ ਮਿਲਾ ਕੇ ਪੇਸਟ ਬਣਾ ਲਵੋ। ਜੇਕਰ ਤੁਹਾਡੀ ਚਮੜੀ ਆਇਲੀ ਜਾਂ ਡਰਾਈ ਹੈ ਤਾਂ ਇਸ 'ਚ ਥੋੜ੍ਹਾ ਜਿਹਾ ਨਿੰਬੂ ਦਾ ਰਸ ਅਤੇ ਸ਼ਹਿਦ ਮਿਲਾ ਸਕਦੇ ਹੋ। ਇਸ ਮਿਸ਼ਰਣ ਨੂੰ ਆਪਣੇ ਚਿਹਰੇ 'ਤੇ ਘੱਟੋਂ ਘੱਟ 15 ਮਿੰਟ ਤੱਕ ਲਗਾਓ। ਤੁਸੀਂ ਫਿਰ ਸਾਫ ਪਾਣੀ ਨਾਲ ਮੂੰਹ ਨੂੰ ਧੋ ਲਵੋ।

ਦੁੱਧ ਅਤੇ ਆਟਾ- ਥੋੜ੍ਹਾ ਜਿਹਾ ਆਟਾ ਲਵੋ ਅਤੇ ਉਸ 'ਚ ਥੋੜ੍ਹਾ ਜਿਹਾ ਦੁੱਧ ਪਾ ਕੇ ਗਾੜ੍ਹਾ ਪੇਸਟ ਬਣਾ ਲਵੋ। ਇਸ ਪੇਸਟ ਨੂੰ ਆਪਣੇ ਪੂਰੇ ਚਿਹਰੇ 'ਤੇ ਲਗਾਓ। ਅੱਧੇ ਘੰਟੇ ਬਾਅਦ ਆਪਣੇ ਚਿਹਰੇ ਨੂੰ ਗਰਮ ਪਾਣੀ ਨਾਲ ਧੋ ਲਵੋ

ਚਮੜੀ ਦੀ ਰੰਗਤ 'ਚ ਨਿਖ਼ਾਰ ਲਿਆਉਂਦਾ ਹੈ ਸਿਰਕਾ

ਸਿਰਕਾ ਇਕ ਅਜਿਹੀ ਸਮੱਗਰੀ ਹੈ ਜਿਹੜਾ ਭਾਰਤ ਦੀ ਹਰ ਰਸੋਈ 'ਚ ਪਾਈ ਜਾਂਦੀ ਹੈ। ਇਸ ਨੂੰ ਸੇਬ ਨਾਲ ਬਣਾਇਆ ਜਾਂਦਾ ਹੈ। ਇਹ ਸਿਰਕਾ ਬਹੁਤ ਤੇਜ਼ ਹੁੰਦਾ ਹੈ। ਇਸ ਨੂੰ ਸਿੱਧਾ ਲਗਾਉਣ ਤੋਂ ਬਚਾਅ ਕਰੋ। ਸਿਰਕੇ ਦੀ ਵਰਤੋਂ ਸਰੀਰ ਅਤੇ ਸਿਹਤ ਲਈ ਕਈ ਰੂਪਾਂ 'ਚ ਕੀਤੀ ਜਾਂਦੀ ਹੈ। ਇੰਨੀ ਹੀ ਨਹੀਂ ਸਿਰਕਾ ਕਈ ਤਰ੍ਹਾਂ ਦਾ ਹੁੰਦਾ ਹੈ। ਆਯੂਰਵੇਦ ਸਿਰਕੇ 'ਚ ਕਈ ਤਰ੍ਹਾਂ ਦੇ ਗੁਣ ਪਾਏ ਜਾਂਦੇ ਹਨ। ਆਓ ਜਾਣਦੇ ਹਾਂ ਚਮੜੀ ਲਈ ਸਿਰਕੇ ਨੂੰ ਕਿਵੇਂ ਵਰਤੋਂ ਕੀਤਾ ਜਾ ਸਕਦਾ ਹੈ। ਸਿਰਕੇ ਇਕ ਸਾਫ ਬੋਤਲ 'ਚ ਲਵੋ ਉਸ 'ਚ 1 ਚਮਚ ਸਿਰਕਾ ਅਤੇ 1 ਚਮਚ ਸਾਫ ਪਾਣੀ ਭਰੋ। ਇਸ ਨੂੰ ਚੰਗੀ ਤਰ੍ਹਾਂ ਮਿਕਸ ਕਰੋ ਅਤੇ ਚਿਹਰੇ 'ਤੇ ਰੂੰ ਦੀ ਮਦਦ ਨਾਲ ਲਗਾਓ। ਇਸ ਨਾਲ ਦਿਨ 'ਚ ਕਈ ਵਾਰ ਆਪਣਾ ਮੂੰਹ ਸਾਫ ਕਰੋ ਬੈਕਿੰਗ ਸੋਡਾ ਅਤੇ ਵੇਨਗੀਰ- ਸਰੀਰ 'ਤੇ ਗਲੋਅ ਲਿਆਉਣ ਲਈ ਅਤੇ ਦਾਗ ਧੱਬੇ ਹਟਾਉਣ ਲਈ ਹਲਕੇ ਗਰਮ ਪਾਣੀ 'ਚ ਬੈਕਿੰਗ ਸੋਡਾ, ਅੱਧਾ ਕੱਪ ਓਟਮੀਲ ਅਤੇ 1 ਕੱਪ ਸਿਰਕਾ ਪਾ ਦਿਓ। ਇਸ ਨੂੰ ਤੁਸੀਂ ਪੂਰੇ ਸਰੀਰ 'ਚ ਲਗਾ ਸਕਦੇ ਹੋ। ਹੱਥਾਂ



ਨੂੰ ਚਮਕਾਏ- ਆਪਣੇ ਹੱਥਾਂ ਨੂੰ ਸਧਾਰਣ ਸਾਬਣ ਨਾਲ ਧੋ ਲਵੋ। ਫਿਰ ਕੁਝ ਮਿੰਟ ਤੱਕ ਹੱਥਾਂ 'ਤੇ ਸਿਰਕਾ ਪਾ ਦਿਉ ਅਤੇ ਕੁਝ ਮਿੰਟ ਧੋ ਵੋ। ਅਜਿਹੇ ਕਰਨ ਨਾਲ ਹੱਥ ਨਰਮ ਹੋ ਜਾਣਗੇ। ਕੰਘੀ ਨੂੰ ਸਾਫ ਕਰਦਾ ਹੈ ਸਿਰਕਾ- 2 ਕੱਪ ਗਰਮ ਕੋਸੇ ਪਾਣੀ ਦੇ ਲਵੋ। ਉਸ 'ਚ ਅੱਧਾ ਕੱਪ ਸਿਰਕਾ ਮਿਕਸ ਕਰੋ। ਹੁਣ ਇਸ 'ਚ ਆਪਣੀਆਂ ਕੰਘੀਆਂ, ਕਲਿੱਪ, ਚੂੜੀਆਂ, ਚੇਨ ਆਦਿ 1 ਰਾਤ ਲਈ ਭਿਓਂ ਦਿਉ। ਫਿਰ ਤੁਸੀਂ ਠੰਡੇ ਪਾਣੀ ਨਾਲ ਇਨ੍ਹਾਂ ਨੂੰ ਧੋ ਲਵੋ। ਸਨਬਰਨ ਅਤੇ ਦਾਗ ਧੱਬੇ ਹਟਾਏ- 1ਕੱਪ ਪਾਣੀ 'ਚ 1 ਚਮਚ ਸਿਰਕਾ ਮਿਕਸ ਕਰੋ। ਹੁਣ ਇਸ ਨੂੰ ਹਲਕੇ ਨਾਲ ਆਪਣੀ ਚਮੜੀ 'ਤੇ ਛਿੜਕ ਦਿਉ।

ਸਰੀਰ 'ਚ ਪਈ ਖੁਰਕ ਨੂੰ ਦੂਰ ਕਰਨ ਦੇ ਘਰੇਲੂ ਨੁਸਖ਼ੇ

ਖਾਰਿਸ਼ ਜਾਂ ਖੁਰਕ ਇਕ ਜੀਵਾਣੂਆਂ ਤੋਂ ਹੋਣ ਵਾਲੀ ਬੀਮਾਰੀ ਹੈ। ਇਹ ਜੀਵਾਣੂ ਬਹੁਤ ਛੋਟੇ ਜੂੰ ਵਰਗੇ ਹੁੰਦੇ ਹਨ। ਇਹ ਚਮੜੀ ਦੇ ਅੰਦਰ ਰੋਮਕੂੱਪਾਂ 'ਚ ਲੁਕ ਕੇ ਅੰਡੇ ਦਿੰਦੇ ਹਨ ਅਤੇ ਆਮ ਤੌਰ 'ਤੇ ਰਾਤ ਨੂੰ ਨਿਕਲ ਕੇ ਜਿਥੇ-ਜਿਥੇ ਚਮੜੀ ਨੂੰ ਕੱਟਦੇ ਹਨ। ਉਥੇ-ਉਥੇ ਖੁਜਲੀ ਪੈਦਾ ਹੁੰਦੀ ਹੈ। ਇਹ ਇਕ ਆਦਮੀ ਤੋਂ ਦੂਜੇ ਤੱਕ ਚੱਲੇ ਜਾਂਦੇ ਹਨ। ਇਸ ਤਰ੍ਹਾਂ ਇਹ ਬੀਮਾਰੀ ਬਹੁਤ ਤੇਜ਼ੀ ਨਾਲ ਫੈਲਦੀ ਹੈ। ਆਮ ਤੌਰ 'ਤੇ ਇਹ ਜੀਵਾਣੂ ਗਰਦਨ ਤੋਂ ਉੱਪਰਲੇ ਹਿੱਸੇ ਨੂੰ ਆਪਣਾ ਸ਼ਿਕਾਰ ਨਹੀਂ ਬਣਾਉਂਦੇ ਭਾਵ ਮੂੰਹ, ਕੰਨ, ਸਿਰ ਆਦਿ ਇਸ ਤੋਂ ਬਚੇ ਰਹਿੰਦੇ ਹਨ। ਇਹ ਜੀਵਾਣੂ ਉਂਗਲਾਂ ਦੇ ਵਿਚ ਵੀ ਕੱਟਦੇ ਹਨ ਅਤੇ ਉਥੇ ਖਾਰਿਸ਼ ਦੇ ਦਾਣੇ ਹੋ ਜਾਂਦੇ ਹਨ।

ਇਲਾਜ-

- ਮੁੰਡੀ ਦੇ ਪੱਤਿਆਂ ਨੂੰ ਪਾਣੀ 'ਚ ਉਬਾਲ ਕੇ ਪੀਹ ਕੇ ਲੇਪ ਕਰਨ ਨਾਲ ਖਾਰਿਸ਼ ਠੀਕ ਹੁੰਦੀ ਹੈ।
- ਬਾਂਸਾਂ ਦੇ 100 ਗ੍ਰਾਮ ਨਰਮ ਪੱਤਿਆਂ ਨੂੰ 10 ਗ੍ਰਾਮ ਹਲਦੀ ਅਤੇ ਗਾਂ ਦੇ ਪਿਸ਼ਾਬ ਦੇ ਨਾਲ ਪੀਹ ਕੇ ਲੇਪ ਕਰਨ ਨਾਲ ਖਾਰਿਸ਼ ਠੀਕ ਹੁੰਦੀ ਹੈ।
- ਦੁੱਧ 'ਚ ਚੰਦਨ ਜਾਂ ਨਾਰੀਅਲ ਦਾ ਤੇਲ ਅਤੇ ਮੁਸ਼ਕ ਕਪੂਰ ਮਿਲਾ ਕੇ ਲਗਾਉਣ ਨਾਲ ਖਾਰਿਸ਼ ਠੀਕ ਹੁੰਦੀ ਹੈ।



- ਚਮੇਲੀ ਦੇ ਤੇਲ 'ਚ ਨਿੰਬੂ ਦਾ ਰਸ ਮਿਲਾ ਕੇ ਸਰੀਰ 'ਤੇ ਮਾਲਸ਼ ਕਰਨ ਤੋਂ ਬਾਅਦ ਇਸ਼ਨਾਨ ਕਰਨ ਨਾਲ ਖਾਰਸ਼ ਤੋਂ ਛੁਟਕਾਰਾ ਮਿਲਦਾ ਹੈ।
- ਨਿੰਮ ਦੇ ਪੱਤੇ 6 ਗ੍ਰਾਮ, ਖ਼ੂਨ ਦੇ ਖਰਾਬੀ ਨਾਲ ਪੈਦਾ ਹੋਈ ਖਾਰਸ਼ ਨੂੰ ਖਤਮ ਕਰਨ ਲਈ ਕਾਲੀ ਮਿਰਚ ਦੇ 10 ਦਾਣਿਆਂ ਨਾਲ ਪੀਹ ਕੇ ਖਾਉ।
- ਆਂਵਲੇ ਦੀ ਗਿਟਕ ਨੂੰ ਸਾੜ ਕੇ ਸਵਾਹ ਬਣਾ ਲਵੋ। ਉਸ ਸਵਾਹ 'ਚ ਨਾਰੀਅਲ ਦਾ ਤੇਲ ਮਿਲਾ ਕੇ ਖਾਰਸ਼ ਵਾਲੇ ਹਿੱਸੇ 'ਤੇ ਮਾਲਸ਼ ਕਰੋ।
- ਲਾਲ ਟਮਾਟਰ ਦਾ 50 ਗ੍ਰਾਮ ਰਸ ਸਵੇਰੇ, 50 ਗ੍ਰਾਮ ਸ਼ਾਮ ਨੂੰ ਪੀਣ ਨਾਲ ਚਮੜੀ ਦੀ ਖੁਸ਼ਕੀ ਖਤਮ ਹੋਣ ਨਾਲ ਖਾਰਸ਼ ਖਤਮ ਹੁੰਦੀ ਹੈ।
- ਜਵੈਣ ਨੂੰ ਪਾਣੀ 'ਚ ਪੀਹ ਕੇ ਲੇਪ ਕਰਨ ਨਾਲ ਖਾਰਸ਼ ਖਤਮ ਹੁੰਦੀ ਹੈ।
- ਨਾਰੀਅਲ ਦੇ 50 ਗ੍ਰਾਮ ਤੇਲ 'ਚ 10 ਗ੍ਰਾਮ ਮੁਸ਼ਕਪੂਰ ਮਿਲਾ ਕੇ ਸਰੀਰ 'ਤੇ ਮਾਲਸ਼ ਕਰਨ ਨਾਲ ਖਾਰਸ਼ ਦਾ ਖਾਤਮਾ ਹੁੰਦਾ ਹੈ।
- 20 ਗ੍ਰਾਮ ਨਾਰੀਅਲ ਤੇਲ 'ਚ 10 ਗ੍ਰਾਮ ਨਿੰਬੂ ਦਾ ਰਸ ਮਿਲਾ ਕੇ ਮਾਲਸ਼ ਕਰਨ ਨਾਲ ਖਾਰਿਸ਼ ਦੂਰ ਹੋ ਜਾਂਦੀ ਹੈ।
- ਠੰਡ ਦੀ ਰੁੱਤ 'ਚ ਠੰਡੀ ਹਵਾ ਕਾਰਨ ਖੁਸ਼ਕੀ ਨਾਲ ਪੈਦਾ ਹੋਈ ਖਾਰਿਸ਼ ਸਰ੍ਹੋਂ ਦੇ ਤੇਲ ਨਾਲ ਮਾਲਸ਼ ਕਰਕੇ ਗਰਮ ਪਾਣੀ ਨਾਲ ਇਸ਼ਨਾਨ ਕਰਨ ਨਾਲ ਖਤਮ ਹੁੰਦੀ ਹੈ।

ਸੰਪਾਦਕੀ

ਚੋਣ ਕਮਿਸ਼ਨ ਦਾ ਇਹ ਤਾਜ਼ਾ ਸਪੱਸ਼ਟੀਕਰਨ ਸਵਾਗਤਯੋਗ

ਭਾਰਤੀ ਚੋਣ ਕਮਿਸ਼ਨ ਵੱਲੋਂ ਵੋਟਰ ਸੂਚੀਆਂ ਦੀ ਵਿਸ਼ੇਸ਼ ਸੁਧਾਈ (ਐੱਸ ਆਈ ਆਰ) ਨੂੰ ਲੈ ਕੇ ਵਾਰ-ਵਾਰ ਆਪਣੇ ਫ਼ੈਸਲੇ ਬਦਲਣ ਕਾਰਨ ਇਸ ਦੇ ਕੰਮਕਾਜ ਅਤੇ ਪੂਰੀ ਪ੍ਰਕਿਰਿਆ ਦੀ ਨਿਰਪੱਖਤਾ ’ਤੇ ਵੱਡੇ ਸਵਾਲ ਖੜ੍ਹੇ ਹੋ ਗਏ ਹਨ। ਕਮਿਸ਼ਨ ਦਾ ਇਹ ਤਾਜ਼ਾ ਸਪੱਸ਼ਟੀਕਰਨ ਸਵਾਗਤਯੋਗ ਹੈ ਕਿ ਜਿਨ੍ਹਾਂ ਵੋਟਰਾਂ ਦੇ ਨਾਂ ਖਰੜਾ ਸੂਚੀਆਂ ਵਿੱਚੋਂ ਗ਼ਾਇਬ ਹਨ, ਉਹ ਬਿਨਾਂ ਕਿਸੇ ਕਾਨੂੰਨੀ ਕਾਰਵਾਈ ਦੇ ਡਰ ਤੋਂ ਫਾਰਮ 6 ਰਾਹੀਂ ਅਪਲਾਈ ਕਰ ਸਕਦੇ ਹਨ। ਪਰ ਇਸ ਨਾਲ ਕਮਿਸ਼ਨ ਦੀ ਆਪਣੀ ਪ੍ਰਕਿਰਿਆ ਕਾਰਨ ਪੈਦਾ ਹੋਈ ਉਲਝਣ ਦੂਰ ਨਹੀਂ ਹੁੰਦੀ। ਅਸਲ ਸਮੱਸਿਆ ਇਹ ਸੀ ਕਿ ਪਹਿਲਾਂ ਤੋਂ ਹੀ ਰਜਿਸਟਰਡ ਵੋਟਰਾਂ ਨੂੰ ਨਵੇਂ ਵੋਟਰਾਂ ਲਈ ਬਣੇ ਫਾਰਮ ਰਾਹੀਂ ਮੁੜ ਤੋਂ ਨਾਂ ਸ਼ਾਮਲ ਕਰਵਾਉਣ ਲਈ ਕਿਹਾ ਗਿਆ ਸੀ। ਲੋਕਾਂ ਦਾ ਡਰ ਸੁਭਾਵਿਕ ਸੀ ਕਿਉਂਕਿ ਫਾਰਮ 6 ਵਿੱਚ ਪਹਿਲੀ ਵਾਰ ਨਾਂ ਸ਼ਾਮਲ ਕਰਵਾਉਣ ਦਾ ਐਲਾਨ ਕਰਨਾ ਪੈਂਦਾ ਹੈ, ਜਦਕਿ ਲੋਕ ਪ੍ਰਤੀਨਿਧਤਾ ਐਕਟ ਦੀ ਧਾਰਾ 31 ਤਹਿਤ ਗ਼ਲਤ ਜਾਣਕਾਰੀ ਦੇਣ ’ਤੇ ਸਜ਼ਾ ਦੀ ਵਿਵਸਥਾ ਹੈ। ਚੋਣ ਕਮਿਸ਼ਨ ਦਾ ਇਹ ਭਰੋਸਾ ਕਿ ਪਹਿਲਾਂ ਤੋਂ ਵੋਟਰ ਹੋਣ ਮਾਤਰ ਨਾਲ ਹੀ ਕੋਈ ਕਾਨੂੰਨੀ ਕਾਰਵਾਈ ਨਹੀਂ ਕੀਤੀ ਜਾਵੇਗੀ, ਇਸ ਫ਼ੌਰੀ ਡਰ ਨੂੰ ਤਾਂ ਦੂਰ ਕਰਦਾ ਹੈ ਪਰ ਪ੍ਰਕਿਰਿਆ ਨਾਲ ਜੁੜੇ ਵੱਡੇ ਸਵਾਲ ਨੂੰ ਅਜੇ ਵੀ ਅਣਸੁਲਝਿਆ ਛੱਡ ਦਿੰਦਾ ਹੈ। ਸੁਪਰੀਮ ਕੋਰਟ ਇਸ ਮਾਮਲੇ ’ਤੇ 113 ਨਵੰਬਰ ਨੂੰ ਅੱਗੇ ਸੁਣਵਾਈ ਕਰੇਗੀ। ਇਸ ਤੋਂ ਵੀ ਵੱਧ ਚਿੰਤਾਜਨਕ ਅਤੇ ਨੁਕਸਾਨਦੇਹ ਚੋਣ ਕਮਿਸ਼ਨ ਦਾ ਉਹ ਫ਼ੈਸਲਾ ਹੈ, ਜਿਸ ਤਹਿਤ ਦੋ ਚੋਣ ਕਮਿਸ਼ਨਰਾਂ ਵੱਲੋਂ ਇਸ ਦੀ ਕਾਨੂੰਨੀ ਮਾਨਤਾ ’ਤੇ ਇਤਰਾਜ਼ ਜਤਾਉਣ ਮਗਰੋਂ, ਆਨਲਾਈਨ ਫਾਰਮ 6 ਵਿੱਚੋਂ ਵਾਧੂ ਐੱਸ ਆਈ ਆਰ ਘੋਸ਼ਣਾ ਪੱਤਰ ਨੂੰ ਵਾਪਸ ਲੈ ਲਿਆ ਗਿਆ। ਅਸਲ ਵਿੱਚ, ਇਸ ਸ਼ਰਤ ਤਹਿਤ ਬਿਨੈਕਾਰਾਂ ਤੋਂ ਇਹ ਵੇਰਵੇ ਮੰਗੇ ਜਾ ਰਹੇ ਸਨ ਕਿ ਉਹ ਜਾਂ ਉਨ੍ਹਾਂ ਦੇ ਰਿਸ਼ਤੇਦਾਰ ਪਿਛਲੀਆਂ ਵੋਟਰ ਸੂਚੀਆਂ ਵਿੱਚ ਮੌਜੂਦ ਸਨ ਜਾਂ ਨਹੀਂ। ਕਮਿਸ਼ਨ ਦੇ ਅੰਦਰੋਂ ਲਗਾਤਾਰ ਇਤਰਾਜ਼ ਉੱਠਣ ਦੇ ਬਾਵਜੂਦ ਇਸ ਬੇਲੋੜੀ ਸ਼ਰਤ ਨੂੰ ਲਾਗੂ ਰੱਖਿਆ ਗਿਆ। ਹੁਣ ਜਦੋਂ ਇਸ ਨੂੰ ਆਖ਼ਿਰਕਾਰ ਹਟਾ ਦਿੱਤਾ ਗਿਆ ਹੈ ਤਾਂ ਇਹ ਵੱਡਾ ਸਵਾਲ ਖੜ੍ਹਾ ਹੁੰਦਾ ਹੈ ਕਿ ਜਦੋਂ ਇਹ ਸੋਧ ਪਹਿਲਾਂ ਹੀ ਵਿਵਾਦਾਂ ਵਿੱਚ ਸੀ ਤਾਂ ਇਸ ਨੂੰ ਕਮਿਸ਼ਨ ਵੱਲੋਂ ਲਿਆਂਦਾ ਹੀ ਕਿਉਂ ਗਿਆ ਸੀ ਅਤੇ ਫਿਰ ਮਹੀਨਿਆਂ ਤੱਕ ਇਸ ਨੂੰ ਕਿਉਂ ਜਾਰੀ ਰੱਖਿਆ ਗਿਆ ? ਦਿੱਲੀ ਵਿੱਚ ਵੋਟਰ ਸੂਚੀ ਦੀ ਸੁਧਾਈ ਦਾ ਦਾਇਰਾ ਇਸ ਮਾਮਲੇ ਦੀ ਗੰਭੀਰਤਾ ਨੂੰ ਬਿਲਕੁਲ ਸਾਫ਼ ਕਰ ਦਿੰਦਾ ਹੈ। ਪਹਿਲਾਂ ਇੱਥੇ 1 ਕਰੋੜ 45 ਲੱਖ ਵੋਟਰ ਸਨ, ਜਦੋਂ ਕਿ ਤਿਆਰ ਕੀਤੇ ਗਏ ਖਰੜੇ ਵਿੱਚ ਸਿਰਫ਼ 97.5 ਲੱਖ ਨਾਂ ਹੀ ਸ਼ਾਮਲ ਹਨ, ਯਾਨੀ ਕਿ ਲਗਪਗ 47.6 ਲੱਖ ਵੋਟਰਾਂ ਦੇ ਨਾਂ ਘਟਾ ਦਿੱਤੇ ਗਏ ਹਨ। ਮੰਨਿਆ ਕਿ ਹਰ ਇੱਕ ਨਾਂ ਗ਼ਲਤ ਤਰੀਕੇ ਨਾਲ ਨਹੀਂ ਕੱਟਿਆ ਗਿਆ ਹੋਵੇਗਾ, ਪਰ ਇੰਨੇ ਵੱਡੇ ਪੱਧਰ ’ਤੇ ਕੀਤੀ ਜਾਣ ਵਾਲੀ ਕਾਰਵਾਈ ਲਈ ਬਹੁਤ ਜ਼ਿਆਦਾ ਪਾਰਦਰਸ਼ਤਾ ਅਤੇ ਸੁਰੱਖਿਆ ਉਪਾਵਾਂ ਦੀ ਲੋੜ ਹੁੰਦੀ ਹੈ। ਨਿਰਪੱਖ ਅਤੇ ਆਜ਼ਾਦ ਚੋਣਾਂ ਯਕੀਨੀ ਬਣਾਉਣ ਲਈ ਵੋਟਰ ਸੂਚੀਆਂ ਨੂੰ ਸੋਧਣਾ ਬੇਸ਼ੱਕ ਜ਼ਰੂਰੀ ਹੈ ਪਰ ਪ੍ਰਸ਼ਾਸਨਿਕ ਕੰਮ-ਕਾਰ ਨੂੰ ਨਾਗਰਿਕਾਂ ਦੇ ਵੋਟ ਦੇ ਮੌਲਿਕ ਅਧਿਕਾਰਾਂ ਤੋਂ ਉੱਤੇ ਨਹੀਂ ਰੱਖਿਆ ਜਾ ਸਕਦਾ। ਅਸਲ ਅਤੇ ਯੋਗ ਵੋਟਰਾਂ ਨੂੰ ਸੂਚੀ ਵਿੱਚ ਆਪਣਾ ਨਾਂ ਦੁਬਾਰਾ ਦਰਜ ਕਰਵਾਉਣ ਲਈ ਉਲਝਣ ਭਰੇ ਫਾਰਮਾਂ, ਵਾਰ-ਵਾਰ ਹੋਣ ਵਾਲੀ ਪੜਤਾਲ ਅਤੇ ਕਾਨੂੰਨੀ ਕਾਰਵਾਈ ਦੇ ਡਰ ਦਾ ਸ਼ਿਕਾਰ ਨਹੀਂ ਹੋਣਾ ਚਾਹੀਦਾ।

ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਖੂਈ ਖੇੜਾ ਦੇ ਦੋ ਅਡੀਸ਼ਨਲ ਕਲਾਸ ਰੂਮ ਦਾ ਕੀਤਾ ਗਿਆ ਉਦਘਾਟਨ



ਫਾਜਿਲਕਾ, 13 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਸਰਕਾਰ ਤੇ ਸਿੱਖਿਆ ਵਿਭਾਗ ਪੰਜਾਬ ਦੇ ਉਪਰਾਲੇ ,ਹਲਕਾ ਵਿਧਾਇਕ ਸਰਦਾਰ ਨਰਿੰਦਰਪਾਲ ਸਿੰਘ ਸਵਨਾ ਦੇ ਯਤਨਾ ਸਦਕਾ ਅਤੇ ਜ਼ਿਲ੍ਹਾ ਸਿੱਖਿਆ ਅਫਸਰ ਸਕੈਂਡਰੀ ਸਿੱਖਿਆ ਫਾਜਿਲਕਾ ਸ਼੍ਰੀ ਅਜੈ ਕੁਮਾਰ ਸ਼ਰਮਾ, ਉਪ ਜਿਲਾ ਸਿੱਖਿਆ ਅਫਸਰ ਸਕੈਂਡਰੀ ਸਿੱਖਿਆ ਸ਼੍ਰੀ ਕਸ਼ਮੀਰੀ ਲਾਲ ਅਤੇ ਸ੍ਰੀ ਹਰੀ ਚੰਦ ਪ੍ਰਿੰਸੀਪਲ ਦੀ ਯੋਗ ਅਗਵਾਈ ਸਦਕਾ ਅੱਜ ਸਰਕਾਰੀ ਸੀਨੀਅਰ ਸੈਕੈਂਡਰੀ ਸਕੂਲ ਖੂਈ ਖੇੜਾ ਵਿੱਚ ਬਣੇ ਨਵੇਂ ਦੋ ਅਡੀਸ਼ਨਲ ਕਲਾਸ ਰੂਮ ਦਾ ਉਦਘਾਟਨ ਕੀਤਾ ਗਿਆ। ਇਹਨਾਂ ਅਡੀਸ਼ਨਲ ਕਲਾਸ ਰੂਮ ਦਾ ਉਦਘਾਟਨ ਕਰਨ ਲਈ ਸਰਦਾਰ ਸਿਮਰਜੀਤ ਸਿੰਘ ਯੂਥ ਪ੍ਰਧਾਨ ਅਤੇ ਉਹਨਾਂ ਦੀ ਟੀਮ ਵਿਸ਼ੇਸ਼ ਤੌਰ ਤੇ ਪਹੁੰਚੇ। ਉੱਪ ਜਿਲਾ ਸਿੱਖਿਆ ਅਫਸਰ ਸ੍ਰੀ ਕਸ਼ਮੀਰੀ ਲਾਲ ਅਤੇ ਸਕੂਲ ਇੰਚਾਰਜ ਸ੍ਰੀਮਤੀ ਰਾਧਿਕਾ ਵੱਲੋਂ ਆਏ ਹੋਏ ਮਹਿਮਾਨਾਂ ਦਾ ਸਵਾਗਤ ਕੀਤਾ।

ਇਸ ਤੋਂ ਇਲਾਵਾ ਮੁੱਖ ਮਹਿਮਾਨ ਜੀ ਵੱਲੋਂ ਸਮੂਹ ਸਟਾਫ ਨਾਲ ਸਕੂਲ ਸਬੰਧੀ ਵਿਚਾਰ ਵਟਾਂਦਰਾ ਕੀਤਾ ਗਿਆ ਅਤੇ ਪੰਜਾਬ ਸਰਕਾਰ ਦੁਆਰਾ ਕੀਤੇ ਜਾ ਰਹੇ ਸਕੂਲਾਂ ਪ੍ਰਤੀ ਕੀਤੇ ਜਾ ਰਹੇ ਕੰਮਾਂ ਬਾਰੇ ਜਾਣੂ ਕਰਵਾਇਆ ਅਤੇ ਦੱਸਿਆ ਕਿ ਨਵੇਂ ਕਮਰਿਆਂ ਦੀ ਉਸਾਰੀ ਅਤੇ ਲੈਬਾਂ ਦਾ ਨਿਰਮਾਣ ਕਰਨਾ ਸਰਕਾਰ ਦਾ ਬਹੁਤ ਹੀ ਵੱਡਾ ਕਦਮ ਹੈ ਅਤੇ ਉਨਾਂ ਦੱਸਿਆ ਕਿ ਭਵਿੱਖ ਵਿੱਚ ਵੀ ਸਰਕਾਰ ਸਿੱਖਿਆ ਦੇ ਖੇਤਰ ਵਿੱਚ ਵਡਮੁੱਲਾ ਯੋਗਦਾਨ ਪਾਉਂਦੀ ਰਹੇਗੀ। ਉਪ ਜ਼ਿਲ੍ਹਾ ਸਿੱਖਿਆ ਅਫਸਰ ਸ੍ਰੀ ਕਸ਼ਮੀਰੀ ਲਾਲ ਨੇ ਦੱਸਿਆ ਕਿ ਸਰਕਾਰ ਦੇ ਸਹਿਯੋਗ ਸਦਕਾ ਸਕੂਲਾਂ ਦੀ ਨੁਹਾਰ ਵਿੱਚ ਬਹੁਤ ਜਿਆਦਾ ਬਦਲਾਵ ਆਇਆ ਹੈ।

ਉਹਨਾਂ ਦੱਸਿਆ ਕਿ ਪੰਜਾਬ ਸਰਕਾਰ ਸਿਹਤ ਅਤੇ ਸਿੱਖਿਆ ਦੇ ਖੇਤਰ ਵਿੱਚ ਵੱਧ ਚੜ ਕੇ ਯੋਗਦਾਨ ਪਾ ਰਹੀ ਹੈ। ਸ਼੍ਰੀ ਕਸ਼ਮੀਰੀ ਲਾਲ ਨੇ ਸਮੂਹ ਸਟਾਫ ਨੂੰ ਇੱਕਜੁੱਟ ਕੰਮ ਕਰਦੇ ਦੇਖ ਕੇ ਉਹਨਾਂ ਦਾ ਵਿਸ਼ੇਸ਼ ਧੰਨਵਾਦ ਕੀਤਾ। ਸਕੂਲ ਇੰਚਾਰਜ ਸ੍ਰੀਮਤੀ ਰਾਧਿਕਾ ਨੇ ਆਏ ਮਹਿਮਾਨਾਂ ਅਤੇ ਸਮੂਹ ਸਟਾਫ ਦਾ ਧੰਨਵਾਦ ਕੀਤਾ।

ਸਟੇਜ ਸੰਚਾਲਨ ਦੀ ਭੂਮਿਕਾ ਸ੍ਰੀਮਤੀ ਸਵਿਤਾ, ਸ੍ਰੀ ਵਰੁਣ ਫੁਟੇਲਾ ਅਤੇ ਸ੍ਰੀ ਅਸ਼ਵਨੀ ਕੁਮਾਰ ਵੱਲੋਂ ਬਾਖੂਬੀ ਨਿਭਾਈ ਗਈ। ਇਸ ਮੌਕੇ ਸ੍ਰੀ ਅਰਵਿੰਦ ਭੋਬੀਆ, ਸ਼੍ਰੀ ਅਰੁਣ ਨਾਗਪਲ, ਸ. ਤਲਵਿੰਦਰ ਸੰਧੂ, ਸਕੂਲ ਮੈਨੇਜਮੈਂਟ ਕਮੇਟੀ ਦੇ ਚੇਅਰਮੈਨ ਸ਼੍ਰੀ ਓਮ ਪ੍ਰਕਾਸ਼, ਪੰਚਾਇਤ ਮੈਂਬਰ ਸ੍ਰੀ ਮੋਹਨ ਲਾਲ,ਸ਼੍ਰੀਮਤੀ ਪੂਨਮ ਰਾਣੀ, ਸ਼੍ਰੀਮਤੀ ਦਇਆਵੰਤੀ, ਸ਼੍ਰੀਮਤੀ ਰੀਤੂ ਰਾਣੀ, ਸ. ਦਾਰਾ ਸਿੰਘ ਅਤੇ ਸਮੂਹ ਸਟਾਫ ਹਾਜ਼ਰ ਸੀ।

ਸਕੂਲਾਂ ਵਿੱਚ ਬੱਚਿਆਂ ਦੀ ਸੁਰੱਖਿਆ ਯਕੀਨੀ ਬਣਾਉਣ ਲਈ ਜ਼ਿਲ੍ਹਾ ਬਾਲ ਸੁਰੱਖਿਆ ਅ.ਫਸਰ ਵੱਲੋਂ ਸ.ਖ਼ਤ ਹਦਾਇਤਾਂ ਜਾਰੀ

ਤਰਨ ਤਾਰਨ, 13 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਪੰਚਕੂਲਾ ਦੇ ਇਕ ਸਕੂਲ ਦੀ ਜਮਾਤ ਵਿੱਚ ਇਕ ਵਿਦਿਆਰਥੀ ਵੱਲੋਂ ਦੂਜੇ ਵਿਦਿਆਰਥੀ ਦੀ ਬੇਰਹਿਮੀ ਨਾਲ ਕੁੱਟਮਾਰ ਅਤੇ ਹਿੰਸਕ ਵਿਵਹਾਰ ਕਰਨ ਸਬੰਧੀ ਸਾਹਮਣੇ ਆਈ ਸੀ.ਸੀ.ਟੀ.ਵੀ ਵੀਡੀਓ ਦਾ ਗੰਭੀਰ ਨੋਟਿਸ ਲੈਂਦਿਆਂ ਜ਼ਿਲ੍ਹਾ ਬਾਲ ਸੁਰੱਖਿਆ ਅ.ਫਸਰ, ਤਰਨ ਤਾਰਨ ਰਾਜੇਸ਼ ਕੁਮਾਰ ਵੱਲੋਂ ਜ਼ਿਲ੍ਹੇ ਦੇ ਸਮੂਹ ਸਰਕਾਰੀ, ਪ੍ਰਾਈਵੇਟ ਅਤੇ ਸਹਾਇਤਾ ਪ੍ਰਾਪਤ ਸਕੂਲਾਂ ਦੇ ਪ੍ਰਿੰਸੀਪਲਾਂ ਅਤੇ ਮੁੱਖ ਅਧਿਆਪਕਾਂ ਨੂੰ ਬੱਚਿਆਂ ਦੀ ਸੁਰੱਖਿਆ ਯਕੀਨੀ ਬਣਾਉਣ ਲਈ ਸਖ਼ਤ ਹਦਾਇਤਾਂ ਜਾਰੀ ਕੀਤੀਆਂ ਗਈਆਂ ਹਨ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਰਾਜੇਸ਼ ਕੁਮਾਰ ਨੇ ਕਿਹਾ ਕਿ ਸਕੂਲ ਬੱਚਿਆਂ ਲਈ ਸੁਰੱਖਿਅਤ ਅਤੇ ਡਰ-ਮੁਕਤ ਵਾਤਾਵਰਣ ਪ੍ਰਦਾਨ ਕਰਨ ਵਾਲੀਆਂ ਸੰਸਥਾਵਾਂ ਹਨ। ਕਿਸੇ ਵੀ ਬੱਚੇ ਨਾਲ ਕੁੱਟਮਾਰ, ਸਰੀਰਕ ਸਜ਼ਾ, ਮਾਨਸਿਕ ਤਸ਼ੱਦਦ, ਬੁਲਿੰਗ, ਧਮਕਾਉਣ ਜਾਂ ਕਿਸੇ ਵੀ ਤਰ੍ਹਾਂ ਦੀ ਹਿੰਸਾ ਨੂੰ ਕਿਸੇ ਵੀ ਕੀਮਤ @ਤੇ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ।

ਉਨ੍ਹਾਂ ਦੱਸਿਆ ਕਿ ਸਮੂਹ ਸਕੂਲ ਮੁਖੀਆਂ ਨੂੰ ਹਦਾਇਤ ਕੀਤੀ ਗਈ ਹੈ ਕਿ ਸਕੂਲ ਕੈਂਪਸ, ਜਮਾਤਾਂ, ਖੇਡ ਮੈਦਾਨਾਂ, ਗਲਿਆਰਿਆਂ ਅਤੇ ਹੋਰ ਸੰਵੇਦਨਸ਼ੀਲ ਥਾਵਾਂ @ਤੇ ਬੱਚਿਆਂ ਦੀ ਉਚਿਤ ਨਿਗਰਾਨੀ ਯਕੀਨੀ ਬਣਾਈ ਜਾਵੇ। ਹਰੇਕ ਸਕੂਲ ਵਿੱਚ ਬਾਲ ਸੁਰੱਖਿਆ ਇੰਚਾਰਜ ਜਾਂ ਨੋਡਲ ਅ.ਫਸਰ



ਨਿਯੁਕਤ ਕੀਤਾ ਜਾਵੇ ਅਤੇ ਵਿਦਿਆਰਥੀਆਂ ਨੂੰ ਬੁਲਿੰਗ ਅਤੇ ਹਿੰਸਕ ਵਿਵਹਾਰ ਦੇ ਮਾੜੇ ਪ੍ਰਭਾਵਾਂ ਬਾਰੇ ਜਾਗਰੂਕ ਕੀਤਾ ਜਾਵੇ।

ਉਨ੍ਹਾਂ ਅੱਗੇ ਕਿਹਾ ਕਿ ਜੇਕਰ ਸਕੂਲ ਵਿੱਚ ਕਿਸੇ ਵੀ ਤਰ੍ਹਾਂ ਦੀ ਹਿੰਸਕ ਘਟਨਾ ਵਾਪਰਦੀ ਹੈ ਤਾਂ ਪੀੜਤ ਬੱਚੇ ਨੂੰ ਤੁਰੰਤ ਸੁਰੱਖਿਅਤ ਕਰਕੇ ਲੋੜ ਅਨੁਸਾਰ ਡਾਕਟਰੀ ਸਹਾਇਤਾ ਮੁਹੱਈਆ ਕਰਵਾਈ ਜਾਵੇ। ਮਾਪਿਆਂ ਨੂੰ ਸੂਚਿਤ ਕਰਕੇ ਘਟਨਾ ਦੀ ਨਿਰਪੱਖ ਜਾਂਚ ਕੀਤੀ ਜਾਵੇ ਅਤੇ ਸੀ.ਸੀ.ਟੀ.ਵੀ ਫੁਟੇਜ ਸਮੇਤ ਸਬੰਧਤ ਸਬੂਤ ਸੁਰੱਖਿਅਤ ਰੱਖੇ ਜਾਣ। ਲੋੜ ਅਨੁਸਾਰ ਬੱਚਿਆਂ ਨੂੰ ਮਨੋਵਿਗਿਆਨਕ ਸਲਾਹ-ਮਸ਼ਵਰਾ ਵੀ ਮੁਹੱਈਆ ਕਰਵਾਇਆ ਜਾਵੇ।

ਰਾਜੇਸ਼ ਕੁਮਾਰ ਨੇ ਕਿਹਾ ਕਿ ਸਕੂਲਾਂ ਵੱਲੋਂ ਜੁਵੇਨਾਈਲ ਜਸਟਿਸ ਐਕਟ, 2015, ਸਿੱਖਿਆ ਦਾ ਅਧਿਕਾਰ ਐਕਟ, 2009 ਦੀ ਧਾਰਾ 17 ਅਤੇ ਪੋਕਸੋ ਐਕਟ, 2012 ਸਮੇਤ ਬੱਚਿਆਂ ਦੀ ਸੁਰੱਖਿਆ ਸਬੰਧੀ ਲਾਗੂ ਕਾਨੂੰਨਾਂ ਅਤੇ ਦਿਸ਼ਾ-ਨਿਰਦੇਸ਼ਾਂ ਦੀ ਸਖ਼ਤੀ ਨਾਲ ਪਾਲਣਾ ਕੀਤੀ ਜਾਵੇ। ਇਸ ਤੋਂ ਇਲਾਵਾ ਹਰ ਸਕੂਲ ਵਿੱਚ ਸ਼ਿਕਾਇਤ ਪੇਟੀ ਅਤੇ ਸ਼ਿਕਾਇਤ ਦਰਜ ਕਰਵਾਉਣ ਦੀ ਉਚਿਤ ਵਿਵਸਥਾ ਕੀਤੀ ਜਾਵੇ ਅਤੇ ਚਾਈਲਡ ਹੈਲਪਲਾਈਨ ਨੰਬਰ 1098 ਪ੍ਰਮੁੱਖ ਥਾਵਾਂ @ਤੇ ਪ੍ਰਦਰਸ਼ਿਤ ਕੀਤਾ ਜਾਵੇ।

ਉਨ੍ਹਾਂ ਸਮੂਹ ਸਕੂਲ ਮੁਖੀਆਂ ਨੂੰ ਇਹ ਵੀ ਨਿਰਦੇਸ਼ ਦਿੱਤੇ ਕਿ ਆਪਣੇ ਸਕੂਲਾਂ ਵਿੱਚ ਬਾਲ ਸੁਰੱਖਿਆ ਸਬੰਧੀ ਕੀਤੇ ਗਏ ਪ੍ਰਬੰਧਾਂ ਅਤੇ ਨਿਯੁਕਤ ਬਾਲ ਸੁਰੱਖਿਆ ਇੰਚਾਰਜ ਦਾ ਵੇਰਵਾ ਦਸਤਖ਼ਤ ਕੀਤੀ ਪਾਲਣਾ ਰਿਪੋਰਟ ਸਮੇਤ ਜ਼ਿਲ੍ਹਾ ਬਾਲ ਸੁਰੱਖਿਆ ਇਕਾਈ, ਤਰਨ ਤਾਰਨ ਨੂੰ ਭੇਜਣਾ ਯਕੀਨੀ ਬਣਾਇਆ ਜਾਵੇ।

ਅੰਤ ਵਿੱਚ ਉਨ੍ਹਾਂ ਸਪੱਸ਼ਟ ਕੀਤਾ ਕਿ ਬੱਚਿਆਂ ਦੀ ਸੁਰੱਖਿਆ ਦੇ ਮਾਮਲੇ ਵਿੱਚ ਕਿਸੇ ਵੀ ਤਰ੍ਹਾਂ ਦੀ ਲਾਪਰਵਾਹੀ, ਅਣਗਹਿਲੀ ਜਾਂ ਘਟਨਾ ਨੂੰ ਛੁਪਾਉਣ ਦੀ ਕੋਸ਼ਿਸ਼ ਨੂੰ ਗੰਭੀਰਤਾ ਨਾਲ ਲਿਆ ਜਾਵੇਗਾ ਅਤੇ ਸਬੰਧਤ ਵਿਅਕਤੀਆਂ ਵਿਰੁੱਧ ਨਿਯਮਾਂ ਅਨੁਸਾਰ ਕਾਰਵਾਈ ਲਈ ਮਾਮਲਾ ਸਮਰੱਥ ਉੱਚ ਅਧਿਕਾਰੀਆਂ ਦੇ ਧਿਆਨ ਵਿੱਚ ਲਿਆਂਦਾ ਜਾਵੇਗਾ।

ਇਸੇ ਤਰ੍ਹਾਂ ਜ਼ਿਲ੍ਹਾ ਬਾਲ ਸੁਰੱਖਿਆ ਇਕਾਈ, ਤਰਨ ਤਾਰਨ ਵੱਲੋਂ ਵੀ ਸਮੂਹ ਸਕੂਲਾਂ ਅਤੇ ਮਾਪਿਆਂ ਨੂੰ ਅਪੀਲ ਕੀਤੀ ਗਈ ਕਿ ਉਹ ਬੱਚਿਆਂ ਲਈ ਸੁਰੱਖਿਅਤ, ਸਨਮਾਨਜਨਕ ਅਤੇ ਹਿੰਸਾ-ਮੁਕਤ ਵਾਤਾਵਰਣ ਸਿਰਜਣ ਵਿੱਚ ਆਪਣੀ ਸਰਗਰਮ ਭੂਮਿਕਾ ਨਿਭਾਉਣ।

ਗੜ੍ਹਸ਼ੰਕਰ ਦੇ ਵਾਰਡ ਨੰਬਰ 10 ਤੇ 13 ‘ਚ ਜਾਗਰੂਕਤਾ ਪ੍ਰੋਗਰਾਮ ਕਰਵਾਇਆ



ਗੜ੍ਹਸ਼ੰਕਰ, 13 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਸਰਕਾਰ ਵੱਲੋਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਨਸ਼ਿਆਂ ਵਿਰੁੱਧ ਸ਼ੁਰੂ ਕੀਤੀ ਗਈ ਮੁਹਿੰਮ ‘ਯੁੱਧ ਨਸ਼ਿਆਂ ਵਿਰੁੱਧ’ ਤਹਿਤ ਗੜ੍ਹਸ਼ੰਕਰ ਦੇ ਵਾਰਡ ਨੰਬਰ 10 ਅਤੇ 13 ਵਿੱਚ ਵਿਸ਼ੇਸ਼ ਜਾਗਰੂਕਤਾ ਪ੍ਰੋਗਰਾਮ ਕਰਵਾਇਆ ਗਿਆ। ਇਸ ਪ੍ਰੋਗਰਾਮ ਦਾ ਉਦੇਸ਼ ਨਸ਼ਿਆਂ ਦੀ ਸਮੱਸਿਆ ਤੋਂ ਪ੍ਰਭਾਵਿਤ ਇਲਾਕਿਆਂ ਦੇ ਵਸਨੀਕਾਂ ਨੂੰ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਬਾਰੇ ਜਾਗਰੂਕ ਕਰਨਾ ਅਤੇ ਇਸ ਸਮਾਜਿਕ ਬੁਰਾਈ ਨੂੰ ਖ਼ਤਮ ਕਰਨ ਲਈ ਲੋਕਾਂ ਦੀ ਭਾਗੀਦਾਰੀ ਯਕੀਨੀ ਬਣਾਉਣਾ ਸੀ।

ਪ੍ਰੋਗਰਾਮ ਦੌਰਾਨ ਨਗਰ ਕੌਂਸਲ ਦੇ ਪ੍ਰਧਾਨ ਸੋਮਨਾਥ ਬੰਗੜ ਦੀ ਅਗਵਾਈ ਹੇਠ ਸਥਾਨਕ ਵਸਨੀਕਾਂ ਨੇ ਅਧਿਕਾਰੀਆਂ ਨਾਲ ਗੱਲਬਾਤ ਕੀਤੀ। ਇਸ ਮੌਕੇ ਐਸ.ਡੀ.ਐਮ. ਸੰਜੀਵ ਕੁਮਾਰ, ਨਾਇਬ ਤਹਿਸੀਲਦਾਰ ਅਭਿਸ਼ੇਕ ਵਰਮਾ, ਰੋਜ਼ਗਾਰ ਵਿਭਾਗ ਤੋਂ ਮਨੋਹਰ ਲਾਲ, ਡਾ. ਤਪਰਨਾ ਸ਼ਰਮਾ ਅਤੇ ਸਿਹਤ ਕਰਮਚਾਰੀ ਲਖਵਿੰਦਰ ਕੌਰ ਵਿਸ਼ੇਸ਼ ਤੌਰ @ਤੇ ਹਾਜ਼ਰ ਰਹੇ।

ਅਧਿਕਾਰੀਆਂ ਨੇ ਲੋਕਾਂ ਨੂੰ ਨਸ਼ਿਆਂ ਦੇ ਸੇਵਨ ਨਾਲ ਹੋਣ ਵਾਲੇ ਸਰੀਰਕ, ਮਾਨਸਿਕ ਅਤੇ ਸਮਾਜਿਕ ਮਾੜੇ ਪ੍ਰਭਾਵਾਂ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ। ਉਨ੍ਹਾਂ ਕਿਹਾ ਕਿ ਨਸ਼ਾ ਸਿਰਫ਼ ਵਿਅਕਤੀ ਦੀ ਸਿਹਤ ਨੂੰ ਹੀ ਪ੍ਰਭਾਵਿਤ ਨਹੀਂ ਕਰਦਾ, ਸਗੋਂ ਇਸ ਦਾ ਪੂਰੇ ਪਰਿਵਾਰ ਅਤੇ ਸਮਾਜ @ਤੇ ਵੀ ਮਾੜਾ ਅਸਰ ਪੈਂਦਾ ਹੈ। ਇਸ ਲਈ ਨਸ਼ਿਆਂ ਵਿਰੁੱਧ ਇਸ ਲੜਾਈ ਨੂੰ ਲੋਕ ਲਹਿਰ ਦਾ ਰੂਪ ਦੇਣਾ ਬਹੁਤ ਜ਼ਰੂਰੀ ਹੈ।

ਇਸ ਮੌਕੇ ਵੱਖ-ਵੱਖ ਵਿਭਾਗਾਂ ਰਾਹੀਂ ਪੰਜਾਬ ਸਰਕਾਰ ਵੱਲੋਂ ਨਸ਼ਿਆਂ ਵਿਰੁੱਧ ਕੀਤੇ ਜਾ ਰਹੇ ਯਤਨਾਂ ਅਤੇ ਨਸ਼ਿਆਂ ਦੀ ਲਪੇਟ ਵਿੱਚ ਆਏ ਲੋਕਾਂ ਦੇ ਇਲਾਜ, ਮੁੜ ਵਸੇਬੇ ਅਤੇ ਰੋਜ਼ਗਾਰ ਨਾਲ ਸਬੰਧਤ ਸਰਕਾਰੀ ਉਪਰਾਲਿਆਂ ਬਾਰੇ ਵੀ ਜਾਣਕਾਰੀ ਦਿੱਤੀ ਗਈ। ਅਧਿਕਾਰੀਆਂ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਨਸ਼ਿਆਂ ਵਿਰੁੱਧ ਮੁਹਿੰਮ ਵਿੱਚ ਪ੍ਰਸ਼ਾਸਨ ਦਾ ਸਹਿਯੋਗ ਕਰਨ, ਨੌਜਵਾਨਾਂ ਨੂੰ ਉਸਾਰੂ ਗਤੀਵਿਧੀਆਂ ਨਾਲ ਜੋੜਨ ਅਤੇ ਨਸ਼ਿਆਂ ਨਾਲ ਸਬੰਧਤ ਕਿਸੇ ਵੀ ਸਮੱਸਿਆ ਦੇ ਹੱਲ ਲਈ ਅੱਗੇ ਆ ਕੇ ਆਪਣੀ ਭਾਗੀਦਾਰੀ ਯਕੀਨੀ ਬਣਾਉਣ।

ਉਨ੍ਹਾਂ ਕਿਹਾ ਕਿ ਪੰਜਾਬ ਨੂੰ ਨਸ਼ਾ ਮੁਕਤ ਬਣਾਉਣ ਲਈ ਸਰਕਾਰ ਅਤੇ ਸਮਾਜ ਦੇ ਸਾਂਝੇ ਯਤਨ ਬੇਹੱਦ ਜ਼ਰੂਰੀ ਹਨ

ਜ਼ਿਲ੍ਹਾ ਸਵੀਪ ਟੀਮ ਨੇ ਉੱਪ ਜ਼ਿਲ੍ਹਾ ਸਿੱਖਿਆ ਅ.ਫਸਰ (ਐਲੀਮੈਂਟਰੀ) ਰਜਿੰਦਰ ਕੌਰ ਨੂੰ ਜੀ ਆਇਆਂ ਆਖਿਆ



ਤਰਨ ਤਾਰਨ, 13 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਸਿੱਖਿਆ ਦੇ ਖੇਤਰ ਦੀ ਨਾਮਵਰ ਹਸਤੀ ਅਤੇ ਆਪਣੇ ਮਿਹਨਤੀ ਸੁਭਾਅ ਅਤੇ ਕੰਮ ਪ੍ਰਤੀ ਸਮਰਪਣ ਭਾਵਨਾ ਲਈ ਜਾਣੇ ਜਾਂਦੇ ਉੱਪ ਜ਼ਿਲ੍ਹਾ ਸਿੱਖਿਆ ਅ.ਫਸਰ (ਐਲੀਮੈਂਟਰੀ) ਰਜਿੰਦਰ ਕੌਰ ਨੂੰ ਅੱਜ ਸਮੁੱਚੀ ਜ਼ਿਲ੍ਹਾ ਸਵੀਪ ਟੀਮ ਵੱਲੋਂ ਨਿੱਘਾ ਸਵਾਗਤ ਕਰਦਿਆਂ ਜੀ ਆਇਆਂ ਆਖਿਆ ਗਿਆ।

ਇਸ ਮੌਕੇ ਜ਼ਿਲ੍ਹਾ ਸਵੀਪ ਟੀਮ ਨਾਲ ਗੱਲਬਾਤ ਕਰਦਿਆਂ ਰਜਿੰਦਰ ਕੌਰ ਨੇ ਕਿਹਾ ਕਿ ਜ਼ਿਲ੍ਹਾ ਤਰਨ ਤਾਰਨ ਨੂੰ ਸਿੱਖਿਆ ਦੇ ਖੇਤਰ ਵਿੱਚ ਮੋਹਰੀ ਜ਼ਿਲ੍ਹਾ ਬਣਾਉਣਾ ਉਨ੍ਹਾਂ ਦਾ ਮੁੱਖ ਉਦੇਸ਼ ਹੈ।

ਉਨ੍ਹਾਂ ਕਿਹਾ ਕਿ ਜ਼ਿਲ੍ਹੇ ਦੇ ਸਮੂਹ ਅਧਿਆਪਕ ਬਹੁਤ ਹੀ ਮਿਹਨਤੀ ਹਨ ਅਤੇ ਵਿਦਿਆਰਥੀਆਂ ਨੂੰ ਹਰ ਪੱਖ ਤੋਂ ਬਿਹਤਰ ਸਿੱਖਿਆ ਪ੍ਰਦਾਨ ਕਰ ਰਹੇ ਹਨ।

ਆਉਣ ਵਾਲੀਆਂ ਚੋਣਾਂ ਦੇ ਮੱਦੇਨਜ਼ਰ ਉਨ੍ਹਾਂ ਸਮੁੱਚੀ ਸਵੀਪ ਟੀਮ ਨੂੰ ਆਪਣੇ-ਆਪਣੇ ਖੇਤਰ ਵਿੱਚ ਪੂਰਾ ਫੋਕਸ ਕਰਨ ਲਈ ਪ੍ਰੇਰਿਤ ਕੀਤਾ। ਉਨ੍ਹਾਂ ਕਿਹਾ ਕਿ ਸਾਡੇ ਵਿਦਿਆਰਥੀ ਹੀ ਸਾਡਾ ਦਾ ਭਵਿੱਖ ਹਨ ਅਤੇ ਇਨ੍ਹਾਂ ਨੂੰ ਜਾਗਰੂਕ ਕਰਨਾ ਸਾਡਾ ਮੁੱਖ ਉਦੇਸ਼ ਹੈ। ਅੰਤ ਵਿੱਚ ਉਨ੍ਹਾਂ ਸਮੁੱਚੀ ਟੀਮ ਨੂੰ ਪੂਰੀ ਤਨਦੇਹੀ, ਲਗਨ ਅਤੇ ਇਮਾਨਦਾਰੀ ਨਾਲ ਆਪਣੇ ਕੰਮ ਨੂੰ ਨੇਪਰੇ ਚਾੜ੍ਹਨ ਲਈ ਪ੍ਰੇਰਿਤ ਕੀਤਾ।

ਪੰਜਾਬ ’ਚ ਪਰਾਲੀ ਸਾੜਨ ਦੇ ਮਾਮਲੇ 2,787 ਤੱਕ ਪੁੱਜੇ; ਤਰਨ ਤਾਰਨ 586 ਕੇਸਾਂ ਨਾਲ ਮੋਹਰੀ

ਚੰਡੀਗੜ੍ਹ, 13 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਸਰਕਾਰੀ ਅੰਕੜਿਆਂ ਅਨੁਸਾਰ ਪੰਜਾਬ ਵਿੱਚ ਇਸ ਸਾਲ 15 ਸਤੰਬਰ ਤੋਂ 5 ਨਵੰਬਰ ਦਰਮਿਆਨ ਖੇਤਾਂ ਵਿੱਚ ਪਰਾਲੀ ਸਾੜਨ ਦੀਆਂ ਘਟਨਾਵਾਂ ਦੀ ਗਿਣਤੀ 2,787 ਤੱਕ ਪਹੁੰਚ ਗਈ ਹੈ। ਇਨ੍ਹਾਂ ਵਿੱਚੋਂ ਸਭ ਤੋਂ ਵੱਧ 586 ਮਾਮਲੇ ਇਕੱਲੇ ਜ਼ਿਲ੍ਹਾ ਤਰਨ ਤਾਰਨ ਵਿੱਚ ਅਤੇ 361 ਕੇਸ ਫ਼ਿਰੋਜ਼ਪੁਰ ਵਿੱਚ ਦਰਜ ਕੀਤੇ ਗਏ ਹਨ। ਅੰਕੜਿਆਂ ਮੁਤਾਬਕ 4 ਨਵੰਬਰ ਤੱਕ ਸੂਬੇ ਵਿੱਚ ਪਰਾਲੀ ਸਾੜਨ ਦੇ ਕੁੱਲ 2,347 ਮਾਮਲੇ ਸਾਹਮਣੇ ਆਏ ਸਨ। ਵੀਰਵਾਰ ਤੱਕ ਹੋਰਨਾਂ ਜ਼ਿਲ੍ਹਿਆਂ ਵਿੱਚੋਂ ਸੰਗਰੂਰ ਵਿੱਚ 240, ਅੰਮ੍ਰਿਤਸਰ ਵਿੱਚ 221, ਬਠਿੰਡਾ ਵਿੱਚ 216 ਅਤੇ ਪਟਿਆਲਾ ਵਿੱਚ ਖੇਤਾਂ ਨੂੰ ਅੱਗ ਲਾਉਣ ਦੇ 156 ਮਾਮਲੇ ਰਿਕਾਰਡ ਕੀਤੇ ਗਏ। ਜ਼ਿਕਰਯੋਗ ਹੈ ਕਿ ਪਰਾਲੀ ਦੀ ਨਿਗਰਾਨੀ ਦਾ ਸਾਲਾਨਾ ਦੌਰ 15 ਸਤੰਬਰ ਤੋਂ ਸ਼ੁਰੂ ਹੁੰਦਾ ਹੈ, ਜੋ ਕਿ 1 ਅਕਤੂਬਰ ਤੋਂ ਸ਼ੁਰੂ ਹੋਣ ਵਾਲੀ ਝੋਨੇ ਦੀ ਖ਼ਰੀਦ ਤੋਂ ਦੋ ਹਫ਼ਤੇ ਪਹਿਲਾਂ ਦਾ ਸਮਾਂ ਹੁੰਦਾ ਹੈ। ਪਰਾਲੀ ਸਾੜਨ ਦੀਆਂ ਵਧਦੀਆਂ ਘਟਨਾਵਾਂ ਨੂੰ ਠੱਲ੍ਹ ਪਾਉਣ ਲਈ ਪ੍ਰਸ਼ਾਸਨ ਵੱਲੋਂ ਹੁਣ ਤੱਕ 914 ਮਾਮਲਿਆਂ ਵਿੱਚ ਵਾਤਾਵਰਨ ਮੁਆਵਜ਼ੇ ਵਜੋਂ 46 ਲੱਖ ਰੁਪਏ ਤੋਂ ਵੱਧ ਦਾ ਜੁਰਮਾਨਾ ਲਗਾਇਆ ਗਿਆ ਹੈ, ਜਿਸ ਵਿੱਚੋਂ 24 ਲੱਖ ਰੁਪਏ ਤੋਂ ਵੱਧ ਦੀ ਵਸੂਲੀ ਕੀਤੀ ਜਾ ਚੁੱਕੀ ਹੈ। ਇਸ ਤੋਂ ਇਲਾਵਾ ਸੂਬੇ ਭਰ ਵਿੱਚ 710 ਐੱਫ.ਆਈ.ਆਰ. ਦਰਜ ਕੀਤੀਆਂ ਗਈਆਂ ਹਨ, ਜਿਨ੍ਹਾਂ ਵਿੱਚੋਂ ਇਕੱਲੇ ਤਰਨ ਤਾਰਨ ਵਿੱਚ ਭਾਰਤੀ ਨਿਆਂ ਸੰਹਿਤਾ (ਬੀ.ਐੱਨ.ਐੱਸ.) ਦੀ ਧਾਰਾ 223 (ਸਰਕਾਰੀ ਹੁਕਮਾਂ ਦੀ ਉਲੰਘਣਾ) ਤਹਿਤ 294 ਪਰਚੇ ਦਰਜ ਕੀਤੇ ਗਏ ਹਨ।

ਦੂਜੇ ਪਾਸੇ, ਪੰਜਾਬ ਵਿੱਚ ਖੇਤਾਂ ਨੂੰ ਲਾਈ ਜਾ ਰਹੀ ਅੱਗ ਦੀ ਗਿਣਤੀ ਬਹੁਤ ਜ਼ਿਆਦਾ ਹੋਣ ਦਾ ਗੰਭੀਰ ਨੋਟਿਸ ਲੈਂਦਿਆਂ ਹਵਾ ਗੁਣਵੱਤਾ ਪ੍ਰਬੰਧਨ ਕਮਿਸ਼ਨ (ਸੀ.ਏ.ਕਿਊ.ਐੱਮ.) ਨੇ ਬੁੱਧਵਾਰ ਨੂੰ 12 ਜ਼ਿਲ੍ਹਿਆਂ ਦੇ ਉੱਚ ਅਧਿਕਾਰੀਆਂ ਅਤੇ ਪੁਲੀਸ ਮੁਖੀਆਂ ਨਾਲ ਇੱਕ ਉੱਚ ਪੱਧਰੀ ਸਮੀਖਿਆ ਮੀਟਿੰਗ ਕੀਤੀ। ਐੱਨ.ਸੀ.ਆਰ. ਅਤੇ ਆਸ-ਪਾਸ ਦੇ ਇਲਾਕਿਆਂ ਲਈ ਕਮਿਸ਼ਨ ਦੇ ਚੇਅਰਪਰਸਨ ਰਾਜੇਸ਼ ਵਰਮਾ ਨੇ ਸੂਬੇ ਦੇ ਵਾਤਾਵਰਨ ਸਕੱਤਰ, ਖੇਤੀਬਾੜੀ ਸਕੱਤਰ, ਡਿਪਟੀ ਕਮਿਸ਼ਨਰਾਂ (ਡੀ.ਸੀ.) ਅਤੇ ਸੀਨੀਅਰ ਪੁਲੀਸ ਕਪਤਾਨਾਂ (ਐੱਸ.ਐੱਸ.ਪੀ.) ਨਾਲ ਵੀਡੀਓ ਕਾਨਫ਼ਰੰਸਿੰਗ ਰਾਹੀਂ ਇਹ ਮੀਟਿੰਗ ਕੀਤੀ। ਕਮਿਸ਼ਨ ਨੇ ਹਦਾਇਤ ਕੀਤੀ ਕਿ ਨਿਗਰਾਨੀ ਅਤੇ ਕਾਨੂੰਨ ਲਾਗੂ ਕਰਨ ਦੀ ਮੁਹਿੰਮ ਨੂੰ ਹੋਰ ਤੇਜ਼ ਕੀਤਾ ਜਾਵੇ ਅਤੇ ਅੱਗ ਰੋਕਣ ਵਿੱਚ ਅਸਫ਼ਲ ਰਹਿਣ ਵਾਲੇ ਨੋਡਲ ਅ.ਫਸਰਾਂ ਦੀ ਜਵਾਬਦੇਹੀ ਤੈਅ ਕੀਤੀ ਜਾਵੇ।

ਸੰਗੀਤਾ ਕੁਮਾਰੀ ਜ਼ਿਲ੍ਹਾ ਪ੍ਰੀਸ਼ਦ ਦੀ ਚੇਅਰਪਰਸਨ ਅਤੇ ਕੁਲਦੀਪ ਕੁਮਾਰ ਵਾਈਸ ਚੇਅਰਮੈਨ ਚੁਣੇ ਗਏ



ਹੁਸ਼ਿਆਰਪੁਰ, 13 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਸਥਾਨਕ ਜ਼ਿਲ੍ਹਾ ਪ੍ਰੀਸ਼ਦ ਦੀ ਅੱਜ ਹੋਈ ਚੋਣ ਦੌਰਾਨ ਸਰਬਸੰਮਤੀ ਨਾਲ ਆਮ ਆਦਮੀ ਪਾਰਟੀ ਦੇ ਸੰਗੀਤਾ ਕੁਮਾਰੀ ਨੂੰ ਚੇਅਰਪਰਸਨ ਅਤੇ ਕੁਲਦੀਪ ਕੁਮਾਰ ਨੂੰ ਵਾਈਸ ਚੇਅਰਮੈਨ ਚੁਣਿਆ ਗਿਆ। ਮੈਂਬਰ ਪਾਰਲੀਮੈਂਟ ਡਾ. ਰਾਜ ਕੁਮਾਰ ਚੱਬੇਵਾਲ, ਹਲਕਾ ਟਾਂਡਾ ਤੋਂ ਵਿਧਾਇਕ ਜਸਵੀਰ ਸਿੰਘ ਰਾਜਾ ਗਿੱਲ, ਹਲਕਾ ਦਸੂਹਾ ਤੋਂ ਵਿਧਾਇਕ ਕਰਮਬੀਰ ਸਿੰਘ ਘੁੰਮਣ, ਨਗਰ ਸੁਧਾਰ ਟਰੱਸਟ ਦੇ ਚੇਅਰਮੈਨ ਗੁਰਬਿੰਦਰ ਸਿੰਘ ਪਾਬਲਾ, ਮੁਕੇਰੀਆਂ ਦੇ ਹਲਕਾ ਇੰਚਾਰਜ ਸਰਬਜੋਤ ਸਿੰਘ ਸਾਬੀ ਅਤੇ ਹੋਰਨਾਂ ਸ਼ਖ਼ਸੀਅਤਾਂ ਨੇ ਨਵੀਂ ਚੁਣੀ ਚੇਅਰਪਰਸਨ ਅਤੇ ਵਾਈਸ ਚੇਅਰਮੈਨ ਨੂੰ ਸ਼ੁਭਕਾਮਨਾਵਾਂ ਦਿੱਤੀਆਂ। ਜ਼ਿਕਰਯੋਗ ਹੈ ਕਿ ਜ਼ਿਲ੍ਹਾ ਪ੍ਰੀਸ਼ਦ ਦੇ ਕੁੱਲ 35 ਮੈਂਬਰ ਸਮੇਤ 10 ਸੰਮਤੀ ਚੇਅਰਮੈਨਾਂ ਵਿਚੋਂ 24 ਮੈਂਬਰ ਮੌਜੂਦ ਸਨ ਜਿਨ੍ਹਾਂ ਵਲੋਂ ਸਰਬਸੰਮਤੀ ਨਾਲ ਸੰਗੀਤਾ ਕੁਮਾਰੀ ਅਤੇ ਕੁਲਦੀਪ ਕੁਮਾਰ ਨੂੰ ਕ੍ਰਮਵਾਰ ਚੇਅਰਪਰਸਨ ਅਤੇ ਵਾਈਸ ਚੇਅਰਮੈਨ ਚੁਣਿਆ ਗਿਆ।ਨਵੇਂ ਚੁਣੇ ਚੇਅਰਪਰਸਨ ਸੰਗੀਤਾ ਕੁਮਾਰੀ ਨੇ ਸਮੂਹ ਮੈਂਬਰਾਨ ਦਾ ਧੰਨਵਾਦ ਕਰਦਿਆਂ ਕਿਹਾ ਕਿ ਜ਼ਿਲ੍ਹਾ ਪ੍ਰੀਸ਼ਦ ਵਲੋਂ ਪਿੰਡਾਂ ਦੇ ਵਿਕਾਸ ਕਾਰਜਾਂ ਨੂੰ ਪੂਰੀ ਤਰਜੀਹ ਦੇ ਕੇ ਮੁਕੰਮਲ ਕਰਵਾਉਣ ਦੇ ਨਾਲ-ਨਾਲ ਲੋੜੀਂਦੇ ਵਿਕਾਸ ਕੰਮਾਂ ਦੀ ਸ਼ੁਰੂਆਤ ਵੀ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਿਚ ਪੰਜਾਬ ਸਰਕਾਰ ਵਲੋਂ ਸਮੇਂ-ਸਮੇਂ ਸਿਰ ਸ਼ੁਰੂ ਕੀਤੇ ਲੋਕ ਭਲਾਈ ਕਾਰਜਾਂ ਨੂੰ ਪੂਰੀ ਪਾਰਦਰਸ਼ਤਾ ਅਤੇ ਲੋਕਹਿੱਤਾਂ ਨੂੰ ਮੱਦੇਨਜ਼ਰ ਰੱਖਦਿਆਂ ਨਿਰਧਾਰਤ ਸਮੇਂ ਵਿਚ ਨੇਪਰੇ ਚਾੜ੍ਹਨ ਅਤੇ ਲਾਗੂ ਕਰਨ ਨੂੰ ਪੂਰੀ ਤਰ੍ਹਾਂ ਪਹਿਲ ਦਿੱਤੀ ਜਾਵੇਗੀ। ਵਾਈਸ ਚੇਅਰਮੈਨ ਕੁਲਦੀਪ ਕੁਮਾਰ ਨੇ ਕਿਹਾ ਕਿ ਪੰਜਾਬ ਸਰਕਾਰ ਵਲੋਂ ਪਿੰਡਾਂ ਦੇ ਚਹੁੰਮੁਖੀ ਵਿਕਾਸ ਦੀ ਰਫ਼ਤਾਰ ਨੂੰ ਜ਼ਿਲ੍ਹੇ ਵਿਚ ਹੋਰ ਤੇਜ਼ ਕਰਦਿਆਂ ਪਿੰਡਾਂ ਦੀ ਨੁਹਾਰ ਬਦਲਣ ਵਿਚ ਕੋਈ ਕਮੀ ਨਹੀਂ ਛੱਡੀ ਜਾਵੇਗੀ।ਮੈਂਬਰ ਪਾਰਲੀਮੈਂਟ ਡਾ. ਰਾਜ ਕੁਮਾਰ ਚੱਬੇਵਾਲ ਨੇ ਨਵੇਂ ਚੁਣੇ ਆਗੂਆਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਵਿਕਾਸ ਕਾਰਜਾਂ ਲਈ ਪਿੰਡਾਂ ਵਿਚ ਗਰਾਂਟਾਂ ਦੀ ਕੋਈ ਥੁੜ ਨਹੀਂ ਰਹਿਣ ਦਿੱਤੀ ਜਾਵੇਗੀ ਅਤੇ ਜ਼ਿਲ੍ਹਾ ਪ੍ਰੀਸ਼ਦ ਰਾਹੀਂ ਲੋੜੀਂਦੇ ਕੰਮਾਂ ਨੂੰ ਪੂਰੀ ਸੁਹਿਰਦਤਾ ਨਾਲ ਮੁਕੰਮਲ ਕਰਵਾਇਆ ਜਾਵੇਗਾ। ਵਿਧਾਇਕ ਜਸਵੀਰ ਸਿੰਘ ਰਾਜਾ ਗਿੱਲ ਅਤੇ ਵਿਧਾਇਕ ਕਰਮਬੀਰ ਸਿੰਘ ਘੁੰਮਣ ਨੇ ਕਿਹਾ ਕਿ ਪੰਜਾਬ ਸਰਕਾਰ ਵਲੋਂ ਜ਼ਿਲ੍ਹੇ ਦੇ ਪਿੰਡਾਂ ਵਿਚ ਵੱਡੇ ਪੱਧਰ ’ਤੇ ਵਿਕਾਸ ਕਾਰਜ ਕਰਵਾਏ ਗਏ ਹਨ ਅਤੇ ਰਹਿੰਦੇ ਕੰਮਾਂ ਨੂੰ ਆਉਂਦੇ ਸਮੇਂ ਵਿਚ ਜੰਗੀ ਪੱਧਰ ’ਤੇ ਕਰਵਾਇਆ ਜਾਵੇਗਾ। ਮੁਕੇਰੀਆਂ ਤੋਂ ਹਲਕਾ ਇੰਚਾਰਜ ਸਰਬਜੋਤ ਸਿੰਘ ਸਾਬੀ ਨੇ ਕਿਹਾ ਕਿ ਸੰਗੀਤਾ ਕੁਮਾਰੀ, ਜੋ ਮੁਕੇਰੀਆਂ ਹਲਕੇ ਨਾਲ ਸਬੰਧਤ ਹਨ, ਆਪਣੀ ਜ਼ਿੰਮੇਵਾਰੀ ਨੂੰ ਪੂਰੀ ਸਮਰਪਣ ਭਾਵਨਾ ਨਾਲ ਨਿਭਾਉਂਦੇ ਹੋਏ ਜ਼ਿਲ੍ਹਾ ਪ੍ਰੀਸ਼ਦ ਨੂੰ ਲੋਕਹਿੱਤ ਕੰਮਾਂ ਵਿਚ ਨਵੇਂ ਮੁਕਾਮ ’ਤੇ ਲੈ ਕੇ ਜਾਣਗੇ। ਇਸ ਮੌਕੇ ਐਸ.ਡੀ.ਐਮ ਪਰਮਪ੍ਰੀਤ ਸਿੰਘ ਵੀ ਮੌਜੂਦ ਸਨ।

ਗੁਰਦਾਸਪੁਰ ਪਬਲਿਕ ਸਕੂਲ ਵਿਚ ਪਹਿਲਾ ਇੰਟਰ ਸਕੂਲ ਕ੍ਰਿਕਟ ਟੂਰਨਾਮੈਂਟ ਸ਼ਾਨੋ-ਸ਼ੌਕਤ ਨਾਲ ਸੰਪੰਨ



ਗੁਰਦਾਸਪੁਰ, 13 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਗੁਰਦਾਸਪੁਰ ਪਬਲਿਕ ਸਕੂਲ, ਬਹਿਰਾਮਪੁਰ ਰੋਡ, ਗੁਰਦਾਸਪੁਰ ਵਿਖੇ ਸਕੂਲ ਦੇ ਸੰਸਥਾਪਕ ਅਤੇ ਪੰਜਾਬ ਦੇ ਸਾਬਕਾ ਕੈਬਨਿਟ ਮੰਤਰੀ ਸਵਰਗੀ ਖੁਸ਼ਹਾਲ ਬਹਿਲ ਦੀ ਯਾਦ ਅਤੇ ਉਨ੍ਹਾਂ ਦੇ ਜਨਮ ਦਿਨ ਨੂੰ ਸਮਰਪਿਤ ਕਰਵਾਇਆ ਗਿਆ ਚਾਰ ਰੋਜ਼ਾ ਪਹਿਲਾ ਇੰਟਰ ਸਕੂਲ ਕ੍ਰਿਕਟ ਟੂਰਨਾਮੈਂਟ ਅੱਜ ਬੜੀ ਸ਼ਾਨੋ-ਸ਼ੌਕਤ ਅਤੇ ਉਤਸ਼ਾਹ ਨਾਲ ਸੰਪੰਨ ਹੋ ਗਿਆ। ਟੂਰਨਾਮੈਂਟ ਦੇ ਸਮਾਪਤੀ ਸਮਾਰੋਹ ਦੀ ਪ੍ਰਧਾਨਗੀ ਗੁਰਦਾਸਪੁਰ ਐਜੂਕੇਸ਼ਨ ਸੋਸਾਇਟੀ ਦੇ ਚੇਅਰਮੈਨ ਰਮਨ ਬਹਿਲ ਨੇ ਕੀਤੀ, ਜਦਕਿ ਡਿਪਟੀ ਕਮਿਸ਼ਨਰ ਗੁਰਦਾਸਪੁਰ ਆਦਿਤਿਆ ਉੱਪਲ ਮੁੱਖ ਮਹਿਮਾਨ ਵਜੋਂ ਅਤੇ ਐਸ.ਐਸ.ਪੀ. ਗੁਰਦਾਸਪੁਰ ਆਦਿਤਿਆ ਵਿਸ਼ੇਸ਼ ਮਹਿਮਾਨ ਵਜੋਂ ਸ਼ਾਮਲ ਹੋਏ।

ਟੂਰਨਾਮੈਂਟ ਦਾ ਫਾਈਨਲ ਮੁਕਾਬਲਾ ਦੂਨ ਇੰਟਰਨੈਸ਼ਨਲ ਸਕੂਲ ਅਤੇ ਜਿਆ ਲਾਲ ਮਿੱਤਲ ਡੀ.ਏ.ਵੀ. ਪਬਲਿਕ ਸਕੂਲ ਦੀਆਂ ਟੀਮਾਂ ਦਰਮਿਆਨ ਖੇਡਿਆ ਗਿਆ। ਦੂਨ ਇੰਟਰਨੈਸ਼ਨਲ ਸਕੂਲ ਦੀ ਟੀਮ ਨੇ ਪਹਿਲਾਂ ਬੱਲੇਬਾਜ਼ੀ ਕਰਦਿਆਂ 15 ਓਵਰਾਂ ਵਿੱਚ 7 ਵਿਕਟਾਂ ਦੇ ਨੁਕਸਾਨ @ਤੇ 123 ਦੌੜਾਂ ਬਣਾਈਆਂ। ਇਸ ਦੇ ਜਵਾਬ ਵਿੱਚ ਜਿਆ ਲਾਲ ਮਿੱਤਲ ਸਕੂਲ ਦੀ ਟੀਮ 105 ਦੌੜਾਂ ਬਣਾ ਕੇ ਆਊਟ ਹੋ ਗਈ। ਇਸ ਤਰ੍ਹਾਂ ਦੂਨ ਇੰਟਰਨੈਸ਼ਨਲ ਸਕੂਲ ਨੇ ਸ਼ਾਨਦਾਰ ਜਿੱਤ ਦਰਜ ਕਰਕੇ ਪਹਿਲੇ ਇੰਟਰ ਸਕੂਲ ਕ੍ਰਿਕਟ ਟੂਰਨਾਮੈਂਟ ਦੀ ਟਰਾਫੀ ਆਪਣੇ ਨਾਂ ਕੀਤੀ। ਟੂਰਨਾਮੈਂਟ ਦੌਰਾਨ ਸ਼ਾਨਦਾਰ ਪ੍ਰਦਰਸ਼ਨ ਕਰਨ ਵਾਲੇ ਹਰਕੀਰਤ ਸਿੰਘ ਨੂੰ ਮੈਨ ਆਫ ਦੀ ਮੈਚ ਅਤੇ ਪਲੇਅਰ ਆਫ ਦਾ ਟੂਰਨਾਮੈਂਟ ਦੇ ਖਿਤਾਬ ਨਾਲ ਸਨਮਾਨਿਤ ਕੀਤਾ ਗਿਆ। ਟੂਰਨਾਮੈਂਟ ਦੌਰਾਨ ਖਿਡਾਰੀਆਂ ਨੇ ਸ਼ਾਨਦਾਰ ਖੇਡ ਦਾ ਪ੍ਰਦਰਸ਼ਨ ਕਰਦਿਆਂ ਖੇਡ ਭਾਵਨਾ ਅਤੇ ਆਪਸੀ ਸਦਭਾਵਨਾ ਦਾ ਸੁਨੇਹਾ ਦਿੱਤਾ।

ਜੇਤੂ ਟੀਮ ਨੂੰ ਚੇਅਰਮੈਨ ਰਮਨ ਬਹਿਲ, ਮੁੱਖ ਮਹਿਮਾਨ ਡਿਪਟੀ ਕਮਿਸ਼ਨਰ ਆਦਿਤਿਆ ਉੱਪਲ ਅਤੇ ਵਿਸ਼ੇਸ਼ ਮਹਿਮਾਨ ਐਸ.ਐਸ.ਪੀ. ਆਦਿਤਿਆ ਵੱਲੋਂ ਟਰਾਫੀ ਪ੍ਰਦਾਨ ਕੀਤੀ ਗਈ। ਇਸ ਤੋਂ ਇਲਾਵਾ ਟੂਰਨਾਮੈਂਟ ਵਿੱਚ ਭਾਗ ਲੈਣ ਵਾਲੀਆਂ ਸਾਰੀਆਂ ਟੀਮਾਂ ਦੇ ਖਿਡਾਰੀਆਂ ਨੂੰ ਮੈਡਲ ਅਤੇ ਸਰਟੀਫਿਕੇਟ ਦੇ ਕੇ ਸਨਮਾਨਿਤ ਕੀਤਾ ਗਿਆ।

ਇਸ ਮੌਕੇ ਆਪਣੇ ਸੰਬੋਧਨ ਵਿੱਚ ਚੇਅਰਮੈਨ ਰਮਨ ਬਹਿਲ ਨੇ ਕਿਹਾ ਕਿ ਗੁਰਦਾਸਪੁਰ ਪਬਲਿਕ ਸਕੂਲ ਸਿਰਫ਼ ਵਿੱਦਿਆ ਪ੍ਰਦਾਨ ਕਰਨ ਵਾਲਾ ਅਦਾਰਾ ਹੀ ਨਹੀਂ, ਸਗੋਂ ਬੱਚਿਆਂ ਦੇ ਸਰਵਪੱਖੀ ਵਿਕਾਸ, ਉਨ੍ਹਾਂ ਵਿੱਚ ਚੰਗੇ ਸੰਸਕਾਰ, ਅਨੁਸ਼ਾਸਨ, ਆਤਮ-ਵਿਸ਼ਵਾਸ ਅਤੇ ਸਮਾਜਿਕ ਜ਼ਿੰਮੇਵਾਰੀ ਦੀ ਭਾਵਨਾ ਪੈਦਾ ਕਰਨ ਲਈ ਵੀ ਵਚਨਬੱਧ ਹੈ। ਸ੍ਰੀ ਬਹਿਲ ਨੇ ਕਿਹਾ ਕਿ ਖੇਡਾਂ ਬੱਚਿਆਂ ਵਿੱਚ ਅਨੁਸ਼ਾਸਨ, ਟੀਮ ਭਾਵਨਾ, ਸਹਿਯੋਗ, ਸਹਿਣਸ਼ੀਲਤਾ ਅਤੇ ਹਾਰ ਨੂੰ ਸਵੀਕਾਰ ਕਰਕੇ ਮੁੜ ਅੱਗੇ ਵਧਣ ਦਾ ਜਜ਼ਬਾ ਪੈਦਾ ਕਰਦੀਆਂ ਹਨ। ਖੇਡ ਦੇ ਮੈਦਾਨ ਵਿੱਚ ਮਿਲਣ ਵਾਲੇ ਤਜਰਬੇ ਬੱਚਿਆਂ ਨੂੰ ਜ਼ਿੰਦਗੀ ਦੀਆਂ ਚੁਣੌਤੀਆਂ ਦਾ ਸਾਹਮਣਾ ਕਰਨ ਦੇ ਯੋਗ ਬਣਾਉਂਦੇ ਹਨ। ਉਨ੍ਹਾਂ ਕਿਹਾ ਕਿ ਸਵਰਗੀ ਸ੍ਰੀ ਖੁਸ਼ਹਾਲ ਬਹਿਲ ਦੀ ਯਾਦ ਵਿੱਚ ਸ਼ੁਰੂ ਕੀਤਾ ਗਿਆ ਇਹ ਟੂਰਨਾਮੈਂਟ ਉਨ੍ਹਾਂ ਦੀ ਸੋਚ ਅਤੇ ਸਿੱਖਿਆ ਤੇ ਨੌਜਵਾਨ ਪੀੜ੍ਹੀ ਦੇ ਵਿਕਾਸ ਪ੍ਰਤੀ ਉਨ੍ਹਾਂ ਦੇ ਸੁਪਨਿਆਂ ਨੂੰ ਅੱਗੇ ਲਿਜਾਣ ਦਾ ਇੱਕ ਉਪਰਾਲਾ ਹੈ। ਉਨ੍ਹਾਂ ਐਲਾਨ ਕੀਤਾ ਕਿ ਸਕੂਲ ਵਿੱਚ ਜਲਦ ਹੀ ਕ੍ਰਿਕਟ ਅਕੈਡਮੀ ਸਥਾਪਿਤ ਕੀਤੀ ਜਾਵੇਗੀ, ਤਾਂ ਜੋ ਪ੍ਰਤਿਭਾਸ਼ਾਲੀ ਖਿਡਾਰੀਆਂ ਨੂੰ ਸਿਖਲਾਈ ਅਤੇ ਅੱਗੇ ਵਧਣ ਲਈ ਢੁੱਕਵਾਂ ਮੰਚ ਮਿਲ ਸਕੇ। ਇਸ ਦੇ ਨਾਲ ਹੀ ਹਰ ਸਾਲ ਇੰਟਰ ਸਕੂਲ ਕ੍ਰਿਕਟ ਟੂਰਨਾਮੈਂਟ ਕਰਵਾਇਆ ਜਾਵੇਗਾ, ਤਾਂ ਜੋ ਵੱਖ-ਵੱਖ ਸਕੂਲਾਂ ਦੇ ਬੱਚਿਆਂ ਨੂੰ ਆਪਣੀ ਖੇਡ ਪ੍ਰਤਿਭਾ ਦਿਖਾਉਣ ਦਾ ਮੌਕਾ ਮਿਲਦਾ ਰਹੇ।

ਮੁੱਖ ਮਹਿਮਾਨ ਡਿਪਟੀ ਕਮਿਸ਼ਨਰ ਆਦਿਤਿਆ ਉੱਪਲ ਨੇ ਆਪਣੇ ਸੰਬੋਧਨ ਵਿੱਚ ਖਿਡਾਰੀਆਂ ਦੀ ਹੌਸਲਾ ਅਫ਼ਜ਼ਾਈ ਕਰਦਿਆਂ ਕਿਹਾ ਕਿ ਵਿਦਿਆਰਥੀਆਂ ਨੂੰ ਪੜ੍ਹਾਈ ਦੇ ਨਾਲ-ਨਾਲ ਖੇਡਾਂ ਵਿੱਚ ਵੀ ਵਧ-ਚੜ੍ਹ ਕੇ ਹਿੱਸਾ ਲੈਣਾ ਚਾਹੀਦਾ ਹੈ। ਖੇਡਾਂ ਸਰੀਰਕ ਅਤੇ ਮਾਨਸਿਕ ਤੰਦਰੁਸਤੀ ਦੇ ਨਾਲ-ਨਾਲ ਅਨੁਸ਼ਾਸਨ ਅਤੇ ਆਤਮ-ਵਿਸ਼ਵਾਸ ਵਧਾਉਂਦੀਆਂ ਹਨ। ਉਨ੍ਹਾਂ ਖਿਡਾਰੀਆਂ ਨੂੰ ਪੜ੍ਹਾਈ ਅਤੇ ਖੇਡਾਂ ਵਿਚਕਾਰ ਸੰਤੁਲਨ ਬਣਾਈ ਰੱਖਣ ਅਤੇ ਮਿਹਨਤ, ਲਗਨ ਤੇ ਇਮਾਨਦਾਰੀ ਨਾਲ ਆਪਣੇ ਟੀਚੇ ਹਾਸਲ ਕਰਨ ਲਈ ਪ੍ਰੇਰਿਤ ਕੀਤਾ।

ਵਿਸ਼ੇਸ਼ ਮਹਿਮਾਨ ਐਸ.ਐਸ.ਪੀ. ਆਦਿਤਿਆ ਨੇ ਕਿਹਾ ਕਿ ਖੇਡਾਂ ਨੌਜਵਾਨਾਂ ਨੂੰ ਸਕਾਰਾਤਮਕ ਦਿਸ਼ਾ ਪ੍ਰਦਾਨ ਕਰਦੀਆਂ ਹਨ ਅਤੇ ਉਨ੍ਹਾਂ ਵਿੱਚ ਟੀਮ ਵਰਕ, ਅਨੁਸ਼ਾਸਨ ਤੇ ਅਗਵਾਈ ਕਰਨ ਦੇ ਗੁਣ ਵਿਕਸਿਤ ਕਰਦੀਆਂ ਹਨ। ਉਨ੍ਹਾਂ ਕਿਹਾ ਕਿ ਵਿਦਿਆਰਥੀਆਂ ਨੂੰ ਪੜ੍ਹਾਈ ਵਿੱਚ ਉੱਤਮ ਪ੍ਰਦਰਸ਼ਨ ਕਰਨ ਦੇ ਨਾਲ-ਨਾਲ ਖੇਡਾਂ ਨੂੰ ਵੀ ਆਪਣੇ ਜੀਵਨ ਦਾ ਅਹਿਮ ਹਿੱਸਾ ਬਣਾਉਣਾ ਚਾਹੀਦਾ ਹੈ। ਉਨ੍ਹਾਂ ਖਿਡਾਰੀਆਂ ਨੂੰ ਜਿੱਤ-ਹਾਰ ਦੀ ਪ੍ਰਵਾਹ ਕੀਤੇ ਬਿਨਾਂ ਖੇਡ ਭਾਵਨਾ ਨਾਲ ਖੇਡਣ ਅਤੇ ਲਗਾਤਾਰ ਅਭਿਆਸ ਕਰਕੇ ਆਪਣੇ ਮਾਪਿਆਂ, ਸਕੂਲ ਅਤੇ ਜ਼ਿਲ੍ਹੇ ਦਾ ਨਾਮ ਰੌਸ਼ਨ ਕਰਨ ਲਈ ਪ੍ਰੇਰਿਤ ਕੀਤਾ।

ਇਸ ਤੋਂ ਪਹਿਲਾਂ ਮੁੱਖ ਮਹਿਮਾਨ ਅਤੇ ਵਿਸ਼ੇਸ਼ ਮਹਿਮਾਨ ਨੇ ਖਿਡਾਰੀਆਂ ਨਾਲ ਜਾਣ-ਪਛਾਣ ਕੀਤੀ ਅਤੇ ਅਸਮਾਨ ਵਿੱਚ ਗੁਬਾਰੇ ਛੱਡ ਕੇ ਟੂਰਨਾਮੈਂਟ ਦਾ ਆਗਾਜ਼ ਕੀਤਾ ਸੀ। ਵਿਸ਼ੇਸ਼ ਮਹਿਮਾਨ ਨੇ ਖਿਡਾਰੀਆਂ ਨਾਲ ਕੁਝ ਸਮਾਂ ਕ੍ਰਿਕਟ ਖੇਡ ਕੇ ਉਨ੍ਹਾਂ ਦੀ ਹੌਸਲਾ ਅਫ਼ਜ਼ਾਈ ਵੀ ਕੀਤੀ।ਸਕੂਲ ਦੇ ਪ੍ਰਿੰਸੀਪਲ ਸ੍ਰੀ ਸੁੰਦੀਪ ਅਰੋੜਾ ਨੇ ਸਵਾਗਤੀ ਭਾਸ਼ਣ ਰਾਹੀਂ ਸਮੂਹ ਮਹਿਮਾਨਾਂ ਦਾ ਸਵਾਗਤ ਕੀਤਾ ਅਤੇ ਸਕੂਲ ਦੀਆਂ ਵਿੱਦਿਅਕ, ਖੇਡਾਂ ਅਤੇ ਹੋਰ ਖੇਤਰਾਂ ਵਿੱਚ ਪ੍ਰਾਪਤੀਆਂ ਬਾਰੇ ਜਾਣਕਾਰੀ ਸਾਂਝੀ ਕੀਤੀ। ਉਨ੍ਹਾਂ ਕਿਹਾ ਕਿ ਸਕੂਲ ਵਿਦਿਆਰਥੀਆਂ ਨੂੰ ਮਿਆਰੀ ਸਿੱਖਿਆ ਦੇਣ ਦੇ ਨਾਲ-ਨਾਲ ਉਨ੍ਹਾਂ ਦੇ ਸਰਵਪੱਖੀ ਵਿਕਾਸ ਲਈ ਨਿਰੰਤਰ ਯਤਨਸ਼ੀਲ ਹੈ।

ਇਸ ਮੌਕੇ ਸਕੂਲ ਦੀ ਡਾਇਰੈਕਟਰ ਸ੍ਰੀਮਤੀ ਅਰਚਨਾ ਬਹਿਲ, ਮੈਨੇਜਿੰਗ ਕਮੇਟੀ ਮੈਂਬਰ ਸ੍ਰੀ ਧਰੁਵ ਬਹਿਲ ਅਤੇ ਸ੍ਰੀਮਤੀ ਹਰਪ੍ਰੀਤ ਕੌਰ ਸਮੇਤ ਹੋਰ ਪ੍ਰਮੁੱਖ ਸ਼ਖ਼ਸੀਅਤਾਂ ਹਾਜ਼ਰ ਸਨ।

ਵੇਰਕਾ ਮਿਲਕ ਪਲਾਂਟ ਦੇ ਆਊਟਸੋਰਸ ਮੁਲਾਜ਼ਮਾਂ ਵੱਲੋਂ ਵਿਖਾਵਾ

ਸੰਗਰੂਰ, 13 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਵੇਰਕਾ ਮਿਲਕ ਅਤੇ ਕੈਟਲ ਫੀਡ ਪਲਾਂਟ ਆਊਟਸੋਰਸ ਮੁਲਾਜ਼ਮ ਯੂਨੀਅਨ ਪੰਜਾਬ ਦੀ ਅਗਵਾਈ ਹੇਠ ਵੇਰਕਾ ਮਿਲਕ ਪਲਾਂਟ ਦੇ ਮੁਲਾਜ਼ਮਾਂ ਵਲੋਂ ਪੰਜਾਬ ਸਰਕਾਰ ਅਤੇ ਵੇਰਕਾ ਮੈਨੇਜਮੈਂਟ ਦੀ ਵਾਅਦਾਖ਼ਿਲਾਫ਼ੀ ਵਿਰੁੱਧ ਵੇਰਕਾ ਮਿਲਕ ਪਲਾਂਟ ਦੇ ਗੇਟ ਅੱਗੇ ਰੋਸ ਵਿਖਾਵਾ ਕੀਤਾ ਗਿਆ। ਮੁਲਾਜ਼ਮਾਂ ਵਲੋਂ ਇਸ ਵਾਰ ਕਾਲੀ ਦੀਵਾਲੀ ਮਨਾਉਣ ਅਤੇ 8 ਨਵੰਬਰ ਨੂੰ ਪੰਜਾਬ ਸਰਕਾਰ ਅਤੇ ਵੇਰਕਾ ਮੈਨੇਜਮੈਂਟ ਖਿਲਾਫ਼ ਅਰਥੀ ਫੂਕ ਮੁਜ਼ਾਹਰੇ ਦਾ ਐਲਾਨ ਕੀਤਾ। ਇਸ ਮੌਕੇ ਵੇਰਕਾ ਮਿਲਕ ਤੇ ਕੈਟਲ ਫੀਡ ਪਲਾਂਟ ਆਊਟਸੋਰਸ ਮੁਲਾਜ਼ਮ ਯੂਨੀਅਨ ਸੰਗਰੂਰ ਦੇ ਪ੍ਰਧਾਨ ਸੰਦੀਪ ਸਿੰਘ ਸੰਧੂ ਨੇ ਦੋਸ਼ ਲਾਇਆ ਕਿ ਵੇਰਕਾ ਅਦਾਰੇ ਵਿੱਚ ਸਾਲਾਂ ਤੋਂ ਸੇਵਾਵਾਂ ਦੇ ਰਹੇ ਆਊਟਸੋਰਸ ਵਰਕਰਾਂ ਦੇ ਭਵਿੱਖ ਨਾਲ ਲਗਾਤਾਰ ਖਿਲਵਾੜ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਮੁਲਾਜ਼ਮਾਂ ਦੀਆਂ ਜਾਇਜ਼ ਮੰਗਾਂ ਅਤੇ ਪੱਕੇ ਕਰਨ ਦੀ ਪ੍ਰਕਿਰਿਆ ਨੂੰ ਮੈਨੇਜਮੈਂਟ ਵਲੋਂ ਨਜ਼ਰਅੰਦਾਜ ਕੀਤਾ ਜਾ ਰਿਹਾ ਹੈ। ਉਨ੍ਹਾਂ ਦੋਸ਼ ਲਾਇਆ ਕਿ ਪੰਜਾਬ ਸਰਕਾਰ ਅਤੇ ਮੈਨੇਜਮੈਂਟ ਮੰਗਾਂ ਪ੍ਰਤੀ ਗੰਭੀਰ ਨਹੀਂ ਹੈ ਜਿਸ ਕਾਰਨ ਵੇਰਵਾ ਅਦਾਰੇ ਦੇ ਆਊਟਸੋਰਸ ਵਰਕਰਾਂ ਵਿਚ ਭਾਰੀ ਰੋਸ ਪਾਇਆ ਜਾ ਰਿਹਾ ਹੈ। ਯੂਨੀਅਨ ਆਗੂਆਂ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਆਊਟਸੋਰਸ ਮੁਲਾਜ਼ਮਾਂ ਨਾਲ ਵਾਰ-ਵਾਰ ਮੀਟਿੰਗਾਂ ਕਰਕੇ ਸਿਰਫ਼ ਟਾਲ-ਮਟੋਲ ਦੀ ਨੀਤੀ ਅਪਣਾਈ ਜਾ ਰਹੀ ਹੈ ਅਤੇ ਮੰਗਾਂ ਦਾ ਕੋਈ ਹੱਲ ਨਹੀਂ ਕੀਤਾ ਜਾ ਰਿਹਾ।

ਡੇਅਰੀ ਵਿਕਾਸ ਵਿਭਾਗ ਵੱਲੋਂ ਸਕੀਮਾਂ, ਸਬਸਿਡੀਆਂ ਅਤੇ ਬੀਮੇ ਸਬੰਧੀ ਦਿੱਤੀ ਗਈ ਜਾਣਕਾਰੀ

ਗੁਰਦਾਸਪੁਰ, 13 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਡੇਅਰੀ ਵਿਕਾਸ ਵਿਭਾਗ ਅਤੇ ਪੰਜਾਬ ਡੇਅਰੀ ਵਿਕਾਸ ਬੋਰਡ ਵੱਲੋਂ ਡਾਇਰੈਕਟਰ ਵਰਿਆਮ ਸਿੰਘ, ਡਿਪਟੀ ਡਾਇਰੈਕਟਰ ਡੇਅਰੀ ਗੁਰਚਰਨ ਸਿੰਘ ਦੀ ਯੋਗ ਅਗਵਾਈ ਹੇਠ ਪਿੰਡ ਤਲਵੰਡੀ ਹਿੰਦੂਆਂ ਬਲਾਕ ਡੇਰਾ ਬਾਬਾ ਨਾਨਕ ਜ਼ਿਲ੍ਹਾ ਗੁਰਦਾਸਪੁਰ ਵਿਖੇ ਇੱਕ ਦਿਨਾਂ ਦੁੱਧ ਉਤਪਾਦਕ ਕਿਸਾਨ ਜਾਗਰੂਕਤਾ ਕੈਂਪ ਲਗਾਇਆ ਗਿਆ। ਜਿਸ ਵਿਚ ਦੁੱਧ ਉਤਪਾਦਕਾਂ ਨੂੰ ਪਸ਼ੂਆਂ ਦੀਆਂ ਬਿਮਾਰੀਆਂ, ਇਨ੍ਹਾਂ ਦੇ ਇਲਾਜ ਅਤੇ ਚਾਰੇ ਸਬੰਧੀ ਮਾਹਿਰਾਂ ਵਲੋਂ ਵਿਸਥਾਰ ਵਿਚ ਜਾਣਕਾਰੀ ਦਿੱਤੀ ਗਈ।

ਇਸ ਦੇ ਨਾਲ ਹੀ ਡੇਅਰੀ ਵਿਕਾਸ ਵਿਭਾਗ ਵੱਲੋਂ ਪਸ਼ੂ ਪਾਲਕਾਂ ਵਾਸਤੇ ਪੰਜਾਬ ਸਰਕਾਰ ਵੱਲੋਂ ਚਲਾਈਆ ਜਾ ਰਹੀਆਂ ਸਕੀਮਾਂ,



ਸਬਸਿਡੀਆਂ ਅਤੇ ਬੀਮਾ ਸਕੀਮਾਂ ਸਬੰਧੀ ਵਿਸਥਾਰ ਵਿਚ ਜਾਣੂ ਕਰਵਾਇਆ ਗਿਆ।

ਕੈਂਪ ਵਿਚ ਪਿੰਡ ਅਤੇ ਇਲਾਕੇ ਦੇ ਅਗਾਂਹਵਧੂ ਕਿਸਾਨਾਂ, ਦੁੱਧ ਉਤਪਾਦਕਾਂ ਨੇ ਸ਼ਾਮਲ ਹੋ ਕੇ ਲਾਭ ਲਿਆ।

ਇਸ ਮੌਕੇ ਡੇਅਰੀ ਇੰਸਪੈਕਟਰ ਬਰਜਿੰਦਰ ਸਿੰਘ, ਡੇਅਰੀ ਇੰਸਪੈਕਟਰ ਅਨੂੰ ਕਰਨ ਭਗਤ ਅਤੇ ਅਨਾਮਿਕਾ ਸ਼ਰਮਾ,ਡਾ ਅਸ਼ੋਕ ਸਿੰਘ ਬਸਰਾ ਅਸਿਸਟੈਂਟ ਡਾਇਰੈਕਟਰ ਪਸ਼ੂ ਪਾਲਣ,ਬਲਕਾਰ ਸਿੰਘ ਮਿਲਕਫੈਡ, ਕਮਲ ਕਿਸ਼ੋਰ ਨਿਊਟਰਾਂਟਾ ਕੰਪਨੀ, ਪਿੰਡ ਦੇ ਸਰਪੰਚ ਸਮੇਤ ਵੱਡੀ ਗਿਣਤੀ ਡਾਇਰੈਕਟਰ ਵਰਿਆਮ ਸਿੰਘ, ਡਿਪਟੀ ਡਾਇਰੈਕਟਰ ਡੇਅਰੀ ਗੁਰਚਰਨ ਸਿੰਘ ਦੀ ਯੋਗ ਅਗਵਾਈ ਹੇਠ ਪਿੰਡ ਤਲਵੰਡੀ ਹਿੰਦੂਆਂ ਬਲਾਕ ਡੇਰਾ ਬਾਬਾ ਨਾਨਕ ਜ਼ਿਲ੍ਹਾ ਗੁਰਦਾਸਪੁਰ ਵਿਖੇ ਇੱਕ ਦਿਨਾਂ ਦੀ ਯੋਗ ਅਗਵਾਈ ਹੇਠ ਪਿੰਡ ਤਲਵੰਡੀ ਦੁੱਧ ਉਤਪਾਦਕ ਕਿਸਾਨ ਜਾਗਰੂਕਤਾ ਕੈਂਪ ਲਗਾਇਆ ਗਿਆ।

ਜਿਸ ਵਿਚ ਦੁੱਧ ਉਤਪਾਦਕਾਂ ਨੂੰ ਪਸ਼ੂਆਂ ਦੀਆਂ ਬਿਮਾਰੀਆਂ, ਇਨ੍ਹਾਂ ਦੇ ਇਲਾਜ ਅਤੇ ਚਾਰੇ ਸਬੰਧੀ ਮਾਹਿਰਾਂ ਵਲੋਂ ਵਿਚ ਅਗਾਂਹਵਧੂ ਦੁੱਧ ਉਤਪਾਦਕ ਹਾਜ਼ਰ ਸਨ।

ਬੀ.ਜੇ.ਪੀ. ਹਮੇਸ਼ਾ ਪੰਜਾਬ ਦੇ ਕਿਸਾਨਾਂ ਨੂੰ ਬਦਨਾਮ ਕਰਨ ਦੇ ਮੌਕੇ ਲੱਭਦੀ ਰਹਿੰਦੀ ਹੈ: ਬਲਤੇਜ ਪੰਨੂ

ਚੰਡੀਗੜ੍ਹ, 13 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਆਮ ਆਦਮੀ ਪਾਰਟੀ (ਆਪ) ਪੰਜਾਬ ਦੇ ਮੀਡੀਆ ਇੰਚਾਰਜ ਬਲਤੇਜ ਪੰਨੂ ਨੇ ਭਾਰਤੀ ਜਨਤਾ ਪਾਰਟੀ (ਭਾਜਪਾ) ਦੇ ਆਗੂਆਂ ਵੱਲੋਂ ਪੰਜਾਬ ਦੇ ਕਿਸਾਨਾਂ ਨੂੰ ਪ੍ਰਦੂਸ਼ਣ ਦੇ ਨਾਂ 'ਤੇ ਲਗਾਤਾਰ ਨਿਸ਼ਾਨਾ ਬਣਾਉਣ ਅਤੇ ਬਦਨਾਮ ਕਰਨ ਲਈ ਸਖ਼ਤ ਸ਼ਬਦਾਂ ਵਿੱਚ ਨਿੰਦਾ ਕੀਤੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਅਜੇ ਝੋਨੇ ਦੀ ਵਾਢੀ ਸ਼ੁਰੂ ਵੀ ਨਹੀਂ ਹੋਈ ਸੀ, ਉਦੋਂ ਤੋਂ ਹੀ ਦਿੱਲੀ ਦੇ ਭਾਜਪਾ ਨੇਤਾਵਾਂ ਨੇ ਇੱਕੋ ਰਾਗ ਅਲਾਪਣਾ ਸ਼ੁਰੂ ਕਰ ਦਿੱਤਾ ਸੀ ਕਿ ਦਿੱਲੀ ਵਿੱਚ ਧੂੰਆਂ ਪੰਜਾਬ ਤੋਂ ਆ ਰਿਹਾ ਹੈ। ਦੀਵਾਲੀ ਉੱਤੇ ਦਿੱਲੀ ਵਿੱਚ ਬਣੇ ਗੈਸ ਚੈਂਬਰ ਵਰਗੇ ਹਾਲਾਤ ਅਤੇ ਆਪਣੀਆਂ ਪ੍ਰਸ਼ਾਸਨਿਕ ਨਾਕਾਮੀਆਂ ਨੂੰ ਛੁਪਾਉਣ ਲਈ ਭਾਜਪਾ ਆਗੂ ਹਰ ਰੋਜ਼ ਨਵੇਂ ਮਨਘੜਤ ਦੋਸ਼ ਲਗਾ ਰਹੇ ਹਨ।



ਭਾਜਪਾ ਆਗੂ ਕਪਿਲ ਮਿਸ਼ਰਾ ਦੇ ਬਿਆਨਾਂ 'ਤੇ ਪਲਟਵਾਰ ਕਰਦਿਆਂ ਬਲਤੇਜ ਪੰਨੂ ਨੇ ਕਿਹਾ ਕਿ ਰਾਤੋ-ਰਾਤ 1200 ਲੋਕਾਂ ਵੱਲੋਂ ਪਰਾਲੀ ਸਾੜਨ ਦਾ ਦਾਅਵਾ ਪੂਰੀ ਤਰ੍ਹਾਂ ਬੇਬੁਨਿਆਦ ਅਤੇ ਹਾਸੋਹੀਣਾ ਹੈ।

ਜੇਕਰ ਕਪਿਲ ਮਿਸ਼ਰਾ ਦੇ ਦਾਅਵਿਆਂ ਵਿੱਚ ਕੋਈ ਸੱਚਾਈ ਹੈ, ਤਾਂ ਉਨ੍ਹਾਂ ਨੂੰ ਆਪਣੇ ਹੀ ਆਗੂ ਮਨਜਿੰਦਰ ਸਿੰਘ ਸਿਰਸਾ ਤੋਂ ਜਵਾਬ ਮੰਗਣਾ ਚਾਹੀਦਾ ਹੈ, ਜੋ ਕਈ ਦਿਨਾਂ ਤੋਂ ਪੰਜਾਬ ਤੋਂ ਧੂੰਆਂ ਆਉਣ ਦੀ ਬਿਆਨਬਾਜ਼ੀ ਕਰ ਰਹੇ ਸਨ। ਪੰਨੂ ਨੇ ਸਪੱਸ਼ਟ ਕੀਤਾ ਕਿ ਇਸ ਸਾਲ ਪੰਜਾਬ ਨੇ ਪਰਾਲੀ ਸਾੜਨ ਦੀਆਂ ਘਟਨਾਵਾਂ 'ਤੇ 90% ਤੱਕ ਕੰਟਰੋਲ ਹਾਸਲ ਕਰ ਲਿਆ ਹੈ, ਜਦਕਿ ਪਿਛਲੇ ਸਾਲ 80% ਕਮੀ ਦਰਜ ਕੀਤੀ ਗਈ ਸੀ—ਜਿਸ ਦਾ ਸਬੂਤ ਖੁਦ ਸੰਸਦ ਦੇ ਅਧਿਕਾਰਤ ਰਿਕਾਰਡ ਵਿੱਚ ਦਰਜ ਕੇਂਦਰ ਸਰਕਾਰ ਦੇ ਜਵਾਬ ਵਿੱਚ ਮੌਜੂਦ ਹੈ।

ਭਾਜਪਾ ਦੀ ਕਿਸਾਨ-ਵਿਰੋਧੀ ਮਾਨਸਿਕਤਾ 'ਤੇ ਹਮਲਾ ਬੋਲਦਿਆਂ ਪੰਨੂ ਨੇ ਕਿਹਾ ਕਿ ਦਿੱਲੀ ਸਰਹੱਦਾਂ 'ਤੇ ਕਾਲੇ ਖੇਤੀ ਕਾਨੂੰਨਾਂ ਵਿਰੁੱਧ ਅੰਦੋਲਨ ਦੌਰਾਨ ਸ਼ਹੀਦ ਹੋਏ 750 ਦੇ ਕਰੀਬ ਕਿਸਾਨਾਂ ਬਾਰੇ ਭਾਜਪਾ ਨੇ ਅੱਜ ਤੱਕ ਕੋਈ ਜਵਾਬ ਨਹੀਂ ਦਿੱਤਾ। ਹਰ ਰੋਜ਼ ਕੋਈ ਨਾ ਕੋਈ ਭਾਜਪਾ ਆਗੂ ਆ ਕੇ ਪੰਜਾਬ ਦੇ ਮਿਹਨਤੀ ਕਿਸਾਨਾਂ ਨੂੰ ਬਦਨਾਮ ਕਰਨ ਦੀ ਨਾਕਾਮ ਕੋਸ਼ਿਸ਼ ਕਰਦਾ ਹੈ। ਪੰਜਾਬ ਨੇ ਲਗਭਗ ਮੁਕੰਮਲ ਤੌਰ 'ਤੇ ਪਰਾਲੀ ਸਾੜਨ ਦੀਆਂ ਘਟਨਾਵਾਂ 'ਤੇ ਨਕੇਲ ਪਾ ਲਈ ਹੈ, ਇਸ ਲਈ ਭਾਜਪਾ ਨੂੰ ਝੂਠੀ ਬਿਆਨਬਾਜ਼ੀ ਬੰਦ ਕਰਕੇ ਆਪਣੀਆਂ ਨਾਕਾਮੀਆਂ ਵੱਲ ਧਿਆਨ ਦੇਣਾ ਚਾਹੀਦਾ ਹੈ।

ਪਰਵਿੰਦਰ ਝੋਟੇ ਦੇ ਭੋਗ ਤੇ ਸ਼ਰਧਾਂਜਲੀ ਸਮਾਗਮ ਦਾ ਸਥਾਨ ਬਦਲਿਆ

ਮਾਨਸਾ, 13 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਨਸ਼ਿਆਂ ਵਿਰੁੱਧ ਲੜਾਈ ਦੌਰਾਨ ਆਪਣੀ ਜਾਨ ਗੁਆਉਣ ਵਾਲੇ ਨੌਜਵਾਨ ਪਰਵਿੰਦਰ ਸਿੰਘ ਝੋਟਾ ਨਮਿੱਤ ਪਾਠ ਦੇ ਭੋਗ ਅਤੇ ਸ਼ਰਧਾਂਜਲੀ ਸਮਾਗਮ ਦਾ ਸਥਾਨ ਬਦਲ ਦਿੱਤਾ ਗਿਆ ਹੈ। ਹੁਣ ਇਹ ਸਮਾਗਮ 15 ਨਵੰਬਰ, ਦਿਨ ਐਤਵਾਰ ਨੂੰ ਤਖ਼ਤ ਸ੍ਰੀ ਦਮਦਮਾ ਸਾਹਿਬ, ਤਲਵੰਡੀ ਸਾਬੋ ਵਿਖੇ ਹੋਵੇਗਾ। ਪਹਿਲਾਂ ਇਹ ਸਮਾਗਮ ਇਤਿਹਾਸਕ ਗੁਰਦੁਆਰਾ ਸ੍ਰੀ ਸੁਲੀਸਰ ਸਾਹਿਬ, ਪਿੰਡ ਕੋਟਧਰਮੂ ਵਿਖੇ ਰੱਖਿਆ ਗਿਆ ਸੀ। ਪੰਜਾਬ ਭਰ ਤੋਂ ਸੰਗਤਾਂ, ਕਿਸਾਨਾਂ, ਮਜ਼ਦੂਰਾਂ, ਨੌਜਵਾਨਾਂ, ਸਮਾਜਿਕ ਜਥੇਬੰਦੀਆਂ ਅਤੇ ਨਸ਼ਿਆਂ ਵਿਰੁੱਧ ਸੰਘਰਸ਼ ਕਰ ਰਹੇ ਲੋਕਾਂ ਦੇ ਵੱਡੀ ਗਿਣਤੀ ਵਿੱਚ ਪੁੱਜਣ ਦੀ ਸੰਭਾਵਨਾ ਦੇ ਮੱਦੇਨਜ਼ਰ ਸਮਾਗਮ ਦਾ ਸਥਾਨ ਤਬਦੀਲ ਕੀਤਾ ਗਿਆ ਹੈ।



ਐਕਸ਼ਨ ਕਮੇਟੀ ਮਾਨਸਾ ਦੇ ਮੀਡੀਆ ਇੰਚਾਰਜ ਹਰਦੀਪ ਸਿੰਘ ਸਿੱਧੂ ਨੇ ਦੱਸਿਆ ਕਿ ਪਰਵਿੰਦਰ ਸਿੰਘ ਝੋਟਾ ਦੀ ਸੋਚ ਨੂੰ ਜਿਊਂਦਾ ਰੱਖਣ ਅਤੇ ਉਸ ਵੱਲੋਂ ਨਸ਼ਿਆਂ ਵਿਰੁੱਧ ਵਿੱਢੀ ਲੜਾਈ ਨੂੰ ਅੱਗੇ ਵਧਾਉਣ ਲਈ ਭੋਗ ਮੌਕੇ ਅਗਲੇ ਸੰਘਰਸ਼ ਦੀ ਰੂਪ-ਰੇਖਾ ਦਾ ਐਲਾਨ ਕੀਤਾ ਜਾਵੇਗਾ। ਉਨ੍ਹਾਂ ਦੱਸਿਆ ਕਿ ਪਰਵਿੰਦਰ ਸਿੰਘ ਝੋਟਾ ਦੇ ਨਾਂ 'ਤੇ ਬਣਾਈ ਗਈ ਨਸ਼ਿਆਂ ਵਿਰੁੱਧ ਟਾਸਕ ਫੋਰਸ ਨੇ ਨਸ਼ਿਆਂ ਖ਼ਿਲਾਫ਼ ਮੁਹਿੰਮ ਹੋਰ ਤੇਜ਼ ਕਰਨ ਦਾ ਫ਼ੈਸਲਾ ਕੀਤਾ ਹੈ। ਇਸ ਤਹਿਤ ਆਉਣ ਵਾਲੇ ਸਮੇਂ ਵਿੱਚ ਨਵੇਂ ਪ੍ਰੋਗਰਾਮ ਉਲੀਕੇ ਜਾਣਗੇ।

ਇਸੇ ਦੌਰਾਨ ਡਿਪਟੀ ਕਮਿਸ਼ਨਰ ਦੀ ਕੋਠੀ ਨੇੜੇ ਮੁੱਖ ਮਾਰਗ 'ਤੇ ਪਿਛਲੇ 26 ਦਿਨਾਂ ਤੋਂ ਚੱਲ ਰਿਹਾ ਧਰਨਾ ਸਮਾਪਤ ਕਰ ਦਿੱਤਾ ਗਿਆ ਹੈ। ਧਰਨਾ ਸਮਾਪਤ ਹੋਣ ਮਗਰੋਂ ਰਾਹਗੀਰਾਂ ਦੀ ਸਹੂਲਤ ਲਈ ਮੁੱਖ ਮਾਰਗ ਸਮੇਤ ਸਾਰੇ ਰਸਤੇ ਆਵਾਜਾਈ ਲਈ ਖੋਲ੍ਹ ਦਿੱਤੇ ਗਏ ਹਨ। ਲੰਮੇ ਸਮੇਂ ਤੋਂ ਆਵਾਜਾਈ ਵਿੱਚ ਆ ਰਹੀ ਰੁਕਾਵਟ ਦੂਰ ਹੋਣ ਨਾਲ ਆਮ ਲੋਕਾਂ ਨੂੰ ਰਾਹਤ ਮਿਲੀ ਹੈ। ਹਾਲਾਂਕਿ, ਧਰਨਾ ਸਮਾਪਤ ਕਰਨ ਦੇ ਬਾਵਜੂਦ ਸੰਘਰਸ਼ਸ਼ੀਲ ਜਥੇਬੰਦੀਆਂ ਨੇ ਸਪੱਸ਼ਟ ਕੀਤਾ ਹੈ ਕਿ ਨਸ਼ਿਆਂ ਵਿਰੁੱਧ ਲੜਾਈ ਜਾਰੀ ਰਹੇਗੀ।

ਪਰਵਿੰਦਰ ਸਿੰਘ ਝੋਟਾ ਦੇ ਪਿਤਾ ਭੀਮ ਸਿੰਘ ਫੌਜੀ ਅਤੇ ਪਤਨੀ ਮਨਪ੍ਰੀਤ ਕੌਰ ਨੇ ਕਿਹਾ ਕਿ ਉਹ ਪਰਵਿੰਦਰ ਸਿੰਘ ਝੋਟਾ ਦੀ ਸੋਚ ਅਤੇ ਨਸ਼ਿਆਂ ਵਿਰੁੱਧ ਲੜਨ ਦੇ ਜਜ਼ਬੇ ਨੂੰ ਅੱਗੇ ਲਿਜਾਉਣ ਲਈ ਵਚਨਬੱਧ ਹਨ। ਉਨ੍ਹਾਂ ਕਿਹਾ ਕਿ ਝੋਟਾ ਵੱਲੋਂ ਸ਼ੁਰੂ ਕੀਤੀ ਲੜਾਈ ਨੂੰ ਕਿਸੇ ਵੀ ਹਾਲਤ ਵਿੱਚ ਰੁਕਣ ਨਹੀਂ ਦਿੱਤਾ ਜਾਵੇਗਾ ਅਤੇ ਪੰਜਾਬ ਦੀ ਜਵਾਨੀ ਨੂੰ ਨਸ਼ਿਆਂ ਤੋਂ ਬਚਾਉਣ ਲਈ ਯਤਨ ਜਾਰੀ ਰਹਿਣਗੇ।

ਉਨ੍ਹਾਂ ਕਿਹਾ ਕਿ ਪਰਵਿੰਦਰ ਸਿੰਘ ਝੋਟਾ ਦੀ ਸੋਚ ਨੂੰ ਅੱਗੇ ਲਿਜਾਣਾ ਹੀ ਉਸ ਨੂੰ ਸੱਚੀ ਸ਼ਰਧਾਂਜਲੀ ਹੋਵੇਗੀ। ਇਸ ਲਈ ਪਰਿਵਾਰ ਨਸ਼ਿਆਂ ਵਿਰੁੱਧ ਚੱਲ ਰਹੀ ਮੁਹਿੰਮ ਵਿੱਚ ਸੰਘਰਸ਼ਸ਼ੀਲ ਲੋਕਾਂ ਦੇ ਨਾਲ ਖੜ੍ਹਾ ਰਹੇਗਾ।

ਸੰਤ ਕਬੀਰ ਕੁਟੀਰ ਵਿਖੇ ਭਗਵਾਨ ਵਿਸ਼ਵਕਰਮਾ ਦੀ ਪੂਜਾ-ਅਰਚਨਾ ਕਰ ਕੇ ਸੂਬੇ ਦੇ ਲੋਕਾਂ ਦੀ ਸੁੱਖ-ਸਮ੍ਰਿੱਧੀ ਦੀ ਕੀਤੀ ਕਾਮਨਾ

ਚੰਡੀਗੜ੍ਹ, 13 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਹਰਿਆਣਾ ਦੇ ਮੁੱਖ ਮੰਤਰੀ ਸ਼੍ਰੀ ਨਾਇਬ ਸਿੰਘ ਸੈਣੀ ਨੇ ਸੋਮਵਾਰ ਨੂੰ ਭਗਵਾਨ ਵਿਸ਼ਵਕਰਮਾ ਦਿਵਸ ਦੇ ਪਵਿੱਤਰ ਮੌਕੇ ਸੰਤ ਕਬੀਰ ਕੁਟੀਰ ਵਿਖੇ ਭਗਵਾਨ ਵਿਸ਼ਵਕਰਮਾ ਦੀ ਪੂਜਾ ਕਰ ਕੇ ਉਨ੍ਹਾਂ ਨੂੰ ਨਮਨ ਕੀਤਾ। ਇਸ ਮੌਕੇ ਮੁੱਖ ਮੰਤਰੀ ਨੇ ਸੂਬੇ ਅਤੇ ਸੂਬਾ ਵਾਸੀਆਂ ਦੀ ਸੁੱਖ, ਸਮ੍ਰਿੱਧੀ, ਸ਼ਾਂਤੀ ਅਤੇ ਖੁਸ਼ਹਾਲੀ ਦੀ ਕਾਮਨਾ ਕੀਤੀ।

ਮੁੱਖ ਮੰਤਰੀ ਨੇ ਕਿਹਾ ਕਿ ਭਗਵਾਨ ਵਿਸ਼ਵਕਰਮਾ ਨੂੰ ਸ੍ਰਿਸ਼ਟੀ ਦੇ ਪਹਿਲੇ ਸ਼ਿਲਪਕਾਰ ਅਤੇ ਨਿਰਮਾਣ ਤੇ ਸਿਰਜਣਾ ਦੇ ਦੇਵਤਾ ਮੰਨਿਆ ਜਾਂਦਾ ਹੈ। ਉਨ੍ਹਾਂ ਦਾ ਜੀਵਨ ਅਤੇ ਸਿੱਖਿਆਵਾਂ ਸਾਨੂੰ ਕਿਰਤ, ਹੁਨਰ, ਰਚਨਾਤਮਕਤਾ ਅਤੇ ਸਮਰਪਣ ਦਾ ਸੁਨੇਹਾ ਦਿੰਦੀਆਂ ਹਨ। ਭਗਵਾਨ ਵਿਸ਼ਵਕਰਮਾ ਦੀ ਕਿਰਪਾ ਨਾਲ ਸਭ ਦੇ ਜੀਵਨ ਵਿੱਚ ਉੱਨਤੀ ਅਤੇ ਸਮ੍ਰਿੱਧੀ ਆਵੇ ਅਤੇ ਸੂਬਾ ਲਗਾਤਾਰ ਵਿਕਾਸ ਦੇ ਰਾਹ 'ਤੇ ਅੱਗੇ ਵਧੇ।

ਮੁੱਖ ਮੰਤਰੀ ਨੇ ਇਸ ਪਵਿੱਤਰ ਮੌਕੇ 'ਤੇ ਸੂਬਾ ਵਾਸੀਆਂ ਨੂੰ ਭਗਵਾਨ ਵਿਸ਼ਵਕਰਮਾ ਪੂਜਾ ਦਿਵਸ ਦੀਆਂ ਹਾਰਦਿਕ ਵਧਾਈਆਂ ਅਤੇ ਸ਼ੁਭਕਾਮਨਾਵਾਂ ਵੀ ਦਿੱਤੀਆਂ।

ਝੋਨੇ ਦੀ ਪਰਾਲੀ ਸਾੜਨ ਤੋਂ ਰੋਕਣ ਅਤੇ ਕਿਸਾਨਾਂ ਨੂੰ ਸਮਝਾਉਣ ਲਈ ਖੇਤਾਂ ਵਿੱਚ ਪੁੱਜੀ ਮੁਕਤਸਰ ਪੁਲਿਸ

ਸ੍ਰੀ ਮੁਕਤਸਰ ਸਾਹਿਬ, 13 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਸ੍ਰੀ ਮੁਕਤਸਰ ਸਾਹਿਬ ਦੇ ਸੀਨੀਅਰ ਪੁਲਿਸ ਕਪਤਾਨ ਸ੍ਰੀ ਅਭਿਮੰਨਿਊ ਰਾਣਾ (ਆਈ.ਪੀ.ਐੱਸ.) ਦੀਆਂ ਹਦਾਇਤਾਂ ਅਨੁਸਾਰ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਦੀਆਂ ਚਾਰੇ ਸਬ-ਡਿਵੀਜ਼ਨਾਂ—ਸ੍ਰੀ ਮੁਕਤਸਰ ਸਾਹਿਬ, ਮਲੋਟ, ਗਿੱਦੜਬਾਹਾ ਅਤੇ ਲੰਬੀ—ਵਿੱਚ ਪਰਾਲੀ ਸਾੜਨ ਖ਼ਿਲਾਫ਼ ਵਿਸ਼ੇਸ਼ ਜਾਗਰੂਕਤਾ ਮੁਹਿੰਮ ਚਲਾਈ ਜਾ ਰਹੀ ਹੈ। ਇਸ ਮੁਹਿੰਮ ਤਹਿਤ ਪੁਲਿਸ ਟੀਮਾਂ ਵੱਲੋਂ ਵੱਖ-ਵੱਖ ਪਿੰਡਾਂ ਵਿੱਚ ਸੈਮੀਨਾਰ ਅਤੇ ਕਿਸਾਨਾਂ ਨਾਲ ਮੀਟਿੰਗਾਂ ਕਰਕੇ ਉਨ੍ਹਾਂ ਨੂੰ ਪਰਾਲੀ ਨਾ ਸਾੜਨ ਅਤੇ ਇਸ ਦੇ ਬਦਲਵੇਂ ਪ੍ਰਬੰਧਨ ਦੇ ਤਰੀਕਿਆਂ ਬਾਰੇ ਵਿਸਥਾਰ ਨਾਲ ਜਾਗਰੂਕ ਕੀਤਾ ਜਾ ਰਿਹਾ ਹੈ।

ਪਰਾਲੀ ਸਾੜਨ ਦੇ ਨੁਕਸਾਨਾਂ ਬਾਰੇ ਕਿਸਾਨਾਂ ਨੂੰ ਕੀਤਾ ਜਾਗਰੂਕ



ਇਸ ਮੁਹਿੰਮ ਤਹਿਤ ਪੁਲਿਸ ਅਧਿਕਾਰੀਆਂ ਵੱਲੋਂ ਕਿਸਾਨਾਂ ਨੂੰ ਸਮਝਾਇਆ ਜਾ ਰਿਹਾ ਹੈ ਕਿ ਪਰਾਲੀ ਸਾੜਨ ਨਾਲ ਵਾਤਾਵਰਣ ਵਿੱਚ ਪ੍ਰਦੂਸ਼ਣ ਵਧਦਾ ਹੈ, ਮਿੱਟੀ ਦੀ ਉਪਜਾਊ ਸ਼ਕਤੀ ਪ੍ਰਭਾਵਿਤ ਹੁੰਦੀ ਹੈ ਅਤੇ ਮਨੁੱਖੀ ਸਿਹਤ 'ਤੇ ਵੀ ਮਾੜਾ ਪ੍ਰਭਾਵ ਪੈਂਦਾ ਹੈ। ਪਰਾਲੀ ਦੇ ਧੂੰਏਂ ਕਾਰਨ ਸੜਕਾਂ 'ਤੇ ਵਿਜ਼ੀਬਿਲਟੀ ਘਟਣ ਨਾਲ ਸੜਕ ਹਾਦਸਿਆਂ ਦਾ ਖ਼ਤਰਾ ਵੀ ਵਧ ਜਾਂਦਾ ਹੈ, ਜਿਸ ਨਾਲ ਜਾਨ-ਮਾਲ ਦਾ ਨੁਕਸਾਨ ਹੋ ਸਕਦਾ ਹੈ।

ਬਠਿੰਡਾ ਵਿੱਚ ਪੰਜਾਬ ਮੈਡੀਕਲ ਹਾਲ 15 ਦਿਨਾਂ ਲਈ ਸੀਲ, ਰਿਟੇਲ ਡਰੱਗ ਲਾਇਸੈਂਸ ਵੀ ਮੁਅੱਤਲ

ਬਠਿੰਡਾ, 13 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਬਠਿੰਡਾ ਵਿੱਚ ਸਿਹਤ ਅਤੇ ਪਰਿਵਾਰ ਭਲਾਈ ਵਿਭਾਗ, ਪੰਜਾਬ ਦੇ ਫੂਡ ਐਂਡ ਡਰੱਗ ਐਡਮਿਨਿਸਟ੍ਰੇਸ਼ਨ ਵੱਲੋਂ ਬਠਿੰਡਾ ਦੇ ਆਦੇਸ਼ ਮੈਡੀਕਲ ਇੰਸਟੀਚਿਊਟ ਐਂਡ ਕਾਲਜ ਦੇ ਸਾਹਮਣੇ ਸਥਿਤ ਪੰਜਾਬ ਮੈਡੀਕਲ ਹਾਲ ਨੂੰ 15 ਦਿਨਾਂ ਲਈ ਸੀਲ ਕਰ ਦਿੱਤਾ ਗਿਆ ਹੈ। ਇਸ ਦੇ ਨਾਲ ਹੀ ਮੈਡੀਕਲ ਹਾਲ ਦਾ ਰਿਟੇਲ ਡਰੱਗ ਲਾਇਸੈਂਸ ਵੀ 15 ਦਿਨਾਂ ਲਈ ਮੁਅੱਤਲ ਕਰ ਦਿੱਤਾ ਗਿਆ ਹੈ। ਇਹ ਕਾਰਵਾਈ ਡਰੱਗਜ਼ ਐਂਡ ਕਾਸਮੈਟਿਕਸ ਰੂਲਜ਼, 1945 ਦੇ ਵੱਖ-ਵੱਖ ਨਿਯਮਾਂ ਦੀ ਉਲੰਘਣਾ ਦੇ ਮਾਮਲੇ ਵਿੱਚ ਕੀਤੀ ਗਈ ਹੈ।ਸਿਵਲ ਸਰਜਨ ਦਫ਼ਤਰ, ਬਠਿੰਡਾ ਦੀ ਜ਼ੋਨਲ ਲਾਇਸੈਂਸਿੰਗ ਅਥਾਰਟੀ (ਡਰੱਗਜ਼) ਵੱਲੋਂ ਜਾਰੀ ਹੁਕਮਾਂ ਅਨੁਸਾਰ, ਪੰਜਾਬ ਮੈਡੀਕਲ ਹਾਲ, ਆਦਰਸ਼ ਇੰਸਟੀਚਿਊਟ ਆਫ਼ ਮੈਡੀਕਲ ਸਾਇੰਸਿਜ਼ ਐਂਡ ਰਿਸਰਚ ਦੇ ਸਾਹਮਣੇ, ਭੁੱਚੋ ਖੁਰਦ, ਬਰਨਾਲਾ ਰੋਡ ਸਥਿਤ ਮੈਡੀਕਲ ਸਟੋਰ ਦੀ 19 ਅਕਤੂਬਰ 2026 ਨੂੰ ਡਰੱਗ ਕੰਟਰੋਲ ਅਫ਼ਸਰ ਅਕਾਂਤ ਪ੍ਰਿਆ ਸਿੰਗਲਾ ਵੱਲੋਂ ਜਾਂਚ ਕੀਤੀ ਗਈ ਸੀ।ਜਾਂਚ ਦੌਰਾਨ ਮੈਡੀਕਲ ਸਟੋਰ ਵਿੱਚ ਕੁੱਝ ਖਾਮੀਆਂ ਪਾਈਆਂ ਗਈਆਂ ਅਤੇ ਨਿਯਮਾਂ ਦੀ ਉਲੰਘਣਾ ਸਾਹਮਣੇ ਆਈ ਸੀ। ਇਸ ਤੋਂ ਬਾਅਦ ਵਿਭਾਗ ਵੱਲੋਂ ਇਹ ਕਾਰਵਾਈ ਅਮਲ ਵਿੱਚ ਲਿਆਂਦੀ ਗਈ।



ਦਵਾਈਆਂ ਦੀ ਖਰੀਦ-ਵੇਚ 'ਤੇ ਪਾਬੰਦੀ

ਵਿਭਾਗ ਵੱਲੋਂ ਮੈਡੀਕਲ ਸਟੋਰ ਦੇ ਸੰਚਾਲਕ ਨੂੰ 21 ਅਕਤੂਬਰ ਨੂੰ ਕਾਰਨ ਦੱਸੋ ਨੋਟਿਸ ਜਾਰੀ ਕਰਕੇ ਜਵਾਬ ਮੰਗਿਆ ਗਿਆ ਸੀ। ਸੰਚਾਲਕ ਵੱਲੋਂ ਦਿੱਤਾ ਗਿਆ ਜਵਾਬ ਵਿਭਾਗ ਨੂੰ ਤਸੱਲੀਬਖ਼ਸ਼ ਨਹੀਂ ਲੱਗਿਆ। ਵਿਭਾਗ ਨੇ ਇਸ ਨੂੰ ਬਾਅਦ ਵਿੱਚ ਤਿਆਰ ਕੀਤਾ ਗਿਆ ਜਵਾਬ ਮੰਨਦਿਆਂ ਪ੍ਰਵਾਨ ਨਹੀਂ ਕੀਤਾ। ਇਸ ਤੋਂ ਬਾਅਦ ਨਿਯਮਾਂ ਦੀਆਂ ਧਾਰਾਵਾਂ 65(2), 65(3)(1), 65(4)(1), 65(3)(1)(*), 65(4)(4) ਅਤੇ 65(6) ਦੀ ਉਲੰਘਣਾ ਦੇ ਆਧਾਰ 'ਤੇ ਕਾਰਵਾਈ ਕੀਤੀ ਗਈ।ਹੁਕਮਾਂ ਅਨੁਸਾਰ, ਮੈਡੀਕਲ ਸਟੋਰ ਦੇ ਰਿਟੇਲ ਡਰੱਗ ਲਾਇਸੈਂਸ ਨੰਬਰ 153865 ਅਤੇ 153866 ਪੱਤਰ ਪ੍ਰਾਪਤ ਹੋਣ ਦੀ ਮਿਤੀ ਤੋਂ 15 ਦਿਨਾਂ ਲਈ ਮੁਅੱਤਲ ਕਰ ਦਿੱਤੇ ਗਏ ਹਨ। ਇਸ ਸਮੇਂ ਦੌਰਾਨ ਐਲੋਪੈਥਿਕ ਦਵਾਈਆਂ ਦੀ ਖਰੀਦ-ਵੇਚ ਕਰਨ 'ਤੇ ਕਾਨੂੰਨੀ ਕਾਰਵਾਈ ਦੀ ਚਿਤਾਵਨੀ ਦਿੱਤੀ ਗਈ ਹੈ।

ਕੁੱਝ ਦਵਾਈਆਂ ਦੇ ਸਟਾਕ ਦੀ ਵਿਕਰੀ ਰੱਦ

ਇਸ ਤੋਂ ਇਲਾਵਾ, ਟੈਪੇਂਟਾਡੋਲ ਅਤੇ ਇਸਦੇ ਸਾਲਟ ਤੋਂ ਬਣੀਆਂ ਦਵਾਈਆਂ ਸਟਾਕ ਕਰਨ ਅਤੇ ਵਿੱਕਰੀ ਲਈ ਪ੍ਰਦਰਸ਼ਿਤ ਕਰਨ ਦੀ ਮਨਜ਼ੂਰੀ ਤੁਰੰਤ ਪ੍ਰਭਾਵ ਨਾਲ ਰੱਦ ਕਰ ਦਿੱਤੀ ਗਈ ਹੈ। ਸਟੋਰ ਸੰਚਾਲਕ ਨੂੰ ਨਿਰਦੇਸ਼ ਦਿੱਤਾ ਗਿਆ ਹੈ ਕਿ ਜੇ ਉਸ ਕੋਲ ਇਹਨਾਂ ਦਵਾਈਆਂ ਦਾ ਸਟਾਕ ਮੌਜੂਦ ਹੈ ਤਾਂ ਉਸਨੂੰ ਸੰਬੰਧਿਤ ਡਿਸਟ੍ਰੀਬਿਊਟਰ, ਹੋਲਸੇਲਰ ਜਾਂ ਨਿਰਮਾਤਾ ਨੂੰ ਵਾਪਸ ਕਰੇ ਅਤੇ ਇਸਦੀ ਸੂਚਨਾ ਵਿਭਾਗ ਨੂੰ ਦੇਵੇ।ਵਿਭਾਗ ਨੇ ਚੇਤਾਵਨੀ ਦਿੱਤੀ ਹੈ ਕਿ ਆਦੇਸ਼ ਦੇ ਬਾਅਦ ਟੈਪੇਂਟਾਡੋਲ ਯੁਕਤ ਦਵਾਈਆਂ ਦਾ ਸਟਾਕ ਰੱਖਣ, ਵਿਕਰੀ ਜਾਂ ਵੰਡਣ ਕਰਨ ਤੇ ਡਰੱਗਸ ਐਂਡ ਕਾਸਮੈਟਿਕਸ ਐਕਟ, 1940 ਦੀ ਧਾਰਾ 18(ਸੀ) ਅਤੇ ਧਾਰਾ 27(ਬੀ)(ਆਈ) ਦੇ ਤਹਿਤ ਕਾਰਵਾਈ ਹੋ ਸਕਦੀ ਹੈ। ਆਦੇਸ਼ ਦੀ ਪ੍ਰਤਿ ਡਰੱਗਸ ਕੰਟਰੋਲ ਅਫਸਰ, ਬਠਿੰਡਾ-2 ਨੂੰ ਵੀ ਭੇਜੀ ਗਈ ਹੈ। ਉਹਨਾਂ ਨੂੰ ਮੈਡੀਕਲ ਸਟੋਰ ਨੂੰ ਆਦੇਸ਼ ਦੀ ਪ੍ਰਤਿ ਸੌਂਪਣ ਅਤੇ ਸਸਪੈਂਸ਼ਨ ਅਵਧੀ ਵਿੱਚ ਦਵਾਈਆਂ ਦੀ ਖਰੀਦ-ਵਿਕਰੀ ਬੰਦ ਕਰਵਾਉਣਾ ਸੁਨਿਸ਼ਚਿਤ ਕਰਨ ਦੇ ਨਿਰਦੇਸ਼ ਦਿੱਤੇ ਗਏ ਹਨ।

ਛੱਤੀਸਗੜ੍ਹ - ਕਾਰ ਦੇ ਨਦੀ 'ਚ ਡਿੱਗਣ ਕਾਰਨ ਇਕ ਪਰਿਵਾਰ ਦੇ ਚਾਰ ਮੈਂਬਰਾਂ ਮੌਤ

ਗਰੀਆਬੰਦ (ਛੱਤੀਸਗੜ੍ਹ), 13 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਦੀਵਾਲੀ ਦੀ ਰਾਤ ਗਰੀਆਬੰਦ ਦੇ ਰਾਜਿਮ ਵਿਚ ਇਕ ਪਰਿਵਾਰ ਦੇ ਚਾਰ ਮੈਂਬਰਾਂ—ਜਿਨ੍ਹਾਂ ਵਿਚ ਇਕ ਜੋੜਾ ਅਤੇ ਉਨ੍ਹਾਂ ਦੇ ਦੋ ਬੱਚੇ ਸ਼ਾਮਿਲ ਸਨ—ਦੀ ਕਾਰ 'ਟਿਲਾ ਐਨੀਕਟ' ਵਿਚ ਡਿੱਗਣ ਕਾਰਨ ਮੌਤ ਹੋ ਗਈ। ਮ੍ਰਿਤਕਾਂ ਦੀ ਪਛਾਣ ਸ਼ੀਤਲ ਸਾਹੂ, ਉਸਦੀ ਪਤਨੀ ਭਾਰਤੀ ਅਤੇ ਉਨ੍ਹਾਂ ਦੇ ਬੱਚਿਆਂ ਵਜੋਂ ਹੋਈ ਹੈ। ਇਹ ਹਾਦਸਾ ਉਸ ਸਮੇਂ ਵਾਪਰਿਆ ਜਦੋਂ ਪਰਿਵਾਰ ਰਾਏਪੁਰ ਵਿਚ ਦੀਵਾਲੀ ਮਨਾਉਣ ਤੋਂ ਬਾਅਦ ਆਪਣੇ ਜੱਦੀ ਪਿੰਡ (ਪਸੂਦ) ਵਾਪਸ ਆ ਰਿਹਾ ਸੀ, ਜਦੋਂ ਕਾਰ ਬੇਕਾਬੂ ਹੋ ਗਈ ਅਤੇ ਘਰ ਤੋਂ ਸਿਰਫ਼ 3 ਕਿਲੋਮੀਟਰ ਦੂਰ ਨਦੀ ਵਿਚ ਡਿੱਗ ਗਈ। ਪੁਲਿਸ ਨੇ ਲਾਸ਼ਾਂ ਬਰਾਮਦ ਕਰ ਲਈਆਂ ਹਨ ਅਤੇ ਅਗਲੇਰੀ ਕਾਨੂੰਨੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।ਮਾਮਲੇ ਦੀ ਜਾਂਚ ਜਾਰੀ ਹੈ।

ਸੁਨਾਮ ਦੇ ਆਈ.ਟੀ.ਆਈ. ਚੌਕ ਦਾ ਨਾਂ 'ਭਗਵਾਨ ਵਿਸ਼ਵਕਰਮਾ ਚੌਕ' ਰੱਖਿਆ, ਇੱਕ ਹਫ਼ਤੇ ਅੰਦਰ ਲੋਕਾਂ ਨੂੰ ਕੀਤਾ ਜਾਵੇਗਾ ਸਮਰਪਿਤ: ਅਮਨ ਅਰੋੜਾ

ਸੁਨਾਮ, 13 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਦੇ ਕੈਬਨਿਟ ਮੰਤਰੀ ਅਮਨ ਅਰੋੜਾ ਨੇ ਵਿਸ਼ਵਕਰਮਾ ਦਿਵਸ ਮੌਕੇ ਐਲਾਨ ਕੀਤਾ ਕਿ ਸੁਨਾਮ ਦੇ ਆਈ.ਟੀ.ਆਈ. ਚੌਕ ਦਾ ਨਾਂ ਭਗਵਾਨ ਵਿਸ਼ਵਕਰਮਾ ਜੀ ਦੇ ਨਾਂ 'ਤੇ 'ਭਗਵਾਨ ਵਿਸ਼ਵਕਰਮਾ ਚੌਕ' ਰੱਖਿਆ ਗਿਆ ਹੈ। ਉਨ੍ਹਾਂ ਦੱਸਿਆ ਕਿ ਚੌਕ ਦੀ ਮੁੜ ਉਸਾਰੀ ਅਤੇ ਸੁੰਦਰੀਕਰਨ ਦਾ ਕੰਮ ਤੇਜ਼ੀ ਨਾਲ ਚੱਲ ਰਿਹਾ ਹੈ। ਇਹ ਕੰਮ ਇੱਕ ਹਫ਼ਤੇ ਅੰਦਰ ਮੁਕੰਮਲ ਕਰ ਕੇ ਚੌਕ ਲੋਕਾਂ ਨੂੰ ਸਮਰਪਿਤ ਕੀਤਾ ਜਾਵੇਗਾ।



ਸ਼੍ਰੀ ਅਰੋੜਾ ਨੇ ਕਿਹਾ ਕਿ ਭਗਵਾਨ ਵਿਸ਼ਵਕਰਮਾ ਜੀ ਨੂੰ ਸਿਰਜਣਾ, ਕਾਰੀਗਰੀ ਅਤੇ ਨਿਰਮਾਣ ਕਲਾ ਦੇ ਪ੍ਰੇਰਣਾ ਸਰੋਤ ਵਜੋਂ ਸਤਿਕਾਰਿਆ ਜਾਂਦਾ ਹੈ। ਉਨ੍ਹਾਂ ਕਿਹਾ ਕਿ ਪਿਛਲੇ ਸਾਲ ਵਿਸ਼ਵਕਰਮਾ ਦਿਵਸ ਮੌਕੇ ਉਨ੍ਹਾਂ ਨੇ ਇਲਾਕਾ ਵਾਸੀਆਂ ਨਾਲ ਆਈ.ਟੀ.ਆਈ. ਚੌਕ ਨੂੰ ਭਗਵਾਨ ਵਿਸ਼ਵਕਰਮਾ ਜੀ ਦੇ ਨਾਂ 'ਤੇ ਵਿਕਸਿਤ ਕਰਨ ਦਾ ਵਾਅਦਾ ਕੀਤਾ ਸੀ। ਉਨ੍ਹਾਂ ਕਿਹਾ ਕਿ ਸੁੰਦਰੀਕਰਨ ਤੋਂ ਬਾਅਦ ਇਹ ਚੌਕ ਸੁਨਾਮ ਦੇ ਪ੍ਰਵੇਸ਼ ਦੁਆਰ ਦੀ ਦਿੱਖ ਨਿਖਾਰੇਗਾ ਅਤੇ ਇਸ ਦੀ ਕਾਰੀਗਰੀ ਦੂਰੋਂ ਆਉਣ ਵਾਲੇ ਲੋਕਾਂ ਲਈ ਵੀ ਖਿੱਚ ਦਾ ਕੇਂਦਰ ਬਣੇਗੀ।

ਆਵਾਜਾਈ ਪ੍ਰਬੰਧਾਂ ਬਾਰੇ ਜਾਣਕਾਰੀ ਦਿੰਦਿਆਂ ਸ਼੍ਰੀ ਅਰੋੜਾ ਨੇ ਕਿਹਾ ਕਿ ਇਹ ਚੌਕ ਪਟਿਆਲਾ, ਬਰਨਾਲਾ-ਬਠਿੰਡਾ ਅਤੇ ਲਹਿਰਾਗਾਗਾ ਵੱਲ ਜਾਣ ਵਾਲੀਆਂ ਮੁੱਖ ਸੜਕਾਂ ਨੂੰ ਜੋੜਦਾ ਹੈ। ਸਾਹਮਣੇ ਆਈ.ਟੀ.ਆਈ. ਹੋਣ ਕਾਰਨ ਵੀ ਇੱਥੇ ਆਵਾਜਾਈ ਦਾ ਦਬਾਅ ਰਹਿੰਦਾ ਹੈ। ਉਨ੍ਹਾਂ ਦੱਸਿਆ ਕਿ ਚੌਕ ਦਾ ਡਿਜ਼ਾਇਨ ਤੈਅ ਕਰਨ ਤੋਂ ਪਹਿਲਾਂ ਉਨ੍ਹਾਂ ਨੇ ਅਧਿਕਾਰੀਆਂ ਅਤੇ ਮਾਹਿਰਾਂ ਨਾਲ ਕਈ ਮੀਟਿੰਗਾਂ ਕਰ ਕੇ ਵੱਖ-ਵੱਖ ਦਿਸ਼ਾਵਾਂ ਤੋਂ ਆਉਣ ਵਾਲੇ ਵਾਹਨਾਂ ਦੀ ਆਵਾਜਾਈ ਪ੍ਰਬੰਧਨ ਦਾ ਜਾਇਜ਼ਾ ਲਿਆ।

ਕੈਬਨਿਟ ਮੰਤਰੀ ਨੇ ਦੱਸਿਆ ਕਿ ਨਵੇਂ ਡਿਜ਼ਾਈਨ ਅਨੁਸਾਰ ਚੌਕ ਵਿੱਚ ਆਵਾਜਾਈ ਸੁਚਾਰੂ ਢੰਗ ਨਾਲ ਚੱਲੇਗੀ। ਉਨ੍ਹਾਂ ਕਿਹਾ ਕਿ ਚੌਕ 'ਤੇ ਸੀਮਤ ਥਾਂ ਨੂੰ ਧਿਆਨ ਵਿੱਚ ਰੱਖਦਿਆਂ ਅਜਿਹਾ ਡਿਜ਼ਾਈਨ ਤਿਆਰ ਕੀਤਾ ਗਿਆ ਹੈ ਜਿਸ ਨਾਲ ਆਸ-ਪਾਸ ਦੇ ਦੁਕਾਨਦਾਰਾਂ ਅਤੇ ਵਸਨੀਕਾਂ ਦੀਆਂ ਇਮਾਰਤਾਂ ਨੂੰ ਬੇਲੋੜੀ ਤੋੜ-ਭੰਨ ਤੋਂ ਬਚਾਉਂਦਿਆਂ ਆਵਾਜਾਈ ਸੁਚਾਰੂ ਬਣਾਈ ਜਾ ਸਕੇ।

ਸ਼੍ਰੀ ਅਰੋੜਾ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਧਾਰਮਿਕ ਅਤੇ ਸੱਭਿਆਚਾਰਕ ਵਿਰਾਸਤ ਦੀ ਸੰਭਾਲ ਦੇ ਨਾਲ-ਨਾਲ ਸ਼ਹਿਰੀ ਬੁਨਿਆਦੀ ਢਾਂਚੇ ਨੂੰ ਬਿਹਤਰ ਬਣਾਉਣ ਲਈ ਵਚਨਬੱਧ ਹੈ।

ਉਨ੍ਹਾਂ ਕਿਹਾ ਕਿ ਚੌਕ ਦੀ ਮੁੜ ਉਸਾਰੀ ਅਤੇ ਨਵੇਂ ਆਵਾਜਾਈ ਪ੍ਰਬੰਧਾਂ ਨਾਲ ਇਸ ਥਾਂ 'ਤੇ ਲੰਮੇ ਸਮੇਂ ਤੋਂ ਪੇਸ਼ ਆ ਰਹੀ ਜਾਮ ਦੀ ਸਮੱਸਿਆ ਤੋਂ ਰਾਹਤ ਮਿਲੇਗੀ।

ਇਸ ਮੌਕੇ ਵੱਖ ਵੱਖ ਅਹੁਦੇਦਾਰ, ਪਤਵੰਤੇ ਅਤੇ ਵੱਡੀ ਗਿਣਤੀ ਸ਼ਹਿਰ ਵਾਸੀ ਹਾਜ਼ਰ ਸਨ।

ਮੌਜੀ ਪਰਿਵਾਰ ਨਾਲ ਮਿਸਲ ਸਤਲੁਜ ਪਾਰਟੀ ਵੱਲੋਂ ਦੁੱਖ ਦਾ ਪ੍ਰਗਟਾਵਾ, ਵਿਛੜੀ ਰੂਹ ਨੂੰ ਸ਼ਰਧਾਂਜਲੀ ਭੇਂਟ ਕੀਤੀ

ਸਨੌਰ, 13 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਮਿਸਲ ਸਤਲੁਜ ਪਾਰਟੀ ਦੇ ਪ੍ਰਧਾਨ ਸਰਦਾਰ ਅਜੇਪਾਲ ਸਿੰਘ ਬਰਾੜ, ਬੀਬੀ ਜਸਮੀਤ ਕੌਰ ਛੀਨਾ, ਪ੍ਰਧਾਨ ਮਹਿਲਾ ਵਿੰਗ ਮਿਸਲ ਸਤਲੁਜ, ਸਰਦਾਰ ਮਨਜੀਤ ਸਿੰਘ ਚਾਹਲ ਪਟਿਆਲਾ ਦਿਹਾਤੀ ਵਿਧਾਨ ਸਭਾ ਹਲਕੇ ਲਈ ਉਮੀਦਵਾਰ ਅਤੇ ਪੂਰਾ ਪੰਜਾਬ ਲਹਿਰ ਦੇ ਕੌਮੀ ਕਨਵੀਨਰ ਸਰਦਾਰ ਅਮਰਿੰਦਰ ਸਿੰਘ ਤੁੜ ਨੇ ਸੀਨੀਅਰ ਪੱਤਰਕਾਰ ਸਰਦਾਰ ਰਾਜਿੰਦਰ ਸਿੰਘ ਮੌਜੀ ਦੀ ਧਰਮਪਤਨੀ ਬੀਬੀ ਪਰਮਿੰਦਰ ਕੌਰ ਦੇ ਅਕਾਲ ਚਲਾਣੇ 'ਤੇ ਉਨ੍ਹਾਂ ਦੇ ਗ੍ਰਹਿ ਵਿਖੇ ਪਹੁੰਚ ਕੇ ਪਰਿਵਾਰ ਨਾਲ ਡੂੰਘੇ ਦੁੱਖ ਅਤੇ ਹਮਦਰਦੀ ਦਾ ਪ੍ਰਗਟਾਵਾ ਕੀਤਾ।

ਇਸ ਮੌਕੇ ਆਗੂਆਂ ਨੇ ਕਿਹਾ ਕਿ ਜੀਵਨ ਸਾਥੀ ਦਾ ਵਿਛੋੜਾ ਮਨੁੱਖੀ ਜੀਵਨ ਦਾ ਬੇਹੱਦ ਦੁਖਦਾਈ ਪਲ ਹੁੰਦਾ ਹੈ ਅਤੇ ਇਸ ਦੀ ਪੀੜ ਨੂੰ ਸ਼ਬਦਾਂ ਵਿੱਚ ਬਿਆਨ ਕਰਨਾ ਸੰਭਵ ਨਹੀਂ। ਉਨ੍ਹਾਂ ਕਿਹਾ ਕਿ ਬੀਬੀ ਪਰਮਿੰਦਰ ਕੌਰ ਦਾ ਵਿਛੋੜਾ ਪਰਿਵਾਰ ਲਈ ਨਾ ਪੂਰਾ ਹੋਣ ਵਾਲਾ ਘਾਟਾ ਹੈ। ਬੀਬੀ ਜਸਮੀਤ ਕੌਰ ਛੀਨਾ ਨੇ ਕਿਹਾ ਕਿ ਦੁੱਖ ਦੀ ਇਸ ਔਖੀ ਘੜੀ ਵਿੱਚ ਸਮੁੱਚੀ ਮਿਸਲ ਸਤਲੁਜ ਪਾਰਟੀ ਪਰਿਵਾਰ ਦੇ ਨਾਲ ਖੜ੍ਹੀ ਹੈ।

ਕਿਰਤੀਆਂ ਅਤੇ ਸ਼ਿਲਪਕਾਰਾਂ ਨੂੰ ਭਗਵਾਨ ਵਿਸ਼ਵਕਰਮਾ ਜੀ ਨੇ ਨਵੀਂ ਸੇਧ ਦਿੱਤੀ: ਹਰਜੋਤ ਸਿੰਘ ਬੈਂਸ

ਸ੍ਰੀ ਅਨੰਦਪੁਰ ਸਾਹਿਬ, 13 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਸ੍ਰਿਸ਼ਟੀ ਦੀ ਰਚਨਾ ਅਤੇ ਨਿਰਮਾਣ ਕਾਰਜਾਂ ਵਿੱਚ ਭਗਵਾਨ ਵਿਸ਼ਵਕਰਮਾ ਜੀ ਦਾ ਬਹੁਤ ਵੱਡਾ ਯੋਗਦਾਨ ਹੈ। ਉਨ੍ਹਾਂ ਨੇ ਕਿਰਤੀਆਂ ਅਤੇ ਸ਼ਿਲਪਕਾਰਾਂ ਨੂੰ ਨਵੀਂ ਸੇਧ ਦੇ ਕੇ ਮਿਹਨਤ, ਹੁਨਰ ਅਤੇ ਸਿਰਜਣਾਤਮਕਤਾ ਦੀ ਮਹੱਤਤਾ ਸਮਝਾਈ ਹੈ। ਸ੍ਰੀ ਅਨੰਦਪੁਰ ਸਾਹਿਬ ਦੀ ਪਵਿੱਤਰ ਧਰਤੀ ਦੇ ਵਿਕਾਸ ਵਿੱਚ ਵੀ ਕਿਰਤੀਆਂ ਅਤੇ ਸ਼ਿਲਪਕਾਰਾਂ ਦੀ ਅਹਿਮ ਭੂਮਿਕਾ ਰਹੀ ਹੈ। ਇੱਥੇ ਕਾਰੀਗਰਾਂ ਵੱਲੋਂ ਕਲਾ ਅਤੇ ਸੱਭਿਆਚਾਰ ਦੇ ਜੋ ਬੇਮਿਸਾਲ ਨਮੂਨੇ ਪੇਸ਼ ਕੀਤੇ ਗਏ ਹਨ, ਉਨ੍ਹਾਂ ਦੀ ਦੁਨੀਆ ਭਰ ਵਿੱਚ ਆਪਣੀ ਵਿਸ਼ੇਸ਼ ਪਛਾਣ ਹੈ। ਇਹ ਪ੍ਰਗਟਾਵਾ ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਨੇ ਅੱਜ ਗੰਭੀਰਪੁਰ ਵਿਖੇ ਭਗਵਾਨ ਵਿਸ਼ਵਕਰਮਾ ਦਿਵਸ ਮੌਕੇ ਕਰਵਾਏ ਗਏ ਸਾਲਾਨਾ ਧਾਰਮਿਕ ਸਮਾਗਮ ਅਤੇ ਭੰਡਾਰੇ ਵਿੱਚ ਸ਼ਿਰਕਤ ਕਰਦਿਆਂ ਕੀਤਾ।



ਕੈਬਨਿਟ ਮੰਤਰੀ ਨੇ ਕਿਹਾ ਕਿ ਭਗਵਾਨ ਵਿਸ਼ਵਕਰਮਾ ਜੀ ਦੀ ਕੁੱਲ ਸੰਸਾਰ ਨੂੰ ਬਹੁਤ ਵੱਡੀ ਦੇਣ ਹੈ। ਉਨ੍ਹਾਂ ਨੇ ਕਿਰਤੀ ਵਰਗ ਅਤੇ ਸ਼ਿਲਪਕਾਰਾਂ ਨੂੰ ਨਿਰਮਾਣ ਕਾਰਜਾਂ ਵਿੱਚ ਨਵੀਂ ਤਕਨਾਲੋਜੀ ਅਤੇ ਹੁਨਰ ਅਪਣਾਉਣ ਦੀ ਪ੍ਰੇਰਨਾ ਦਿੱਤੀ। ਇਤਿਹਾਸ ਵਿੱਚ ਉਨ੍ਹਾਂ ਵੱਲੋਂ ਕੀਤੇ ਗਏ ਮਹਾਨ ਕਾਰਜਾਂ ਦਾ ਵਿਸਥਾਰ ਨਾਲ ਜ਼ਿਕਰ ਮਿਲਦਾ ਹੈ। ਉਨ੍ਹਾਂ ਕਿਹਾ ਕਿ ਮਿਹਨਤਕਸ਼ ਲੋਕ ਕਿਸੇ ਵੀ ਸਮਾਜ ਅਤੇ ਦੇਸ਼ ਦੀ ਤਰੱਕੀ ਦੀ ਨੀਂਹ ਹੁੰਦੇ ਹਨ ਅਤੇ ਸਾਨੂੰ ਉਨ੍ਹਾਂ ਦੇ ਯੋਗਦਾਨ ਦਾ ਹਮੇਸ਼ਾ ਸਤਿਕਾਰ ਕਰਨਾ ਚਾਹੀਦਾ ਹੈ।

ਇਸ ਮੌਕੇ ਹਰਜੋਤ ਸਿੰਘ ਬੈਂਸ ਨੇ ਕਿਹਾ ਕਿ ਸ੍ਰੀ ਅਨੰਦਪੁਰ ਸਾਹਿਬ ਦੀ ਪਵਿੱਤਰ ਨਗਰੀ ਦੇ ਸਰਵਪੱਖੀ ਵਿਕਾਸ ਵਿੱਚ ਕੋਈ ਕਸਰ ਬਾਕੀ ਨਹੀਂ ਛੱਡੀ ਜਾਵੇਗੀ।

ਉਨ੍ਹਾਂ ਬਾਬਾ ਵਿਸ਼ਵਕਰਮਾ ਮੰਦਿਰ ਗੰਭੀਰਪੁਰ ਲੋਅਰ ਦੇ ਵਿਕਾਸ ਕਾਰਜਾਂ ਲਈ 50 ਹਜ਼ਾਰ ਰੁਪਏ ਦੀ ਗਰਾਂਟ ਦੇਣ ਦਾ ਐਲਾਨ ਕੀਤਾ। ਉਨ੍ਹਾਂ ਸਮਾਗਮ ਦੇ ਪ੍ਰਬੰਧਕਾਂ ਅਤੇ ਸੰਗਤ ਦਾ ਧੰਨਵਾਦ ਕਰਦਿਆਂ ਕਿਹਾ ਕਿ ਅਜਿਹੇ ਧਾਰਮਿਕ ਸਮਾਗਮ ਸਾਡੀ ਵਿਰਾਸਤ, ਸੱਭਿਆਚਾਰ ਅਤੇ ਆਪਸੀ ਭਾਈਚਾਰਕ ਸਾਂਝ ਨੂੰ ਮਜ਼ਬੂਤ ਕਰਦੇ ਹਨ। ਇਸ ਮੌਕੇ ਪ੍ਰਬੰਧਕਾਂ ਵੱਲੋਂ ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਦਾ ਵਿਸ਼ੇਸ਼ ਸਨਮਾਨ ਵੀ ਕੀਤਾ ਗਿਆ।

ਇਸ ਮੌਕੇ ਸਰਪੰਚ ਮੋਹਨ ਸਿੰਘ ਗੰਭੀਰਪੁਰ, ਮਨਮੋਹਨ ਸਿੰਘ, ਸ਼ਰਨਜੀਤ ਸਿੰਘ, ਰਜਿੰਦਰ ਸਿੰਘ, ਨਵਪ੍ਰੀਤ ਸਿੰਘ ਅਤੇ ਹਰਜਾਪ ਸਿੰਘ ਸਮੇਤ ਹੋਰ ਪਤਵੰਤੇ ਅਤੇ ਇਲਾਕਾ ਨਿਵਾਸੀ ਹਾਜ਼ਰ ਸਨ।

ਬਾਬਾ ਵਿਸ਼ਵਕਰਮਾ ਦਿਵਸ ਮੌਕੇ ਸ਼ਰਧਾ ਤੇ ਉਤਸ਼ਾਹ ਦਾ ਸੰਗਮ, ਵਿਧਾਇਕ ਅਮੋਲਕ ਸਿੰਘ ਵੱਲੋਂ 50 ਹਜ਼ਾਰ ਰੁਪਏ ਦੇਣ ਦਾ ਐਲਾਨ

ਜੈਤੋਂ, 13 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਰਾਮਗੜ੍ਹੀਆ ਸਮਾਜ ਸੁਧਾਰ ਕਮੇਟੀ, ਕੋਟਕਪੂਰਾ ਰੋਡ, ਜੈਤੋ ਵਿਖੇ ਸਥਿਤ ਬਾਬਾ ਵਿਸ਼ਵਕਰਮਾ ਮੰਦਰ ਵਿੱਚ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਕਿਰਤ ਦੇ ਧਨੀ ਬਾਬਾ ਵਿਸ਼ਵਕਰਮਾ ਜੀ ਦਾ ਦਿਹਾੜਾ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਗਿਆ। ਇਸ ਮੌਕੇ ਕਮੇਟੀ ਦੇ ਪ੍ਰਧਾਨ ਜਗਦੀਸ਼ ਸਿੰਘ ਅਤੇ ਸਮੂਹ ਮੈਂਬਰਾਂ ਦੀ ਅਗਵਾਈ ਹੇਠ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ ਅਤੇ ਸਰਬੱਤ ਦੇ ਭਲੇ ਲਈ ਅਰਦਾਸ ਕੀਤੀ ਗਈ। ਸੰਗਤਾਂ ਲਈ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ।



ਸਮਾਗਮ ਵਿੱਚ ਵਿਸ਼ੇਸ਼ ਮਹਿਮਾਨ ਵਜੋਂ ਹਲਕਾ ਜੈਤੋ ਦੇ ਵਿਧਾਇਕ ਅਮੋਲਕ ਸਿੰਘ ਨੇ ਸ਼ਿਰਕਤ ਕਰਦਿਆਂ ਬਾਬਾ ਵਿਸ਼ਵਕਰਮਾ ਜੀ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ। ਇਸ ਮੌਕੇ ਉਨ੍ਹਾਂ ਨੇ ਕਮੇਟੀ ਦੇ ਕਾਰਜਾਂ ਲਈ 50 ਹਜ਼ਾਰ ਰੁਪਏ ਦੀ ਸਹਾਇਤਾ ਦੇਣ ਦਾ ਐਲਾਨ ਕੀਤਾ। ਕਮੇਟੀ ਦੇ ਪ੍ਰਧਾਨ ਜਗਦੀਸ਼ ਸਿੰਘ ਨੇ ਸਮਾਗਮ ਵਿੱਚ ਪਹੁੰਚੇ ਮਹਿਮਾਨਾਂ ਦਾ ਧੰਨਵਾਦ ਕਰਦਿਆਂ ਉਨ੍ਹਾਂ ਨੂੰ ਸਨਮਾਨ ਚਿੰਨ੍ਹ ਭੇਟ ਕਰਕੇ ਸਨਮਾਨਿਤ ਕੀਤਾ ਅਤੇ ਸੰਗਤਾਂ ਨੂੰ ਜੀ ਆਇਆਂ ਆਖਿਆ।

ਮਾਲੇਰਕੋਟਲਾ ਦੀ ਇਤਿਹਾਸਕ ਭਾਈਚਾਰਕ ਸਾਂਝ ਪੂਰੇ ਦੇਸ਼ ਲਈ ਮਿਸਾਲ : ਐਸ.ਐਸ.ਪੀ ਕਮਲਪ੍ਰੀਤ ਸਿੰਘ ਖੱਖ

ਮਲੇਰਕੋਟਲਾ, 13 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਦਿਵਾਲੀ ਅਤੇ ਬੰਦੀ ਛੋੜ ਦਿਵਸ ਦੇ ਪਵਿੱਤਰ ਮੌਕੇ 'ਤੇ ਜ਼ਿਲ੍ਹਾ ਮਾਲੇਰਕੋਟਲਾ ਦੇ ਐਸ.ਐਸ.ਪੀ ਸ੍ਰੀ ਕਮਲਪ੍ਰੀਤ ਸਿੰਘ ਖੱਖ, ਡੀ.ਆਈ.ਸੀ. ਸੰਗਰੂਰ ਅਤੇ ਮਾਲੇਰਕੋਟਲਾ ਦੇ ਚੇਅਰਮੈਨ ਸ੍ਰੀ ਸਾਜੀਵ ਸੂਦ, ਦਸ਼ਮੇਸ਼ ਮਕੈਨੀਕਲ ਵਰਕਸ ਅਮਰਗੜ੍ਹ ਦੇ ਐਮ.ਡੀ. ਸ. ਸਵਰਨਜੀਤ ਸਿੰਘ ਅਤੇ ਸਿਆਮਾ ਅਤਰਜ਼ ਮਾਲੇਰਕੋਟਲਾ ਦੇ ਐਮ.ਡੀ. ਮੁਹੰਮਦ ਮੁਸਲਿਮ ਸਿਆਮਾ ਨੇ ਸਮੂਹ ਇਲਾਕਾ ਨਿਵਾਸੀਆਂ ਨੂੰ ਦਿਲੋਂ ਵਧਾਈਆਂ ਅਤੇ ਸ਼ੁਭਕਾਮਨਾਵਾਂ ਦਿੱਤੀਆਂ ਹਨ।



ਇਸ ਮੌਕੇ ਉਨ੍ਹਾਂ ਕਿਹਾ ਕਿ ਮਾਲੇਰਕੋਟਲਾ ਦੀ ਧਰਤੀ ਹਮੇਸ਼ਾ ਤੋਂ ਹੀ ਆਪਸੀ ਭਾਈਚਾਰਕ ਸਾਂਝ, ਪਿਆਰ, ਸਤਿਕਾਰ ਅਤੇ ਧਾਰਮਿਕ ਸਦਭਾਵਨਾ ਲਈ ਜਾਣੀ ਜਾਂਦੀ ਹੈ। ਇੱਥੇ ਸਾਰੇ ਧਰਮਾਂ ਦੇ ਲੋਕ ਇੱਕ-ਦੂਜੇ ਦੇ ਤਿਉਹਾਰਾਂ ਵਿੱਚ ਸ਼ਾਮਲ ਹੋ ਕੇ ਖੁਸ਼ੀਆਂ ਸਾਂਝੀਆਂ ਕਰਦੇ ਹਨ ਅਤੇ ਮਿਲਜੁਲ ਕੇ ਹਰ ਤਿਉਹਾਰ ਮਨਾਉਂਦੇ ਹਨ। ਇਹ ਆਪਸੀ ਏਕਤਾ ਅਤੇ ਸਾਂਝ ਸਾਡੇ ਸਮਾਜ ਦੀ ਅਸਲ ਤਾਕਤ ਹੈ।

ਉਨ੍ਹਾਂ ਕਿਹਾ ਕਿ ਦਿਵਾਲੀ ਅਤੇ ਬੰਦੀ ਛੋੜ ਦਿਵਸ ਸਾਨੂੰ ਰੌਸ਼ਨੀ, ਆਜ਼ਾਦੀ, ਸੱਚਾਈ, ਨੇਕੀ ਅਤੇ ਆਪਸੀ ਪਿਆਰ ਦਾ ਸੰਦੇਸ਼ ਦਿੰਦੇ ਹਨ। ਮਾਲੇਰਕੋਟਲਾ ਦੀ ਗੰਗਾ-ਜਮੁਨੀ ਤਹਿਜ਼ੀਬ ਅਤੇ ਸਾਰੇ ਧਰਮਾਂ ਦੇ ਲੋਕਾਂ ਵੱਲੋਂ ਇੱਕ-ਦੂਜੇ ਦੇ ਧਾਰਮਿਕ ਸਮਾਗਮਾਂ ਵਿੱਚ ਸ਼ਮੂਲੀਅਤ ਕਰਨਾ ਬਹੁਤ ਹੀ ਮਾਣ ਵਾਲੀ ਗੱਲ ਹੈ। ਇਸ ਭਾਈਚਾਰਕ ਸਾਂਝ ਨੂੰ ਹੋਰ ਮਜ਼ਬੂਤ ਕਰਨਾ ਸਾਡੀ ਸਾਰਿਆਂ ਦੀ ਸਾਂਝੀ ਜ਼ਿੰਮੇਵਾਰੀ ਹੈ।

ਉਨ੍ਹਾਂ ਸਮੂਹ ਇਲਾਕਾ ਨਿਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਇਨ੍ਹਾਂ ਤਿਉਹਾਰਾਂ ਨੂੰ ਆਪਸੀ ਪਿਆਰ, ਸਦਭਾਵਨਾ ਅਤੇ ਸ਼ਾਂਤੀਪੂਰਨ ਮਾਹੌਲ ਵਿੱਚ ਮਨਾਉਣ ਅਤੇ ਸਮਾਜ ਵਿੱਚ ਏਕਤਾ ਤੇ ਭਾਈਚਾਰੇ ਦਾ ਸੰਦੇਸ਼ ਫੈਲਾਉਣ।

ਉਨ੍ਹਾਂ ਸਮੂਹ ਮਾਲੇਰਕੋਟਲਾ ਵਾਸੀਆਂ ਦੇ ਜੀਵਨ ਵਿੱਚ ਖੁਸ਼ਹਾਲੀ, ਤੰਦਰੁਸਤੀ, ਅਮਨ-ਸ਼ਾਂਤੀ ਅਤੇ ਤਰੱਕੀ ਦੀ ਕਾਮਨਾ ਕਰਦਿਆਂ ਇੱਕ ਵਾਰ ਫਿਰ ਦਿਵਾਲੀ ਅਤੇ ਬੰਦੀ ਛੋੜ ਦਿਵਸ ਦੀਆਂ ਮੁਬਾਰਕਾਂ ਦਿੱਤੀਆਂ।

ਪੰਜਾਬ ਵਿੱਚ ਦੀਵਾਲੀ ਵਾਲੇ ਦਿਨ ਪਰਾਲੀ ਸਾੜਨ ਦੀਆਂ 1,152 ਘਟਨਾਵਾਂ ਦਰਜ

ਪਰਾਲੀ ਸਾੜਨ ਦੇ ਕੁੱਲ ਮਾਮਲਿਆਂ ਦੀ ਗਿਣਤੀ ਹੋਈ 4,459 ਤੋਂ ਪਾਰ

ਪਟਿਆਲਾ, 13 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਵਿੱਚ ਦੀਵਾਲੀ ਵਾਲੇ ਦਿਨ ਪਰਾਲੀ ਸਾੜਨ ਦੀਆਂ 1,152 ਘਟਨਾਵਾਂ ਸਾਹਮਣੇ ਆਈਆਂ ਹਨ, ਜੋ ਇਸ ਸੀਜ਼ਨ ਦੌਰਾਨ ਇੱਕ ਦਿਨ ਵਿੱਚ ਦਰਜ ਕੀਤੇ ਗਏ ਅਜਿਹੇ ਮਾਮਲਿਆਂ ਦੀ ਸਭ ਤੋਂ ਵੱਧ ਗਿਣਤੀ ਹੈ। ਅਧਿਕਾਰਤ ਅੰਕੜਿਆਂ ਤੋਂ ਇਹ ਜਾਣਕਾਰੀ ਮਿਲੀ ਹੈ।

ਇਸ ਦੇ ਨਾਲ ਹੀ ਸੂਬੇ ਵਿੱਚ ਪਰਾਲੀ ਸਾੜਨ ਦੀਆਂ ਕੁੱਲ ਘਟਨਾਵਾਂ ਦੀ ਗਿਣਤੀ ਐਤਵਾਰ ਨੂੰ 4,459 ਹੋ ਗਈ ਹੈ। ਅੰਕੜਿਆਂ ਅਨੁਸਾਰ, ਇਸ ਸੀਜ਼ਨ ਵਿੱਚ ਹੁਣ ਤੱਕ ਪਰਾਲੀ ਸਾੜਨ ਦੀਆਂ ਸਭ ਤੋਂ ਵੱਧ 654 ਘਟਨਾਵਾਂ ਤਰਨਤਾਰਨ ਵਿੱਚ ਦਰਜ ਕੀਤੀਆਂ ਗਈਆਂ ਹਨ।



ਤਾਜ਼ਾ ਅੰਕੜਿਆਂ ਤੋਂ ਪਤਾ ਲੱਗਦਾ ਹੈ ਕਿ ਪਰਾਲੀ ਸਾੜਨ ਤੋਂ ਰੋਕਣ ਲਈ ਸਰਕਾਰ ਵੱਲੋਂ ਜਾਰੀ ਹਦਾਇਤਾਂ, ਨਿਯਮਾਂ ਨੂੰ ਲਾਗੂ ਕਰਨ ਲਈ ਚੁੱਕੇ ਗਏ ਕਦਮਾਂ ਅਤੇ ਜੁਰਮਾਨਿਆਂ ਦੇ ਬਾਵਜੂਦ ਇਨ੍ਹਾਂ ਘਟਨਾਵਾਂ ਵਿੱਚ ਕਾਫ਼ੀ ਵਾਧਾ ਹੋਇਆ ਹੈ।

ਖੇਤਾਂ ਵਿੱਚ ਅੱਗ ਲੱਗਣ ਦੀਆਂ ਘਟਨਾਵਾਂ 'ਤੇ ਸਾਲਾਨਾ ਨਿਗਰਾਨੀ ਦਾ ਸਮਾਂ 15 ਸਤੰਬਰ ਤੋਂ ਸ਼ੁਰੂ ਹੁੰਦਾ ਹੈ। ਐਤਵਾਰ ਨੂੰ ਸੰਗਰੂਰ ਵਿੱਚ ਪਰਾਲੀ ਸਾੜਨ ਦੀਆਂ ਸਭ ਤੋਂ ਵੱਧ 194 ਘਟਨਾਵਾਂ ਦਰਜ ਕੀਤੀਆਂ ਗਈਆਂ, ਜਿਸ ਨਾਲ ਇਸ ਸੀਜ਼ਨ ਵਿੱਚ ਜ਼ਿਲ੍ਹੇ ਅੰਦਰ ਅਜਿਹੀਆਂ ਘਟਨਾਵਾਂ ਦੀ ਕੁੱਲ ਗਿਣਤੀ ਵਧ ਕੇ 488 ਹੋ ਗਈ ਹੈ। ਉੱਥੇ ਹੀ ਫਿਰੋਜ਼ਪੁਰ ਵਿੱਚ 157 ਨਵੀਆਂ ਘਟਨਾਵਾਂ ਦਰਜ ਹੋਣ ਨਾਲ ਕੁੱਲ ਗਿਣਤੀ 592 ਅਤੇ ਬਠਿੰਡਾ ਵਿੱਚ 132 ਨਵੇਂ ਮਾਮਲੇ ਸਾਹਮਣੇ ਆਉਣ ਨਾਲ ਕੁੱਲ ਗਿਣਤੀ 406 ਹੋ ਗਈ ਹੈ।

ਪਟਿਆਲਾ ਵਿੱਚ ਪਰਾਲੀ ਸਾੜਨ ਦੇ 92 ਨਵੇਂ ਮਾਮਲੇ ਦਰਜ ਕੀਤੇ ਗਏ, ਜਿਸ ਨਾਲ ਜ਼ਿਲ੍ਹੇ ਵਿੱਚ ਇਸ ਸੀਜ਼ਨ ਦੀਆਂ ਅਜਿਹੀਆਂ ਘਟਨਾਵਾਂ ਦੀ ਕੁੱਲ ਗਿਣਤੀ ਵਧ ਕੇ 288 ਹੋ ਗਈ ਹੈ। ਇਸ ਤੋਂ ਇਲਾਵਾ ਬਰਨਾਲਾ ਵਿੱਚ 91 ਅਤੇ ਲੁਧਿਆਣਾ ਵਿੱਚ 71 ਨਵੀਆਂ ਘਟਨਾਵਾਂ ਦਰਜ ਕੀਤੀਆਂ ਗਈਆਂ।

ਅੰਕੜਿਆਂ ਅਨੁਸਾਰ, ਕਾਰਵਾਈ ਕਰਨ ਵਾਲੀਆਂ ਏਜੰਸੀਆਂ ਨੇ ਪਰਾਲੀ ਸਾੜਨ ਵਾਲੇ ਕਿਸਾਨਾਂ ਖਿਲਾਫ਼ ਭਾਰਤੀ ਨਿਆਂ ਸੰਹਿਤਾ (BNS) ਦੀ ਧਾਰਾ 223 (ਸਰਕਾਰੀ ਮੁਲਾਜ਼ਮ ਵੱਲੋਂ ਜਾਰੀ ਹੁਕਮਾਂ ਦੀ ਉਲੰਘਣਾ) ਤਹਿਤ ਐਤਵਾਰ ਤੱਕ 884 ਐੱਫ ਆਈ ਆਰ ਦਰਜ ਕੀਤੀਆਂ ਸਨ। ਪਰਾਲੀ ਸਾੜਨ ਦੇ 1,228 ਮਾਮਲਿਆਂ ਵਿੱਚ ਵਾਤਾਵਰਣ ਮੁਆਵਜ਼ੇ ਵਜੋਂ ਕੁੱਲ 62 ਲੱਖ ਰੁਪਏ ਤੋਂ ਵੱਧ ਦਾ ਜੁਰਮਾਨਾ ਲਗਾਇਆ ਗਿਆ ਹੈ, ਜਿਸ ਵਿੱਚੋਂ 32 ਲੱਖ ਰੁਪਏ ਤੋਂ ਵੱਧ ਦੀ ਵਸੂਲੀ ਕੀਤੀ ਜਾ ਚੁੱਕੀ ਹੈ।

ਹਾਲ ਹੀ ਵਿੱਚ ਹਵਾ ਗੁਣਵੱਤਾ ਪ੍ਰਬੰਧਨ ਕਮਿਸ਼ਨ (CAQM) ਨੇ ਪੰਜਾਬ ਵਿੱਚ ਪਰਾਲੀ ਸਾੜਨ ਦੀਆਂ ਘਟਨਾਵਾਂ ਦੀ 'ਬਹੁਤ ਜ਼ਿਆਦਾ' ਗਿਣਤੀ ਦਾ ਗੰਭੀਰ ਨੋਟਿਸ ਲੈਂਦਿਆਂ 12 ਜ਼ਿਲ੍ਹਿਆਂ ਦੇ ਸੀਨੀਅਰ ਪ੍ਰਸ਼ਾਸਨਿਕ ਅਤੇ ਪੁਲੀਸ ਅਧਿਕਾਰੀਆਂ ਨਾਲ ਮੀਟਿੰਗ ਕੀਤੀ ਸੀ। ਇਸ ਮੀਟਿੰਗ ਵਿੱਚ ਪਰਾਲੀ ਸਾੜਨ ਤੋਂ ਰੋਕਣ ਲਈ ਚੁੱਕੇ ਜਾ ਰਹੇ ਕਦਮਾਂ ਦੀ ਸਮੀਖਿਆ ਕੀਤੀ ਗਈ।

ਕਮਿਸ਼ਨ ਨੇ ਨਿਗਰਾਨੀ ਰੱਖਣ ਅਤੇ ਨਿਯਮਾਂ ਨੂੰ ਲਾਗੂ ਕਰਵਾਉਣ ਦੀ ਮੁਹਿੰਮ ਵਿੱਚ ਤੇਜ਼ੀ ਲਿਆਉਣ ਦੇ ਨਿਰਦੇਸ਼ ਦਿੱਤੇ ਹਨ। ਕਮਿਸ਼ਨ ਨੇ ਇਹ ਵੀ ਹਦਾਇਤ ਕੀਤੀ ਹੈ ਕਿ ਨਿਗਰਾਨੀ ਵਿੱਚ ਕਮੀ ਅਤੇ ਪਰਾਲੀ ਸਾੜਨ ਦੀਆਂ ਘਟਨਾਵਾਂ ਨੂੰ ਰੋਕਣ ਵਿੱਚ ਅਸਫ਼ਲ ਰਹਿਣ 'ਤੇ ਨੋਡਲ ਅਧਿਕਾਰੀਆਂ ਦੀ ਜਵਾਬਦੇਹੀ ਤੈਅ ਕੀਤੀ ਜਾਵੇ।

ਕਹਾਣੀ

ਬਚਨ ਕੇ ਬਲੀ

-ਸੰਤ ਮੋਹਰ ਸਿੰਘ

"ਅਮਲੀ ਕੇਹਰਾ ਖਾਸਾ ਢਿੱਲਾ ਆ। ਓਨੂੰ ਦੇਖ ਈ ਆਈਂ ਤੇਰਾ ਤਾਂ ਦੋਸਤ ਆ'' ਮੈਨੂੰ ਕਾਲਜੋਂ ਆਉਂਦਿਆਂ ਰਾਹ ਵਿਚ ਤਾਏ ਹਰਨਾਮੇ ਨੇ ਦੱਸਿਆ। ਮੈਂ ਕਈ ਦਿਨਾਂ ਤੋਂ ਪੇਪਰਾਂ ਕਾਰਨ ਕਿਧਰੇ ਬਾਹਰ ਨਹੀਂ ਸਾਂ ਨਿਕਲ ਸਕਿਆ। ਇਸ ਲਈ ਮੈਨੂੰ ਪਿੰਡ ਦੀ ਕੋਈ ਖਬਰ ਸਾਰ ਨਹੀਂ ਸੀ। ਮੈਨੂੰ ਕਿਹਰ ਸਿੰਘ ਦੀ ਬਿਮਾਰੀ ਬਾਰੇ ਸੁਣ ਕੇ ਹੈਰਾਨੀ ਹੋਈ। ਕੁਝ ਦਿਨ ਹੋਏ ਤਾਂ ਉਹ ਚੰਗਾ ਭਲਾ ਸੀ। ਹੁਣ ਢਿੱਲਾ ਕਿਵੇਂ ਹੋ ਗਿਆ?

ਪਿੰਡ ਵਿਚ ਉਸਨੂੰ ਸਾਰੇ ਲੋਕ ਹੀ ਨਫ਼ਰਤ ਕਰਦੇ ਸਨ। ਉਸਦੇ ਮੇਲੀ-ਗੇਲੀ ਅਮਲੀ ਭਰਾ ਤੇ ਸ਼ਾਇਦ ਇਕ ਮੈਂ ਉਸਨੂੰ ਪਿਆਰ ਕਰਨ ਵਾਲਾ ਸਾਂ। ਉਹ ਖਾਨਦਾਨੀ ਸਰਦਾਰ ਸੀ ਪਰ ਅਫੀਮ ਤੇ ਹੋਰ ਵਿਸ਼ੇ ਵਿਕਾਰਾਂ ਕਾਰਨ ਉਸਦੇ ਹਿੱਸੇ ਦੀ ਦੋ ਮਰਬੇ ਜ਼ਮੀਨ ਗਹਿਣੇ ਪੈ ਚੁੱਕੀ ਸੀ, ਜਿਸ ਕਾਰਨ ਉਹ ਸਰਦਾਰ ਕਿਹਰ ਸਿੰਘ ਤੋਂ ਮੇਹਰਾ ਅਮਲੀ ਬਣ ਕੇ ਰਹਿ ਗਿਆ।

ਕਿਹਰ ਸਿੰਘ ਛੇ ਫੁੱਟਾ ਜਵਾਨ ਸੀ। ਭਰਮਾ ਸਰੀਰ ਤੇ ਖੁਲ੍ਹਾ-ਡੁੱਲ੍ਹਾ ਕੁਰਤੇ ਤੇ ਪਜ਼ਾਮੇ ਉਸਨੂੰ ਹੋਰ ਵੀ ਦਰਸ਼ਨੀ ਬਣਾਉਂਦੇ ਸਨ। ਦਾੜ੍ਹੀ ਡਾਕੂਆਂ ਵਰਗੀ ਰੱਖੀ ਹੋਈ ਸੀ ਪਰ ਤੰਗਦਸਤੀ ਨੇ, ਉਮਰ ਨੇ, ਚਿੰਤਾ ਨੇ, ਉਹਦੇ ਮੂੰਹ 'ਤੇ ਕਮਜ਼ੋਰੀ ਤੇ ਬੁਢਾਪੇ ਦੀ ਮੋਹਰ ਲਗਾ ਦਿੱਤੀ ਸੀ। ਭਾਵੇਂ ਉਹ ਕਲਫ ਲਾ ਕੇ ਉਸਨੂੰ ਮਿਟਾਉਣ ਦੀ ਕੋਸ਼ਿਸ਼ ਕਰ ਰਿਹਾ ਸੀ ਪਰ ਹਕੀਕਤ ਤੋਂ ਤਾਂ ਇਨਕਾਰ ਨਹੀਂ ਨਾ ਕੀਤਾ ਜਾ ਸਕਦਾ।

ਮੈਨੂੰ ਜਦੋਂ ਵੀ ਵਿਹਲ ਮਿਲਦੀ ਮੈਂ ਕਿਹਰ ਸਿੰਘ ਪਾਸ ਜਾ ਬੈਠਦਾ। ਮੈਨੂੰ ਉਸਦੀਆਂ ਗੱਲਾਂ ਬੜੀਆਂ ਹੀ ਪਿਆਰੀਆਂ ਲੱਗਦੀਆਂ ਸਨ। ਉਹ ਮੈਨੂੰ ਆਖਦਾ, "ਓਇ ਪਾੜ੍ਹਿਆ। ਮੇਰੀ ਗੱਲ ਮਨ। ਸੋਲਾਂ ਜਮਾਤਾਂ ਪੜ੍ਹ ਕੇ ਹੀ ਸਾਹ ਲਈਂ। ਕੋਈ ਸਾਲਾ ਪਿੰਡ ਦਾ ਮੁੰਡਾ ਐਨਾ ਨਹੀਂ ਪੜ੍ਹਿਆ। ਫਿਰ ਉਹ ਆਪਣੇ ਲਈ ਪੋਸਤ ਵਾਲੀ ਚਾਹ ਬਣਾਉਂਦਾ ਤੇ ਬਾਅਦ ਵਿਚ ਮੇਰੇ ਲਈ ਪਤੀਲਾ ਸਾਫ਼ ਕਰਕੇ ਮੇਰੇ ਲਈ ਚਾਹ ਧਰ ਦਿੰਦਾ ਤੇ ਆਖਦਾ, "ਪੁੱਤ ਨਸ਼ਾ ਬੜੀ ਮਾੜੀ ਬਿਮਾਰੀ ਹੈ। ਸਾਲਾ ਕੱਚਾ ਕੋੜ ਵੀਆ। ਕਦੇ ਵੀ ਨਸ਼ਾ ਨਾ ਕਰੀਂ। ਅਸੀਂ ਤਾਂ ਸਾਲੇ ਦੀਨੇ ਨੇ ਮਾਰਤੇ।" ..ਤੇ ਜਦੋਂ ਵੀ ਮੈਂ ਉਸ ਪਾਸ ਜਾਂਦਾ ਉਹ ਇਹ ਨਸੀਹਤ ਕਰਦਾ ਕਿ ਨਸ਼ਾ ਕਦੇ ਨਾ ਕਰੀਂ। ਕਦੇ-ਕਦੇ ਲੋਰ ਵਿਚ ਆਇਆ ਹੁੰਦਾ ਤਾਂ ਆਪਣੇ ਲਾਹੌਰ ਦੇ ਦੌਰਿਆਂ ਬਾਰੇ ਗੱਲਾਂ ਛੇੜ ਬਹਿੰਦਾ। "ਪੱਤਰਾਂ ਮੈਂ ਤੇ ਦੀਨਾ, ਸਾਲੇ ਦਾ ਬੇੜਾ ਗਰਕ ਹੋਵੇ, ਦੋਵੇਂ ਹੀ ਇੱਥੋਂ ਲਾਹੌਰ ਨੂੰ ਜਾਂਦੇ ਹਨ। ਪੂਰੀ ਟੌਹਰ ਕੱਢ ਕੇ, ਜਾ ਕੇ ਫੀਮ ਲੈ ਕੇ ਟੀਰੇ ਰਹਿਮਤੇ ਦੀ ਦੁਕਾਨ ਤੋਂ ਚਾਹ ਬਣਵਾ ਕੇ ਮਾਵਾ ਛੱਕਦੇ ਤੇ ਫਿਰ ਕੰਡੇ ਹੋ ਕੇ ਹੀਰਾ ਮੰਡੀ ਜਾਂਦੇ। ਕਿਆ ਬਾਤਾਂ ਨੇ ਉੱਥੇ ਦੀ ਰੌਣਕ ਦੀਆਂ। ਰਾਤਾਂ ਨੂੰ ਲਟੂਆਂ ਨਾਲ ਦਿਨ ਚੜ੍ਹਿਆ ਹੁੰਦਾ। ਚੁਬਾਰਿਆਂ ਵਿਚ ਸੱਜੀ ਬੈਠੀਆ ਰੰਨਾਂ ਪਰੀਆ ਲੱਗਦੀਆਂ। ਅਸੀਂ ਬਾਜ਼ਾਰ ਵਿਚ ਪੰਜ-ਚਾਰ ਗੇੜੇ ਮਾਰਦੇ। ਦੱਲੇ ਮਗਰ-ਮਗਰ ਤਰਲੇ ਕਰਦੇ ਫਿਰਦੇ ਤੇ ਰਾਤ ਨੂੰ ਸੌ ਰੁਪਏ ਗਾਲ ਸਵੇਰੇ ਭੱਭੜਾ ਜਿਹਾ ਮੂੰਹ ਬਣਾ ਕੇ ਲੱਤਾ ਘਸੀਟਦੇ ਵਾਪਸ ਆ ਜਾਂਦੇ।"

"ਪੁੱਤਰ ਆਖੇਂਗਾ ਸਾਲਾ ਤਾਇਆ ਕੈਸੀਆਂ ਗਲਾਂ ਕਰਦਾ ਏ। ਸੌ ਗਾਲਾਂ ਲੀਡਰਾਂ ਨੂੰ ਕੱਢੀਆਂ ਜਿਨ੍ਹਾਂ ਨੇ ਪਾਕਿਸਤਾਨ ਬਣਾ ਕੇ ਹੀ ਜਾਨ ਸਿਹਾ ਲਿਆ।

ਜਦੋਂ ਉਸਦਾ ਹੱਥ ਤੰਗ ਹੁੰਦਾ ਤਾਂ ਉਹ ਦੀਨੇ ਅਮਲੀ ਨੂੰ ਮੰਦਾ ਚੰਗਾ ਆਖਦਾ ਤੇ ਦੁੱਖੀ ਹੋ ਕੇ ਆਪਣੀ ਬੀਤ ਗਈ ਜ਼ਿੰਦਗੀ ਦੇ ਕਿੱਸੇ ਛੇੜ ਬਹਿੰਦਾ। ਆਖਦਾ, "ਪੁੱਤਰਾਂ ਮੈਨੂੰ ਤਾਂ ਕੰਨ ਰੱਸ ਨੇ ਮਾਰ ਲਿਆ। ਮੈਂ ਦੀਨੇ ਪਾਸ ਜਾ ਬੈਠਦਾ। ਉਹ ਸਾਲਾ ਗਾਲ੍ਹੜੀ ਬੜਾ ਸੀ। ਉਸਨੇ ਆਪਣੇ ਕੋਲੋਂ ਨਸ਼ਾ ਪਾਣੀ ਦੇਣਾ ਤੇ ਕਹਿਣਾ ਖਾ ਲੈ, ਚੰਗਾ ਰਹੇਂਗਾ। ਜਿਹੜੇ ਅਮਲ ਨਹੀਂ ਕਰਦੇ ਉਨ੍ਹਾਂ ਬਾਰੇ ਗੁਰਾਂ ਨੇ ਲਿਖਿਆ ਹੈ:

"ਜਿੰਨਾ ਭੰਗ ਨਾ ਪੀਤੀ,
ਫੀਮ ਨਾ ਲਾਇਓ ਹੇਤ
ਆਪ ਨਰਕ ਨੂੰ ਜਾਣਗੇ
ਇੱਕੀ ਕੁਲਾਂ ਸਮੇਤ"

ਅਸੀਂ ਆਪਣੀਆਂ ਨਿੱਕੀਆਂ ਕੁੱਲਾਂ ਨੂੰ ਨਰਮ ਤੋਂ ਬਚਾਉਣ ਲੱਗੇ ਆਪ ਹੀ ਨਰਕ ਵਿਚ ਜਾ ਪਏ। ਤੈਨੂੰ ਇੱਕ ਗੱਲ ਹੋਰ ਸੁਣਾਵਾਂ, ਇੱਕ ਰਾਤ ਮੈਂ 'ਕੱਲਾ ਹੀ ਲਾਹੌਰ ਜਾ ਵੜਿਆ ਇੱਕ ਚੁਬਾਰੇ ਵਿਚ। ਉਥੇ ਵੀਹ-ਬਾਈ ਵਰ੍ਹਿਆਂ ਦੀ ਜਵਾਨ ਤੀਵੀਂ ਬੈਠੀ ਸੀ ਜਿਸਦਾ ਨਾ ਸੀ ਹੁਸਨ ਬਾਨੋ। ਮੈਨੂੰ ਦੇਖਦਿਆਂ ਲੱਗਾ ਕਿ ਇਹ ਤਾਂ ਮੇਰੀ ਜਨਮਾਂ ਦੀ



ਵਾਕਫ਼ ਹੈ। ਉਹ ਵੀ ਦੇਖ ਕੇ ਮੋਹੀ ਜਿਹੀ ਗਈ। ਅਸੀਂ ਸਾਰੀ ਰਾਤ ਗੱਲਾਂ ਕਰਦੇ ਰਹੇ। ਸਵੇਰੇ ਮੈਂ ਉਸਨੂੰ ਪੈਸੇ ਪੁੱਛੇ ਤੇ ਆਖਣ ਲੱਗੀ, "ਆਪਣਿਆਂ ਤੋਂ ਕਾਹਦੇ ਪੈਸੇ ਤੇ ਫਿਰ ਮੈਂ ਜਿੰਨੀ ਵਾਰੀ ਲਾਹੌਰ ਗਿਆ ਉਸਨੇ ਸੌਂ ਰੱਬ ਦੀ ਇੱਕ ਧੇਲਾ ਵੀ ਨਹੀਂ ਲਿਆ। ਪਾਕਿਸਤਾਨ ਬਣ ਗਿਆ। ਅਸੀਂ ਵਿਛੜ ਗਏ। ਮੈਨੂੰ ਕਈ ਵਾਰੀ ਲੱਗਦਾ ਹੈ ਕਿ ਉਹ ਤਾਂ ਮੇਰੀ ਘਰਵਾਲੀ ਸੀ। ਬੜਾ ਪਿਆਰ ਕਰਦੀ ਸੀ। ਹੁਣ ਵੀ ਮਨ ਭਰ ਆਉਂਦਾ ਏ।" ..ਤੇ ਤਾਏ ਦੀਆਂ ਅੱਖਾਂ ਭਰ ਆਈਆਂ ਉਨ੍ਹਾਂ ਸੌਂ-ਸਾਲੀ ਬੜੀ ਕੋਸ਼ਿਸ਼ ਕੀਤੀ। "ਨਸ਼ਾ ਛੱਡਿਆ ਹੀ ਨਹੀਂ ਜਾਂਦਾ।'' ਫਿਰ ਪਛਤਾਵੇ ਕਾਰਨ ਉਹਦੇ ਚਿਹਰੇ ਦੇ ਅੰਤਾਂ ਦੀ ਉਦਾਸੀ ਛਾ ਜਾਂਦੀ।

ਮੈਂ ਕਿਤਾਬਾਂ ਘਰ ਰੱਖ ਕੇ ਤਾਏ ਵੱਲ ਚੱਲ ਪਿਆ। ਪੁੱਜਾ ਤਾਂ ਦੇਖਿਆ ਕਿ ਉਹਦੀ ਕਾਫੀ ਬੁਰੀ ਹਾਲਤ ਸੀ। ਉਹਦੇ ਪਾਸ ਅਮਲੀ ਭਰਾ ਪੁੱਜੇ ਹੋਏ ਸਨ ਤੇ ਦੇਖ ਭਾਲ ਕਰ ਰਹੇ ਸਨ। ਸਾਰੇ ਜ਼ੋਰ ਦੇ ਰਹੇ ਸਨ ਕੀ ਇੱਕ ਦਮ ਨਸ਼ਾ ਨਹੀਂ ਛੱਡ ਹੁੰਦਾ। ਹੌਲੀ-ਹੌਲੀ ਛੱਡ ਦੇਈਂ। ਅਮਲੀ ਤਾਰਾ ਕਾਣਾ ਕਹਿ ਰਿਹਾ ਸੀ ਇਹ ਵੀ ਕੀ ਹੋਇਆ ਕਿ ਇੱਕ ਦਿਨ ਵਿਚ ਹੀ ਫੀਮ ਛੱਡਣੀ ਆਂਉਂ ਕੰਜਰਿਆ ਭੋਰਾ ਕੁ ਲੈ ਲਾ ਠੀਕ ਹੋ ਜਾਵੇਗਾ ਤੇ ਜੇ ਇਉਂ ਅੜਿਆ ਰਿਹਾ ਤਾਂ ਕਿਧਰੇ ਰੱਬ ਦੇ ਘਰ ਹੀ ਨਾ ਜਾਣਾ ਪੈ ਜਾਏ। "ਪਰ ਤਾਏ ਨੇ ਇੱਕੋ ਨੰਨਾ ਫੜਿਆ ਹੋਇਆ ਸੀ। ਮੈਨੂੰ ਉਸਦੀ ਗੰਭੀਰ ਹਾਲਤ ਨੇ ਕਾਫੀ ਉਦਾਸ ਕਰ ਦਿੱਤਾ ਉਹ ਮਰਨ ਕਿਨਾਰੇ ਸੀ। ਸ਼ਾਮ ਪੈ ਗਈ ਸਾਰੇ ਹੌਲੀ-ਹੌਲੀ ਤੁਰਦੇ ਬਣੇ। ਮੈਂ ਲਾਲਟੈਨ ਜਗਾਈ ਤੇ ਤਾਏ ਪਾਸ ਬੈਠ ਕੇ ਪੁੱਛਿਆ, "ਤਾਇਆ! ਕੀ ਹੋ ਗਿਆ ਨਸ਼ਾ ਇੱਕ ਦਮ ਛੱਡ ਦਿੱਤਾ।"

ਤਾਏ ਨੇ ਬੜੇ ਔਖੇ ਹੋ ਕੇ ਪਾਸਾ ਲਿਆ ਤੇ ਆਖਣ ਲੱਗਾ "ਪੁੱਤ ਇਹ ਸਾਲਾ ਨਸ਼ਾ ਬੜੀ ਮਾੜੀ ਸ਼ੈਅ ਆ। ਇਸਦੇ ਪਿੱਛੇ ਆਦਮੀ ਭੈਣ ਦੇਣਾ ਆਣੀ ਇੱਜ਼ਤ ਵੀ ਵੇਚਣੋ ਨਹੀਂ ਝਿਜਕਦਾ।" ਫਿਰ ਹੌਲੀ ਜਿਹੀ ਪਾਸਾ ਲੈ ਕੇ ਆਖਣ ਲੱਗਾ "ਗੱਲ ਅਸਲ ਵਿਚ ਹੋਈ ਆ ਕਿ ਘੋਨਾ ਘੁਮਾਰ ਆਨਾ। ਆਪਣੇ ਅਹੁਦੇ ਨਾਲ ਵਾਹ-ਵਾਹ ਸਾਂਝ ਆ। ਕਦੇ ਕਦੇ ਟੌਖੇ ਵੇਲੇ ਮੈਥੋਂ ਭੋਰਾ ਫੀਮ ਮੰਗ ਲੈਂਦਾ। ਉਹਨੇ ਸ਼ਾਲੇ ਨੇ ਬੇਸ਼ਰਮੀ ਦੀ ਹੱਦ ਹੀ ਕਰਤੀ। ਅੱਜ! ਦਿਨੇ ਆਪਣੀ ਵੱਡੀ ਕੁੜੀ ਮੰਗੋ ਇੱਥੇ ਭੇਜੀ ਜਾਹ ਤਾਏ ਤੋਂ ਫੀਮ ਮੰਗ ਲਿਆ। ਤੈਨੂੰ ਪਤਾ ਆਪਣੇ ਕੋਲ ਵੀਹ ਕੁੱਤੇ ਮਲੰਗ ਆਏ ਰਹਿੰਦੇ ਆ। ਮੈਨੂੰ ਸਾਲੇ ਘੋਨੇ ਤੇ ਬੜਾ ਹੀ ਗੁੱਸਾ ਆਇਆ ਕਿ ਸਾਲਿਆ ਲੰਡੇ ਦਿਆ ਆਪ ਆ ਕੇ ਮਰ। ਕੁੜੀ ਕਾਹਨੂੰ ਭੇਜੀ ਆ। ਮੈਂ ਗੁੱਸੇ ਵਿਚ ਬਕੜਵਾਹ ਮਾਰੀ ਤੇ ਕੁੜੀ ਨੂੰ ਆਖਿਆ "ਉਹ ਨੂੰ ਕੰਜਰ ਦੇ ਨੂੰ ਕਹੀਂ ਤਾਇਆ ਕਹਿੰਦਾ ਸੀ ਪਹਿਲਾਂ ਆਪਣੀ ਕੁੜੀ ਨੂੰ ਮੇਰੇ ਪਾਸ ਰਾਤ ਕੱਟਣ ਲਈ ਭੇਜ।"

ਕੁਝ ਚਿਰ ਪਿੱਛੋਂ ਕੁੜੀ ਆ ਗਈ ਤੇ ਨੀਵੀਂ ਪਾ ਕੇ ਖੜੋਤੀ ਰੋਣਹਾਕੀ ਹੋ ਕੇ ਕਹਿਣ ਲੱਗੀ, "ਤਾਇਆ ਬਾਪੂ ਕਹਿੰਦਾ ਆ ਕਿ ਤੂੰ ਤਾਏ ਪਾਸ ਰਾਤ ਕੱਟ ਆ ਤੇਰਾ ਕਿਹੜਾ ਕੁਝ ਘੱਸ ਜਾਣਾ ਆ ਪਰ ਫੀਮ ਜ਼ਰੂਰ ਲਿਆ ਦੇ।"

"ਪੁੱਤ ਮੈਨੂੰ ਲੱਗਾ ਜਿਵੇਂ ਮੇਰੇ ਕਿਸੇ ਨੇ ਬਰਛਾ ਮਾਰਿਆ ਹੋਵੇ। ਮੈਂ ਕਿਹਾ ਧੀਏ ਆ ਲੈ ਸਾਰੀ ਫੀਮ ਲੈ ਜਾ। ਆਪਣੇ ਬਾਪੂ ਨੂੰ ਦੇ ਦੇਂਵੀ।"

"ਬੱਸ ਪੁੱਤ ਸੋਚ ਲਿਆ ਐਸੇ ਨਸ਼ੇ ਖਾ ਕੇ ਜੀਣ ਨਾਲੋਂ ਤਾਂ ਮਰਨਾ ਚੰਗਾ ਹੈ। ਬੰਦਾ ਨਸ਼ੇ ਪਿੱਛੇ ਕਿੰਨਾ ਕਮੀਨਾ ਹੋ ਜਾਂਦਾ ਹੈ। ਹੁਣ ਤਾਂ ਰੱਬ ਆਸਰੇ ਆਂ ਗੁਰੂ ਭਲੀ ਕਰੂ। ਆਪਣੇ ਕਰਮਾਂ ਦੀ ਸਜ਼ਾ ਭੁਗਤਾਂਗੇ।" ਮੈਂ ਸੁੰਨ ਹੋਇਆ ਸਾਰੀ ਗੱਲ ਸੁਣਦਾ ਰਿਹਾ। ਰਾਤ ਕਾਫ਼ੀ ਬੀਤ ਗਈ ਸੀ। ਤਾਏ ਨੇ ਬਦੋ-ਬੱਦੀ ਮੈਨੂੰ ਘਰ ਭੇਜ ਦਿੱਤਾ। ਸਵੇਰੇ ਉਠਦਿਆਂ ਹੀ ਮੈਂ ਤਾਏ ਦੇ ਘਰ ਖਬਰ ਲੈਣ ਲਈ ਪੁੱਜਾ। ਅਮਲੀ ਇੱਕਠੇ ਹੋਏ ਫੂੜ੍ਹੀ ਵਿਛਾਈ ਅਫਸੋਸ ਕਰ ਰਹੇ ਸਨ। ਤਾਇਆ ਬੜਾ ਹੀ ਸ਼ਾਂਤ ਤੇ ਸੰਤੁਸ਼ਟ ਮਾਂਹ ਮਾਨਵਾਂ ਵਾਂਗ ਸਦਾ ਦੀ ਨੀਂਦ ਸੁੱਤਾ ਪਿਆ ਸੀ।

ਪ੍ਰੀਤਮ

"ਸਰਦਾਰ ਜੀ ਮੈਂ ਪ੍ਰੀਤਮ ਨੂੰ ਕਈ ਕਈ ਆਵਾਜ਼ਾਂ ਮਾਰਦੀ ਹਾਂ ਤਾਂ ਕਿਧਰੇ ਜਾ ਕੇ ਇਹ ਹੁੰਗਾਰਾ ਦਿੰਦਾ ਏ। ਬਸ ਬਾਂਦਰਾ ਵਾਗੂੰ ਮੇਰੀ ਆਵਾਜ਼ ਸੁਣ ਕੇ ਬਾਹਰ ਨੂੰ ਝਾਕੀ ਜਾਂਦੈ ਜਾਂ ਨੀਵੀਂ ਪਾਈ ਬੈਠਾ ਰਹਿੰਦੈ। ਜੇਕਰ ਤੁਸੀਂ ਇਸ ਨੂੰ ਕੁਝ ਨਹੀਂ ਕਹਿਣਾ ਜਾਂ ਕੋਈ ਐਕਸ਼ਨ ਨਹੀਂ ਲੈਣਾ ਤਾਂ ਮੈਨੂੰ ਹੋਰ ਕਿਸੇ ਬ੍ਰਾਂਚ ਵਿਚ ਬਦਲ ਦਿਓ" ਅੱਜ ਨਰਿੰਦਰ ਬੜੀ ਦੁੱਖੀ ਹੋਈ ਆਖ ਰਹੀ ਸੀ।

ਅਸਲ ਵਿਚ ਪ੍ਰੀਤਮ ਬਾਰੇ ਇਹ ਸ਼ਿਕਾਇਤ ਆਮ ਸੀ। ਮੈਂ ਉਸਨੂੰ ਬੁਲਾਉਂਦਾ ਤੇ ਝਾੜਦਾ। ਉਹ ਬੜੀ ਅਧੀਨਗੀ ਨਾਲ ਬੇਨਤੀ ਕਰਦਾ ਆਖਦਾ :

"ਸਰਦਾਰ ਜੀ ਮੈਥੋਂ ਗਲਤੀ ਹੋ ਗਈ ਹੈ। ਮੈਂ ਕਿਧਰੇ ਹੋਰ ਵੀ ਗੁੰਮਿਆਂ ਹੋਇਆ ਸਾਂ। ਮੇਰਾ ਧਿਆਨ ਹੋਰ ਕਿਧਰੇ ਸੀ।" ਤੇ ਉਹ ਮੇਰੇ ਪੈਰੀਂ ਪੈ ਜਾਂਦਾ।

ਮੈਂ ਚੁੱਪ ਕਰ ਜਾਂਦਾ। ਪ੍ਰੀਤਮ ਮੇਰੀ ਬ੍ਰਾਂਚ ਦਾ ਚਪੜਾਸੀ ਹੈ। ਕੱਦ ਮਸਾਂ ਸਾਢੇ ਚਾਰ ਫੁੱਟ ਹੋਣਾ ਹੈ। ਸਰੀਰ ਬੜਾ ਮਾੜਾ ਜਿਹਾ ਤੇ ਰੰਗ ਤਵੇ ਦਾ ਦੂਜਾ ਪਾਸਾ।

ਰੋਜ਼ ਸਵੇਰੇ ਭੰਗ ਦੇ ਗੱਫੇ ਲਾ ਕੇ ਦਫਤਰ ਆਉਂਦਾ ਤੇ ਸਾਰਾ ਦਿਨ ਗੱਲਾਂ ਮਾਰਦਾ ਰਹਿੰਦਾ। ਆਪਣੇ ਜਵਾਨੀ ਦੇ ਦਿਨਾਂ ਦੀਆਂ, ਆਪਣੇ ਪਾਕਿਸਤਾਨ ਵਿਚ ਰਹਿ ਗਏ ਵੱਡੇ ਸਾਰੇ ਮਕਾਨ ਦੀਆਂ ਹੀਰਾ ਮੰਡੀ ਦੀਆਂ ਕੰਜਰੀਆਂ ਦੀਆਂ ਤੇ ਹੋਰ ਪਤਾ ਨਹੀਂ ਕਿੰਨੀਆਂ ਹੀ।

ਕਈ ਵਾਰ ਉਹ ਮੇਰੀ ਕੋਠੀ ਆ ਕੇ ਵਿਹੜੇ ਦਾ ਸਾਰਾ ਘਰ ਫੂਸ ਸਾਫ ਕਰ ਦਿੰਦਾ ਤੇ ਫੁੱਲ ਆਦਿ ਬੀਜ ਜਾਂਦਾ। ਉਹ ਦਫਤਰ ਦੇ ਹੋਰ ਅਫਸਰਾਂ ਤੇ ਬਾਬੂਆਂ ਦੇ ਘਰ ਜਾਂਦਾ ਤੇ ਵੀਹ ਵੀਹ ਕੰਮ ਸਵਾਰਦਾ। ਮੈਨੂੰ ਉਸ ਨਾਲ ਹਮਦਰਦੀ ਸੀ ਜਿਸ ਕਰਕੇ ਮੈਂ ਉਸ 'ਤੇ ਕੋਈ ਐਕਸ਼ਨ ਨਾ ਲੈਂਦਾ।

ਪਰ ਅੱਜ ਤਾਂ ਹੱਦ ਹੀ ਹੋ ਗਈ। ਪ੍ਰੀਤਮ ਦੀ ਸ਼ਿਕਾਇਤ ਲਿਖਤੀ ਰੂਪ ਵਿਚ ਮੇਰੇ ਪਾਸ ਪੁੱਜ ਗਈ। ਅਰਜ਼ੀ



ਤੇ ਨਰਿੰਦਰ, ਮਨਜੀਤ, ਪਾਲੀ, ਬਲਜੀਤ ਆਦਿ ਸਾਰੀਆਂ ਕੁੜੀਆਂ ਦੇ ਦਸਤਖ਼ਤ ਸਨ। ਲਿਖਿਆ ਹੀ "ਪ੍ਰੀਤਮ ਨੂੰ ਬਦਲੋ ਜਾਂ ਸਾਡੀਆਂ ਸਾਰੀਆਂ ਦੀ ਬਦਲੀ ਕਰੋ। ਜੇਕਰ ਤੁਸੀਂ ਦੋ ਦਿਨਾਂ ਵਿਚ ਕੋਈ ਐਕਸ਼ਨ ਨਾ ਲਿਆ ਤਾਂ ਅਸੀਂ ਚੀਫ ਇੰਜਨੀਅਰ ਸਾਹਿਬ ਪਾਸ ਪੇਸ਼ ਹੋ ਕੇ ਆਪਣਾ ਦੁੱਖ ਦੱਸਾਂਗੀਆਂ।"

ਮੈਂ ਪ੍ਰੀਤਮ ਨੂੰ ਸੱਦਿਆ ਤੇ ਉਸ ਦੀ ਬਠਿੰਡੇ ਦੀ ਬਦਲੀ ਦੇ ਆਰਡਰ ਉਹ ਹੱਥ ਫੜਾ ਦਿੱਤੇ। ਉਹ ਮੇਰੇ ਪੈਰ ਫੜ ਕੇ ਬੈਠ ਗਿਆ। ਮੈਂ ਬੜੇ ਯਤਨ ਕੀਤੇ ਪਰ ਉਹ ਨੇ ਪੈਰ ਨਾ ਛੱਡੇ। "ਮਾਈ ਬਾਪ ਤੁਸੀਂ ਬਖਸ਼ੋ। ਮੈਂ ਅੱਗੋਂ ਤੋਂ ਅਜਿਹੀ ਗਲਤੀ ਨਹੀਂ ਕਰਦਾ।" ਉਹ ਵਾਰ ਵਾਰ ਆਖ ਰਿਹਾ ਸੀ।

ਆਖਿਰ ਮੈਂ ਸੱਦ ਕੇ ਪੁੱਛਿਆ "ਓਏ ਸੱਚ ਸੱਚ ਦੱਸ ਉਨ੍ਹਾਂ ਦੀਆਂ ਆਵਾਜ਼ਾਂ ਸੁਣ ਕੇ ਮਚਲਾ ਹੋਇਆ ਕਿਉਂ ਬੈਠਾ ਰਹਿੰਦੈਂ।"

ਉਸ ਦੀਆਂ ਅੱਖਾਂ 'ਚੋਂ ਅਥਰੂ ਵਹਿ ਰਹੇ ਸਨ ਤੇ ਉਹ ਬੜੀ ਅਧੀਨਗੀ ਨਾਲ ਆਖਣ ਲਗਾ।

"ਸਰਦਾਰ ਜੀ ਸੱਚ ਦੱਸਾਂ?"

"ਹੋਰ ਮੈਂ ਤੈਥੋਂ ਝੂਠਾ ਪੁੱਛ ਰਿਹਾਂ" ਮੈਂ ਖਿਝ ਕੇ ਆਖਿਆ।

"ਅਸਲ 'ਚ ਸਰਦਾਰ ਜੀ ਗੱਲ ਇਹ ਹੈ ਕਿ ਜਦੋਂ ਇਹ ਪ੍ਰੀਤਮ ਪ੍ਰੀਤਮ ਕਹਿੰਦੀਆਂ ਨੇ ਤਾਂ ਮੈਨੂੰ ਬੜੀਆਂ ਚੰਗੀਆਂ ਲੱਗਦੀਆਂ ਨੇ। ਸੋਚਦਾ ਮਸੀਂ ਕਿਸੇ ਨੇ ਪ੍ਰੀਤਮ ਕਹਿ ਕੇ ਆਵਾਜ਼ ਮਾਰੀ ਏ. ਇਕ ਵਾਰੀ ਫੇਰ ਆਖ ਲਏ ਫਿਰ ਹੀ ਜਾਵਾਂਗਾ। ਇਹ ਲਾਲਚ ਕਰਕੇ ਨਹੀਂ ਬੋਲਦਾ।" ਮੈਂ ਹੈਰਾਨ ਬੈਠਾ ਸੋਚ ਰਿਹਾ ਸਾਂ ਕਿ ਕੀ ਕਰਾਂ?

ਜ਼ਰੂਰੀ ਕੰਮ

ਉਹ ਏਅਰ ਕੰਡੀਸ਼ਨ ਕਮਰੇ ਵਿਚ ਬੈਠੇ ਸਮਾਜਵਾਦੀ ਸਰਕਾਰ ਲਿਆਉਣ ਲਈ ਸੋਚ ਰਹੇ ਸਨ। ਇੰਨੇ ਵਿਚ ਦਰਵਾਜ਼ਾ ਖੁੱਲ੍ਹਾ ਤੇ ਇਕ ਬੁੱਢੇ ਆਦਮੀ ਨੇ ਤਰਲੇ ਨਾਲ ਕਿਹਾ, "ਤਿੰਨ ਦਿਨ ਤੋਂ ਭੁੱਖਾ ਹਾਂ। ਈਸ਼ਵਰ ਦੇ ਨਾਮ 'ਤੇ ਖਾਣਾ ਖੁਆ ਦਿਓ।"

ਚਾਰੋਂ ਇਕ ਆਵਾਜ਼ 'ਚ ਬੋਲੇ, "ਮਾਫ਼ ਕਰਨਾ ਬਾਬਾ, ਅਸੀਂ ਜ਼ਰੂਰੀ ਕੰਮ ਕਰ ਰਹੇ ਹਾਂ।

ਮਿੰਨੀ ਕਹਾਣੀਆਂ

ਜ਼ਿੰਦਗੀ ਤੇ ਮੌਤ

ਜ਼ਿੰਦਗੀ ਨੇ ਮੌਤ ਨੂੰ ਸਵਾਲ ਕੀਤਾ, "ਤੂੰ ਕੀ ਹੈ? ਤੈਨੂੰ ਤਾਂ ਕੋਈ ਵੀ ਨਹੀਂ ਲੋੜਦਾ। ਬੱਚੇ, ਬੁੱਢੇ ਤੇ ਜਵਾਨ ਸਭ ਤੈਨੂੰ ਨਫਰ ਕਰਦੇ ਹਨ। ਹਰ ਕੋਈ ਤੇਰੇ ਤੋਂ ਦੂਰ ਭੱਜਦਾ ਹੈ ਤੇ ਤੇਰੇ ਤੋਂ ਪਿੱਛਾ ਛੁਡਾਉਣਾ ਚਾਹੁੰਦਾ ਹੈ। ਆਖਰ ਤੂੰ ਕੀ ਹੈ?" "ਦੇਖ ਮੈਨੂੰ ਸਾਰੇ ਗਲੇ ਲਗਾਉਂਦੇ ਹਨ ਪਰ ਤੈਨੂੰ?" ਮੌਤ ਬੋਲ, "ਤੂੰ ਕੀ ਐਂ, ਤੈਨੂੰ ਨੀ ਪਤਾ ਕਈ ਲੋਕ ਮੇਰੇ ਲਈ ਦੁਆਵਾਂ ਕਰਦੇ ਨੇ।

ਯਕੀਨ ਨਹੀਂ ਆਉਂਦਾ ਤਾਂ ਆ ਤੈਨੂੰ ਦਿਖਾਵਾਂ। ਉਹ ਦੇਖ, ਇਕ ਨੌਜਵਾਨ ਬੇਰੁਜ਼ਗਾਰੀ ਤੋਂ ਤੰਗ ਆ ਕੇ ਮੈਨੂੰ ਬੁਲਾ ਰਿਹਾ ਹੈ। ਉਹ ਦੇਖ, ਇਕ ਵਿਧਵਾ ਇਸ ਸਮਾਜ ਦੇ ਭੈੜੇ ਵਤੀਰੇ ਤੋਂ ਦੁਖੀ ਹੋ ਕੇ ਨਦੀ ਵਿਚ ਡੁੱਬ ਕੇ ਮੇਰੀ ਗੋਦ ਵਿਚ ਬੈਠਣ ਆ ਰਹੀ ਹੈ ਤੇ ਉਹ ਦੇਖ, ਇਕ ਬੁੱਢਾ ਜੋ ਆਪਣੇ ਪੁੱਤ ਦੇ ਭੈੜੇ ਵਿਵਹਾਰ ਤੋਂ ਪ੍ਰੇਸ਼ਾਨ ਹੋ ਕੇ ਰੱਬ ਤੋਂ ਮੈਨੂੰ ਹੀ ਮੰਗ ਰਿਹਾ ਹੈ ਤੇ ਆ ਹੋਰ ਵਿਖਾਵਾਂ ਉਹ ਕਿਸਾਨ ਜਿਹੜਾ ਕਰਜ਼ੇ ਦੀ ਮਾਰ ਹੇਠ ਆਇਆ ਮੇਰੇ ਕੋਲ ਪਹੁੰਚਣ ਦੀ ਤਿਆਰੀ ਕਰ ਰਿਹੈ.. ਤੇ ਉਹ ਦੇਖ ...ਤੇ।" ਹੁਣ ਜ਼ਿੰਦਗੀ ਚੁੱਪ ਸੀ।

-ਮਨਪ੍ਰੀਤ ਕੌਰ

ਸੰਤੁਸ਼ਟੀ

"ਸਾਰੇ ਪਾਸੇ ਖਿਲਾਰਾ ਪਿਐ, ਇਥੇ ਰੇਤ ਖਿਲਰੀ ਆ। ਉਧਰ ਮਿੱਟੀ ਤੇ ਏਥੇ ਆਹ ਇੱਟਾਂ।" ਗਲੀ ਵਿਚ ਆਉਂਦਿਆਂ ਹੀ ਜਮਾਂਦਾਰ ਚੀਕਣ ਲੱਗਾ। ਆਲੇ-ਦੁਆਲੇ ਦੇ ਲੋਕਾਂ ਨੇ ਉਸ ਨੂੰ ਮੈਦਾਨ ਬਣਵਾ ਰਹੇ ਗੁਰਜੀਤ ਦੇ ਵਿਰੁੱਧ ਹੋਰ ਭੜਕਾ ਦਿੱਤਾ। "ਮਹੀਨਾ ਹੋ ਚੱਲਿਆ ਹੈ ਸਾਨੂੰਵੀ ਸਹਿੰਦਿਆਂ, ਇਹ ਤਾਂ ਸਾਮਾਨ ਚੁਕਾਂਦੇ ਹੀ ਨਹੀਂ।" ਤੇ ਭੜਕਿਆ ਜਮਾਂਦਾਰ ਅਜੇ ਗਾਲ੍ਹਾਂ ਕੱਢਣ ਲੱਗਾ ਸੀ ਕਿ ਗੁਰਜੀਤ ਨੇ ਉਸ ਨੂੰ ਅੰਦਰ ਬੁਲਾ ਲਿਆ। "ਓ ਕੀ ਕਰੀਏ ਯਾਰ, ਜਦ ਤੱਕ ਕੰਮ ਚਲਦਾ ਬਸ ਉਦੋਂ ਤੱਕ ਈ..ਫੇਰ ਚੁਕਾ ਦਿਆਂਗੇ।" ਤੇ ਉਸ ਨੇ ਦਸ-ਦਸ ਦੇ ਚਾਰ ਨੋਟ ਉਸ ਨੂੰ ਫੜਾਂਦਿਆਂ ਕਿਹਾ, "ਆਹ ਲੈ ਚਾਹ ਪੀ ਲਈ ਸਾਡੇ ਵਲੋਂ" ਤੇ ਜਮਾਂਦਾਰ ਹਸਦਿਆਂ ਬਾਹਰ ਆ ਗਿਆ। ਹੁਣ ਉਸ ਨੂੰ ਕੋਈ ਗਿਲਾ ਨਹੀਂ ਸੀ ਪਰ ਉਹ ਥੜੇ 'ਤੇ ਬੈਠਾ ਸਿਗਰਟ ਪੀਣ ਵਿਚ ਮਸਦ ਸੀ।

ਰਾਹ

ਬੱਸ ਵਿਚ ਕਾਫੀ ਭੀੜ ਹੋ ਚੁੱਕੀ ਸੀ ਪਰ ਕੰਡਕਰ ਅਜੇ ਹੋਰ ਸਵਾਰੀਆਂ ਲਈ ਰੌਲਾ ਪਾ ਰਿਹਾ ਸੀ। ਗਰਮੀ ਦੇ ਮੌਸਮ ਕਰਕੇ ਅੰਦਰ ਬੈਠੀਆਂ ਸਵਾਰੀਆਂ ਹਾਲੋ-ਬੇਹਾਲ ਹੋ ਰਹੀਆਂ ਸਨ। ਹਰ ਕੋਈ ਗਰਮੀ ਤੋਂ ਨਿਜਾਤ ਪਾਉਣ ਦਾ ਆਪਣਾ-ਆਪਣਾ ਢੰਗ ਵਰਤ ਰਿਹਾ ਸੀ। ਕੋਈ ਰੁਮਾਲ ਦੀ ਝੱਲ ਮਾਰਦਾ ਤੇ ਕੋਈ ਆਪਣੀ ਹੱਥ ਵਿਚ ਫੜੀ ਕਾਪੀ ਜਾਂ ਫਾਈਲ ਦੀ ਪੱਖੀ ਬਣਾ ਹਵਾ ਲੈ ਰਿਹਾ ਸੀ। ਮੇਰੇ ਤੋਂ ਅਗਲੀ ਸੀਟ 'ਤੇ ਇਕ ਬੱਚਾ ਆਪਣੀ ਮਾਂ ਨਾਲ ਬੈਠਾ ਸੀ। ਬੱਚੇ ਨੂੰ ਗਰਮੀ ਦਾ ਅਹਿਸਾਸ ਘੱਟ ਸੀ ਪਰ ਉਸ ਦੀ ਮਾਂ ਨੂੰ ਬੱਚੇ ਦੇ ਗੋਦ ਵਿਚ ਬੈਠਣ ਕਰਕੇ ਗਰਮੀ ਜ਼ਿਆਦਾ ਲੱਗ ਰਹੀ ਸੀ। ਜਦੋਂ ਬੱਸ ਚੱਲੀ ਤਾਂ ਸਭ ਨੇ ਕੁਝ ਰਾਹਤ ਮਹਿਸੂਸ ਕੀਤੀ। ਪਹਿਲਾਂ ਬੱਚਾ ਕੁਝ ਸ਼ਰਾਰਤਾਂ ਕਰਦਾ ਰਿਹਾ ਫੇਰ ਉਸ ਨੇ ਜ਼ਿੱਦ ਫੜ ਲਈ ਕਿ ਮਾਂ ਮੈਨੂੰ ਕਹਾਣੀ ਸੁਣਾ। ਮਾਂ ਗਰਮੀ ਦੀ ਮਾਰੀ ਹੋਈ ਉਸ ਦੀ ਗੱਲ ਸੁਣ ਕੇ ਅਣਸੁਖੀ ਕਰੀ ਜਾਵੇ। ਬੱਚੇ ਦੇ ਜ਼ਿਆਦਾ ਜ਼ਿੱਦ ਕਰਨ ਕਰਕੇ ਮਾਂ ਨੇ ਬੱਚੇ ਨੂੰ ਕਿਹਾ ਕਿ ਦੁਪਹਿਰੇ ਕਹਾਣੀ ਨਹੀਂ ਸੁਣਾਈ ਦੀ, ਮਾਮਾ ਰਾਹ ਭੁੱਲ ਜਾਂਦਾ ਏ। ਸ਼ਾਇਦ ਬੱਚੇ ਦਾ ਮਾਮੇ ਨਾਲ ਪਿਆਰ-ਪਿਆਰ ਉਸ ਨੂੰ ਚੁੱਪ ਕਰਨ 'ਤੇ ਮਜਬੂਰ ਕਰ ਗਿਆ। ਹੁਣ ਬੱਚਾ ਪਹਿਲਾਂ ਤੋਂ ਕੁਝ ਗੰਭੀਰ ਤੇ ਸੋਚਾਂ ਵਿਚ ਸੀ। ਮਾਂ ਦਾ ਬੋਲਿਆ ਛੋਟਾ ਜਿਹਾ ਝੂਠ ਬੱਚੇ ਦੀ ਭੋਲੀ-ਭਾਲੀ ਮਾਨਸਿਕਤਾ ਨਾਲ ਖਿਲਵਾੜ ਕਰ ਗਿਆ, ਜੋ ਸ਼ਾਇਦ ਸੋਚ ਰਿਹਾ ਸੀ ਕਿ ਕਹਾਣੀ ਸੁਣਾਉਣ ਦਾ ਮਾਮੇ ਦੇ ਰਾਹ ਭੁੱਲਣ ਨਾਲ ਕੀ ਸਬੰਧ? ਮੈਨੂੰ ਲੱਗਿਆ ਕਿ ਬੱਚੇ ਦਾ ਮਾਮਾ ਰਾਹ ਭੁੱਲੇ ਨਾ ਭੁੱਲੇ ਪਰ ਬੱਚੇ ਦੀ ਭਵਿੱਖੀ ਸੋਚ ਜ਼ਰੂਰ ਰਾਹ ਭੁੱਲ ਜਾਵੇਗੀ, ਜਿਸ ਦੇ ਸਿਰ 'ਤੇ ਉਸ ਨੇ ਇਕ ਚੰਗਾ ਤੇ ਨਿੱਡਰ ਨਾਗਰਿਕ ਬਣਨਾ ਸੀ।

-ਸਰਨ ਧੂਰੀ

ਵਿਅੰਗ ਸਾਹਬ ਦਾ ਆਦਮੀ

ਇਕ ਮਾਸਟਰ ਸਾਹਬ ਹਨ। ਨੌਕਰੀ 'ਚ ਲੱਗੇ ਤਾਂ ਮੈਟਰਿਕ ਪਾਸ ਸਨ। ਹੌਲੀ-ਹੌਲੀ ਪ੍ਰਾਈਵੇਟ ਇਮਤਿਹਾਨ ਦੇ ਕੇ ਬੀ. ਏ. ਹੋ ਗਏ। ਸੀਨੀਅਰ ਤਾਂ ਸਨ ਹੀ, ਹਾਈ ਸਕੂਲ ਦੇ ਹੈੱਡ ਮਾਸਟਰ ਹੋ ਗਏ। ਉਹ ਸਾਹਬ ਦੇ ਪੂਰੇ ਭਗਤ ਸਨ। ਸਾਹਬ ਵੀ ਉਨ੍ਹਾਂ ਦੇ ਪ੍ਰਸ਼ੰਸਕ ਸਨ।

ਸਾਹਬ ਉਨ੍ਹਾਂ 'ਤੇ ਇਸ ਲਈ ਫਿਦਾ ਹਨ ਕਿ ਉਹ ਸਾਹਬ ਦਾ ਪੂਰਾ-ਪੂਰਾ ਧਿਆਨ ਰੱਖਦੇ ਹਨ। ਸਾਹਬ ਕੋਲ ਬੁਨੈਣਾਂ ਨਹੀਂ ਹਨ, ਉਹ ਦੋ-ਚਾਰ ਬੁਨੈਣਾਂ ਚਾਰ-ਛੇ ਮਹੀਨਿਆਂ 'ਚ ਲਿਆ ਦਿੰਦੇ ਹਨ, ਇਕ ਦੂਜੀ ਤੋਂ ਵਧੀਆ। ਸਾਹਬ ਦੇ ਅੰਡਰਵੀਅਰ ਫਟ ਜਾਣ ਤੋਂ ਪਹਿਲਾਂ ਹੀ ਉਹ ਸਿਲਾਈ ਕਰ ਦਿੰਦੇ ਹਨ।

ਸਾਹਬ ਕੋਲ ਪੈਂਟ ਨਹੀਂ ਉਹ ਲਿਆ ਦਿੰਦੇ ਹਨ। ਫਲਾਣੇ ਕਲਰ ਸਾਹਬ ਨੂੰ ਪਸੰਦ ਨਹੀਂ ਜਾਂ ਫਲਾਣੀ ਪੈਂਟ ਉਨ੍ਹਾਂ ਦੇ ਮਨੋਂ ਲਹਿ ਗਈ ਹੈ, ਉਹ ਜਾਣਦੇ ਹਨ ਅਤੇ ਝਟਪਟ ਦੂਜੀ ਪੈਂਟ ਦੀ ਵਿਵਸਥਾ ਕਰਵਾ ਦਿੰਦੇ ਹਨ। ਸਾਹਬ ਨੂੰ ਕਿਹੜਾ ਕਲਰ ਪਸੰਦ ਹੈ, ਇਹ ਮਾਸਟਰ ਸਾਹਬ ਚੰਗੀ ਤਰ੍ਹਾਂ ਜਾਣਦੇ ਹਨ। ਪਿਛਲੇ ਅਨੇਕ ਸਾਲਾਂ ਤੋਂ ਮਾਸਟਰ ਸਾਹਬ ਦੀ ਕਲਰ ਚੁਆਇਸ ਵੀ ਸਾਹਬ ਦੀ ਕਲਰ ਚੁਆਇਸ ਹੈ ਅਤੇ ਸਾਹਬ ਦੀ ਕਲਰ ਚੁਆਇਸ ਹੀ ਮਾਸਟਰ ਸਾਹਬ ਦੀ ਕਲਰ ਚੁਆਇਸ ਹੈ।

ਸ਼ਰਟ-ਬੁਰਸ਼ਟਾਂ ਦੀ ਸਾਹਬ ਨੂੰ ਘਾਟ ਨਹੀਂ ਰਹਿੰਦੀ, ਉਹ ਸਭ ਤਾਂ ਸਥਾਨਕ ਖੇਡ ਪ੍ਰਤੀਯੋਗਿਤਾ ਸਮੇਂ ਇਕੱਠੇ ਹੀ ਲੈ ਲਏ ਜਾਂਦੇ ਹਨ। ਬੱਚਿਆਂ ਦੇ ਕੱਪੜਿਆਂ ਦੀ ਵਿਵਸਥਾ ਤਹਿਸੀਲ ਪੱਧਰੀ ਖੇਤ ਪ੍ਰਤੀਯੋਗਿਤਾ ਸਮੇਂ ਹੋ ਜਾਂਦੀ ਹੈ। ਮੇਮ ਸਾਹਬ ਦੀਆਂ ਸਾੜ੍ਹੀਆਂ ਜ਼ਿਲ੍ਹਾ ਪੱਧਰੀ ਪ੍ਰਤੀਯੋਗਿਤਾਵਾਂ ਅਤੇ ਹੋਰ ਲੈਣ-ਦੇਣ ਦੇ ਕੰਮਾਂ ਅਤੇ ਸਾਲਾਨਾ ਰਾਸ਼ਨ ਪਾਣੀ ਦੀ ਵਿਵਸਥਾ, ਵਿਭਾਗੀ ਖੇਡ ਪ੍ਰਤੀਯੋਗਿਤਾਵਾਂ ਸਮੇਂ ਹਰ ਸਾਲ ਨਿਯਮਿਤ ਰੂਪ 'ਚ ਭਗਤ ਹੀ ਕਰਵਾ ਦਿੰਦੇ ਹਨ।

ਕਥਿਤ ਮਾਸਟਰ ਸਾਹਬ ਦੇ ਸਾਹਮਣੇ ਇਕ ਸਮੱਸਿਆ ਆਈ। ਪੋਸਟਿੰਗ ਕਿਥੇ ਕਰਵਾਈ ਜਾਏ? ਸ਼ਹਿਰ 'ਚ ਤਾਂ ਥੋੜ੍ਹਾ ਬਹੁਤ ਕੰਮ ਕਰਨਾ ਪੈਂਦਾ ਹੈ। ਸ਼ਹਿਰ ਆਖ਼ਰ ਸ਼ਹਿਰ ਹੈ। ਪੜ੍ਹੇ-ਲਿਖੇ ਲੋਕ ਵੀ ਰਹਿੰਦੇ ਹਨ। ਕੁਝ ਨਿੱਕੀ ਮੋਟੀ ਗੜਬੜ ਹੋਣ 'ਤੇ ਲੋਕ ਹਲਚਲ ਕਰਦੇ ਹੀ ਹਨ ਅਤੇ ਫਿਰ ਕਦੇ-ਕਦੇ ਛੋਟੇ-ਵੱਡੇ ਅਧਿਕਾਰੀਆਂ ਨੂੰ ਸ਼ਿਕਾਇਤ ਵੀ ਹੋ ਜਾਂਦੀ ਹੈ।

ਇਥੇ ਕੋਈ ਨਾ ਕੋਈ ਆਉਂਦੇ ਹੀ ਰਹਿੰਦੇ ਹਨ ਅਤੇ ਫਿਰ ਨਿਰੀਖਣ ਦਾ ਨਾਟਕ ਕਦੋਂ ਪਿੱਛਾ ਛੱਡਦਾ ਹੈ। ਮਾਸਟਰ ਸਾਹਬ ਨੇ ਇਹ ਸਾਰੇ ਝੰਜਟ ਸਾਹਬ ਨੂੰ ਦੱਸੇ ਤਾਂ ਉਹ ਕਹਿਣ ਲੱਗੇ, 'ਮੈਂ ਇਕ ਹਲ ਲੱਭਿਆ ਹੈ, ਤੈਨੂੰ ਵੀ ਪਸੰਦ ਆਏਗਾ। ਨੇੜਲੇ ਪਿੰਡ 'ਚ ਮਿਡਲ ਸਕੂਲ ਹੈ। ਹੈੱਡ ਮਾਸਟਰ ਦੀ ਪੋਸਟ ਖਾਲੀ ਹੈ। ਮੈਂ ਨਿਯੁਕਤੀ ਕਰਵਾ ਦਿੰਦਾ ਹਾਂ, ਤੁਸੀਂ ਉਥੇ ਚਲੇ ਜਾਓ ਅਤੇ ਜੁਆਇਨ ਕਰ ਲਓ। ਫਿਰ ਮੈਂ ਤੁਹਾਨੂੰ ਆਫਿਸ ਨਾਲ ਅਟੈਚ ਕਰ ਲਵਾਂਗਾ।"

ਯੋਜਨਾ ਭਲੀ ਅਤੇ ਹਿੱਤਕਾਰੀ ਸੀ। 50 ਰੁਪਏ ਮਹੀਨਾ ਅਲਾਊਂਸ ਸੀ। ਆਉਣ-ਜਾਣ ਦਾ ਟੀ. ਏ. ਵੱਖਰਾ। ਅਜਿਹੀ ਸਹੂਲਤ ਕਿਥੋਂ ਮਿਲੇਗੀ ਕਿ ਸ਼ਹਿਰ 'ਚ ਰਹੋ, ਘਰ 'ਚ ਰਹੋ ਫਿਰ ਵੀ ਯਾਤਰਾ ਤਾਂ ਚਾਲੂ ਹੈ ਹੀ। ਫਿਰ ਉਪਰੋਂ ਬੇਫ਼ਿਕਰੀ ਵੱਖਰੀ। 200-250 ਰੁਪਏ ਦੀ ਉਪਰਲੀ ਆਮਦਨ, ਕੰਮ ਕੋਈ ਨਹੀਂ, ਝੰਜਟ ਜਾਂ ਪ੍ਰੇਸ਼ਾਨੀ ਕੁਝ ਨਹੀਂ।

ਟ੍ਰਾਂਸਫਰ ਹੋ ਗਈ। ਸ਼ਹਿਰ ਦੇ ਮਾਸਟਰਾਂ ਵਿਚ ਤਹਿਲਕਾ ਮੱਚ ਗਿਆ। ਸਾਹਬ ਦੇ ਆਦਮੀ ਦਾ ਤਬਾਦਲਾ। ਹੁਣ ਕੋਈ ਸੁਰੱਖਿਅਤ ਨਹੀਂ ਰਹੇਗਾ ਇਸ ਸ਼ਹਿਰ 'ਚ। ਹੁਣ ਹਰ ਸ਼ਹਿਰ ਵਾਲੇ ਨੂੰ ਪਿੰਡ ਜਾਣਾ ਪਏਗਾ।

ਮਾਸਟਰ ਸਾਹਬ ਟ੍ਰਾਂਸਫਰ 'ਤੇ ਗਏ। ਸਕੂਲ 'ਚ ਜੁਆਇਨ ਕੀਤਾ। ਪਿੰਡ ਦੇ ਸਰਪੰਚ ਨੂੰ ਬੁਲਾਇਆ, ਉਹ ਸਮੇਂ ਸਿਰ ਨਹੀਂ ਆਇਆ। ਪਿੰਡ ਵਾਲੇ ਸਮੇਂ ਦੀ ਇੱਜ਼ਤ ਕਦੋਂ ਜਾਣਦੇ ਨੇ?

11 ਵਜੇ ਪਿੰਡ ਪਹੁੰਚੇ, ਇਕ ਵਜੇ ਦੇ ਲਗਭਗ ਪਰਤ ਆਏ ਆਫਿਸ ਦੇ ਕੰਮ ਕਰਕੇ। ਸਰਪੰਚ ਡੇਢ ਵਜੇ ਦੇ ਲਗਭਗ ਆਇਆ, ਪੁਛਿਆ, "ਹੈਡ ਮਾਸਟਰ ਸਾਹਿਬ ਕਿਥੇ ਹਨ?"

ਦੱਸਿਆ ਗਿਆ, "ਆਏ ਵੀ ਤੇ ਉਹ ਚਲੇ ਵੀ ਗਏ।"

"ਹੁਣ ਕਦੋਂ ਤੱਕ ਆਉਣਗੇ?" "ਅਸੀਂ ਕੁਝ ਨਹੀਂ ਦੱਸ ਸਕਦੇ, ਇਸ ਬਾਰੇ ਸਾਡੀ ਉਨ੍ਹਾਂ ਨਾਲ ਕੋਈ ਗੱਲ ਨਹੀਂ ਹੋਈ। ਨਾ ਉਨ੍ਹਾਂ ਨੇ ਦੱਸਿਆ, ਨਾ ਅਸੀਂ ਪੁੱਛ ਸਕਦੇ ਸਾਂ।" ਦੂਜੇ ਮਾਸਟਰਾਂ ਨੇ ਜਵਾਬ ਦਿੱਤਾ।

"ਚਲੋ ਫਿਰ ਕਦੇ ਮੁਲਾਕਾਤ ਹੋ ਜਾਵੇਗੀ।" ਕਹਿ ਕੇ ਸਰਪੰਚ ਚਲਿਆ ਗਿਆ।

ਕਈ ਮਹੀਨੇ ਬੀਤ ਗਏ। ਖੇਤੀਬਾੜੀ ਦਾ ਸਮਾਂ ਸੀ। ਸਰਪੰਚ ਨੂੰ ਸਮਾਂ ਨਹੀਂ ਮਿਲਿਆ। ਇਕ ਦਿਨ ਉਧਰ ਗਿਆ ਤਾਂ ਪੁੱਛਿਆ, "ਵੱਡੇ ਗੁਰੂ ਜੀ ਕਿਥੇ ਹਨ?" ਉਤਰ ਮਿਲਿਆ, "ਆਫਿਸ ਦੇ ਕੰਮ ਗਏ ਹਨ। ਕਦੋਂ ਆਉਣਗੇ ਪਤਾ ਨਹੀਂ।" ਕੁਝ ਮਹੀਨਿਆਂ ਪਿੱਛੋਂ ਸਰਪੰਚ ਨੇ ਇਹੀ ਸਵਾਲ ਫਿਰ ਕੀਤਾ, ਉਹੀ ਜਵਾਬ ਮਿਲਿਆ। ਉਸ ਨੂੰ ਇਹ ਗੱਲ ਅਪਮਾਨਜਨਕ ਲੱਗੀ। ਉਸ ਨੂੰ ਕੁਝ ਜ਼ਿਆਦਾ ਹੀ ਅਪਮਾਨ ਮਹਿਸੂਸ ਹੋਇਆ। ਕੰਮਕਾਰ 'ਚ ਲੱਗਾ ਹੁੰਦਾ ਤਾਂ ਸ਼ਾਇਦ ਇੰਨਾ ਮਹਿਸੂਸ ਨਾ ਕਰਦਾ ਕਿਉਂਕਿ ਭਵਿੱਖ 'ਚ ਉਸ ਕੋਲ ਕੋਈ ਕੰਮ ਨਹੀਂ ਸੀ, ਇਸ ਲਈ ਉਸ ਨੇ ਹੈੱਡ ਮਾਸਟਰ ਦੀ ਸਕੂਲ ਤੋਂ ਗ਼ੈਰ ਹਾਜ਼ਰੀ ਦੇ ਇਸ ਮਾਮਲੇ ਨੂੰ ਆਪਣੇ ਵਿਹਲੇ ਸਮੇਂ ਲਈ ਕੰਮ ਬਣਾ ਲਿਆ।

ਪਿੰਡ ਦੀ ਪੰਚਾਇਤ ਦੀ ਮੀਟਿੰਗ ਹੋਈ। ਉਸ 'ਚ ਇਹ ਵੀ ਤੈਅ ਹੋਇਆ ਕਿ ਇਸ ਬਾਰੇ ਕਾਰਵਾਈ ਕੀਤੀ ਜਾਏ। ਪਹਿਲੇ ਸਹਾਇਕ ਜ਼ਿਲ੍ਹਾ ਸਕੂਲ ਸਿੱਖਿਆ ਅਫ਼ਸਰ ਨੂੰ ਲਿਖਿਆ ਜਾਏ, ਲਿਖਿਆ ਗਿਆ, ਦੋ ਮਹੀਨੇ ਹੋ ਗਏ ਕੋਈ ਉੱਤਰ ਨਹੀਂ ਆਇਆ।

ਬਾਜ਼ਾਰ ਤਾਂ ਹਰ ਐਤਵਾਰ ਆਉਂਦਾ ਹੀ ਸੀ ਪਰ ਫੁਰਸਤ ਨਹੀਂ ਮਿਲਦੀ ਸੀ ਆਪਣੇ ਕੰਮਾਂ ਤੋਂ। ਇੰਸਪੈਕਟਰ ਦਾ ਪਤਾ ਪੁੱਛਦੇ ਉਸ ਦੇ ਘਰ ਪਹੁੰਚ ਗਏ। ਉਨ੍ਹਾਂ ਨੂੰ ਪੁੱਛਿਆ, "ਸਾਡੀ ਦਰਖ਼ਾਸਤ ਮਿਲੀ।"

"ਕਾਹਦੀ ਦਰਖ਼ਾਸਤ?" ਕਦੋਂ ਭੇਜੀ ਸੀ। ਕਿਥੇ ਭੇਜੀ ਸੀ? ਕਿਉਂ ਭੇਜੀ ਸੀ? ਰਜਿਸਟਰਡ ਸੀ ਜਾਂ ਸਾਧਾਰਨ ਡਾਕ ਰਾਹੀਂ ਭੇਜੀ ਗਈ ਸੀ?"

ਇਨ੍ਹਾਂ ਸਭ ਗੱਲਾਂ ਦਾ ਜਵਾਬ ਦਿੱਤਾ ਤਾਂ ਦੱਸਿਆ ਗਿਆ ਕਿ ਦਰਖ਼ਾਸਤ ਉਸ ਨੂੰ ਨਹੀਂ ਮਿਲੀ ਸੀ। ਮਿਲ ਵੀ ਜਾਂਦੀ ਤਾਂ ਕੋਈ ਗੱਲ ਨਹੀਂ ਸੀ ਉਸ ਨੇ ਉੱਤਰ ਦਿੱਤਾ, "ਮੈਂ ਕੁਝ ਨਹੀਂ ਕਰ ਸਕਦਾ ਉਹ ਸਾਹਬ ਦਾ ਆਦਮੀ ਹੈ।" ਆਦਮੀ ਦਾ ਵੀ ਆਦਮੀ ਹੁੰਦਾ ਹੈ ਇਹ ਸੁਣ ਕੇ ਸਰਪੰਚ ਹੈਰਾਨ ਰਹਿ ਗਿਆ। ਫਿਰ ਵੀ ਮਾਮਲੇ ਨੂੰ ਉਸ ਨੇ ਆਪਣੀ ਪ੍ਰਤਿਸ਼ਠਾ ਦਾ ਸਵਾਲ ਬਣਾ ਲਿਆ। ਉਸ ਨੇ ਫਿਰ ਵੀ ਸਿੱਖਿਆ ਅਧਿਕਾਰੀ ਨੂੰ ਮਿਲਣ ਦੀ ਗੱਲ ਸੋਚੀ।

ਚਾਰ-ਵਾਰ ਸ਼ਹਿਰ ਗਿਆ, ਪਤਾ ਲੱਗਾ ਸਾਹਬ ਦੌਰੇ 'ਤੇ ਹਨ। ਫਿਰ ਦੋ ਵਾਰ ਸ਼ਹਿਰ ਆਇਆ ਤਾਂ ਪਤਾ ਲੱਗਾ ਕਿ ਸਾਹਬ ਘਰ ਹਨ। ਕੰਮ 'ਚ ਲੱਗੇ ਹਨ। ਪਤਾ ਨਹੀਂ ਕਦੋਂ ਆਉਣਗੇ। ਆਉਣਗੇ ਵੀ ਇਥੇ ਕਿ ਨਹੀਂ। ਕੋਈ ਨਹੀਂ ਦੱਸ ਸਕਦਾ। ਲਾਚਾਰ ਹੋ ਕੇ ਉਸ ਨੇ ਮੁਲਾਕਾਤ ਦਾ ਵਿਚਾਰ ਛੱਡ ਦਿੱਤਾ ਪਰ ਪ੍ਰਤਿਸ਼ਠਾ ਦੇ ਪ੍ਰਸ਼ਨ ਨੂੰ ਨਹੀਂ ਛੱਡਿਆ।

ਮਾਸਟਰ ਜੀ ਦੇ ਖਿਲਾਫ਼ ਉਨ੍ਹਾਂ ਨੇ ਪੌੜੀ ਦਰ ਪੌੜੀ ਵਿਭਾਗੀ ਸੁਪਰਵਾਈਜ਼ਰ ਨੂੰ ਸ਼ਿਕਾਇਤ ਕੀਤੀ ਕਿ ਉਹ ਹੈੱਡ ਆਫ਼ਿਸ 'ਚ ਨਹੀਂ ਰਹਿੰਦੇ। ਅਸੀਂ ਉਨ੍ਹਾਂ ਦੀ ਸ਼ੱਕਲ ਤਕ ਨਹੀਂ ਵੇਖੀ। ਉਹ ਸਾਨੂੰ ਮਿਲੇ ਨਹੀਂ। ਕਈ ਮਹੀਨੇ ਹੋ ਗਏ ਸਕੂਲ 'ਚ ਆਇਆਂ। ਸ਼ਿਕਾਇਤ ਦਾ ਕੋਈ ਜਵਾਬ ਨਹੀਂ ਆਇਆ। ਇਸ ਦੌਰਾਨ ਬਰਸਾਤ ਦਾ ਸਮਾਂ ਨੇੜੇ ਆ ਗਿਆ। ਉਨ੍ਹਾਂ ਨੇ ਖੇਤ ਵਾਹੇ, ਬੀਜੇ। ਫਸਲਾਂ ਹਰੀਆਂ ਹੋ ਗਈਆਂ। ਇਕ ਦਿਨ ਉਨ੍ਹਾਂ ਦੇ ਦਿਲ ਦਾ ਜ਼ਖ਼ਮ ਫਿਰ ਤੋਂ ਹਰਾ ਹੋ ਗਿਆ। ਮਾਸਟਰ ਜੀ ਹੈੱਡ ਆਫ਼ਿਸ 'ਚ ਕਿਉਂ ਨਹੀਂ ਰਹਿੰਦੇ। ਸੋਚਿਆ ਛੋਟੇ ਅਧਿਕਾਰੀਆਂ ਨੂੰ ਲਿਖਣ ਦਾ ਕੋਈ ਫ਼ਾਇਦਾ ਨਹੀਂ ਹੈ।

ਫਿਰ ਪੰਚਾਇਤ 'ਚ ਚਰਚਾ ਹੋਈ। ਤੈਅ ਹੋਇਆ ਕਿ ਸਿੱਖਿਆ ਮੰਤਰੀ ਨੂੰ ਲਿਖਿਆ ਜਾਵੇ। ਲਿਖਿਆ ਗਿਆ। ਕੋਈ ਉੱਤਰ ਨਹੀਂ ਆਇਆ ਅਤੇ ਨਾ ਮਾਸਟਰ ਸਾਹਬ ਆਏ। ਇਸ ਦੌਰਾਨ ਫਸਲਾਂ ਕੱਟਣ ਦਾ ਮੌਸਮ ਆ ਗਿਆ। ਫਿਰ ਉਹ ਰੁਝ ਗਿਆ। ਹੁਣ ਦੋ ਮਹੀਨੇ ਉਸ ਕੋਲ ਸਮਾਂ ਕਿਥੇ? ਉਹ ਫਸਲ ਸਾਂਭਣ 'ਚ ਲੱਗਾ ਹੋਇਆ ਸੀ। ਇਕ ਦਿਨ ਉਸ ਨੂੰ ਇਕ ਪੱਤਰ ਡਾਕ 'ਚ ਮਿਲਿਆ, ਲਿਖਿਆ ਸੀ, "ਹੁਣ ਤੁਸੀਂ ਸ਼ਿਕਾਇਤਾਂ ਦੇ ਸੰਦਰਭ 'ਚ ਜ਼ਿਲ੍ਹਾ ਅਧਿਕਾਰੀ ਨੂੰ ਮਿਲੋ।" ਉਸ ਨੂੰ ਬਹੁਤ ਖੁਸ਼ੀ ਹੋਈ। ਸੋਚਿਆ ਪ੍ਰਸ਼ਾਸਨ 'ਚ ਦੇਰ ਹੈ, ਅੰਧੇਰ ਨਹੀਂ। ਲੋਕ ਸੱਚ ਹੀ ਕਹਿੰਦੇ ਹਨ ਸਾਲ ਪਿੱਛੋਂ ਉੱਤਰ ਆਇਆ ਤਾਂ ਹੋਇਆ, ਆਇਆ ਤਾਂ ਹੈ।" ਆਪਣੇ ਸਾਰੇ ਕੰਮ ਜਿਉਂ ਦੇ ਤਿਉਂ ਛੱਡ ਕੇ ਉਹ ਜ਼ਿਲ੍ਹਾ ਅਧਿਕਾਰੀ ਨੂੰ ਮਿਲਣ ਸ਼ਹਿਰ ਗਿਆ।

ਪਹਿਲੇ ਦਿਨ ਮੁਲਾਕਾਤ ਨਹੀਂ ਹੋਈ ਪਰ ਦੂਜੇ ਦਿਨ ਅਧਿਕਾਰੀ ਮਿਲੇ ਤਾਂ ਉਹ ਕਹਿਣ ਲੱਗੇ, "ਤੁਸੀਂ ਇੰਨੇ ਚੰਗੇ ਅਧਿਆਪਕ ਦੇ ਪਿੱਛੇ ਕਿਉਂ ਪਏ ਹੋਏ ਹੋ? ਬੜਾ ਆਦਰਸ਼ ਅਧਿਆਪਕ ਹੈ ਉਹ, ਸਾਡੇ ਜ਼ਿਲ੍ਹੇ ਦਾ ਗੌਰਵ ਹੈ। ਆਪਣੀ ਲਿਆਕਤ ਕਰਕੇ ਉਨ੍ਹਾਂ ਨੂੰ ਪੁਰਸਕਾਰ ਮਿਲਿਆ ਹੈ। ਇਸ 'ਤੇ ਤਾਂ ਤੁਹਾਨੂੰ ਅਤੇ ਤੁਹਾਡੇ ਪਿੰਡ ਵਾਲਿਆਂ ਨੂੰ ਮਾਣ ਹੋਣਾ ਚਾਹੀਦੈ।" ਸਰਪੰਚ ਦਾ ਸਿਰ ਆਪਣੇ ਕੀਤੇ ਕਰਾਏ ਕਰਕੇ ਝੁਕਿਆ ਹੋਇਆ ਸੀ ਪਰ ਮਨ ਅੰਦਰ ਉਸ ਨੂੰ ਆਪਣੇ ਪਿੰਡ ਦੇ ਅਧਿਆਪਕ 'ਤੇ ਰਸ਼ਕ ਹੋ ਰਿਹਾ ਸੀ।

- ਲਲਿਤ ਨਾਰਾਇਣ ਉਪਾਧਿਆਏ

ਮਿੰਨੀ ਕਹਾਣੀਆਂ

ਪਹਿਚਾਣ

ਅੰਧਾ-ਧੁੰਦ ਫਾਇਰਿੰਗ ਦੀ ਲਪੇਟ ਵਿਚ ਸਕੂਟਰ ਸਵਾਰ ਆ ਗਿਆ। ਉਸ ਦੀ ਥਾਂ 'ਤੇ ਹੀ ਮੌਤ ਹੋ ਗਈ। ਮੂਲੀਆਂ, ਟਮਾਟਰ, ਸਬਜ਼ੀ ਤੇ ਖਿਡੌਣੇ ਲਿਫਾਫਿਆਂ ਵਿਚੋਂ ਨਿਕਲ ਕੇ ਸੜਕ 'ਤੇ ਖਿਲਰੇ ਪਏ ਸਨ। ਇਸ ਤੋਂ ਲੱਗਦਾ ਸੀ ਉਹ ਬਾਲ ਬੱਚੇਦਾਰ ਐ। ਸਕੂਟਰ ਦੀ ਟੋਕਰੀ ਵਿਚੋਂ ਤਾਜ਼ਾ ਅਖਬਾਰ, ਨੋਟ ਬੁੱਕ ਤੇ ਸਾਹਿਤਕ ਕਿਤਾਬਾਂ ਮਿਲੀਆਂ। ਲੱਗਦਾ ਸੀ ਕਿ ਉਹ ਪ੍ਰਗਤੀਸ਼ੀਲ ਲਹਿਰ ਨਾਲ ਜੁੜਿਆ ਹੋਇਐ। ਉਸ ਦੀ ਜੇਬ ਵਿਚੋਂ ਦੋ-ਤਿੰਨ ਸਮਾਜ ਸੇਵੀ ਜਥੇਬੰਦੀਆਂ ਤੇ ਸਿਆਸੀ ਪਾਰਟੀਆਂ ਦੇ ਪਹਿਚਾਣ ਪੱਤਰ ਮਿਲੇ। ਜਾਪਦਾ ਸੀ ਕਿ ਉਹ ਕਿਰਿਆਸ਼ੀਲ ਮਨੁੱਖ ਹੈ। ਅੰਧਾ-ਧੁੰਦ ਫਾਇਰਿੰਗ ਕਰਨ ਵਾਲਿਆਂ ਦੀ ਇਹ ਪਹਿਚਾਣ ਹੋਈ ਕਿ ਉਨ੍ਹਾਂ ਦੇ ਮੋਢਿਆਂ ਉੱਤੇ ਆਪਣੇ ਸਿਰ ਨਹੀਂ ਸਨ।

-ਸੁਖਦੇਵ ਸਿੰਘ ਔਲਖ

ਦਰਦ

ਉਹ ਪਹਿਲੀ ਵਾਰ ਪਿਓ ਬਣ ਰਿਹਾ ਸੀ। ਹੋਣ ਵਾਲੇ ਬੱਚੇ ਦੇ ਉਸ ਨੇ ਦੋ ਨਾਂ ਸੋਚ ਲਏ ਸਨ। ਜੇਕਰ ਲੜਕਾ ਪੈਦਾ ਹੋਇਆ ਤਾਂ ਬਲਤੇਜ! ਜੇਕਰ ਪ੍ਰਮਾਤਮਾ ਨੇ ਧੀ ਦਿੱਤੀ ਤਾਂ ਕਮਲਜੀਤ। ਪ੍ਰਮਾਤਮਾ ਦੀ ਕ੍ਰਿਪਾ ਨਾਲ ਉਸ ਨੂੰ ਪੁੱਤਰ ਦੀ ਦਾਤ ਮਿਲੀ। ਪਰਿਵਾਰ ਵਿਚ ਬਹੁਤ ਖੁਸ਼ੀਆਂ ਅਤੇ ਚਾਅ ਲਾਡ ਕੀਤੇ ਗਏ। ਹੁਣ ਲੜਕੇ ਦੀ ਉਮਰ ਕਈ ਸਾਲ ਦੀ ਹੋ ਗਈ ਹੈ..ਪਰ ਉਸ ਨੇ ਪੁੱਤਰ ਨੂੰ ਕਦੇ ਬਲਤੇਜ ਕਹਿ ਕੇ ਆਵਾਜ਼ ਨਹੀਂ ਮਾਰੀ। ਉਹ ਜਮਾਂਦਰੂ ਗੂੰਗਾ-ਬੋਲਾ ਪੈਦਾ ਹੋਇਆ ਸੀ।

ਸ਼ੋਹਰਤ

"ਬਾਪੂ ਜੀ ਅੱਜ ਆਪਣਾ ਸੀਰੀ ਕਰਮਾ ਆਇਆ ਸੀ।" "ਕੀ ਕਹਿੰਦਾ ਸੀ?" ਗੁਰਦੀਪ ਦੇ ਬਾਪੂ ਨੇ ਪੂਰੀ ਤਰ੍ਹਾਂ ਆਪਣਾ ਧਿਆਨ ਗੁਰਦੀਪ ਦੀ ਗੱਲ ਵੱਲ ਕਰ ਦਿੱਤਾ। ਕਹਿੰਦਾ ਸੀ ਅਖੇ ਉਹਦੀ ਛੋਟੀ ਕੁੜੀ ਦਾ ਵਿਆਹ ਐ, ਕਿਵੇਂ ਕਰੋ, ਪੈਸੇ ਦੀ ਬਣਦੀ ਸਰਦੀ ਮਦਦ ਕਰ ਦਿਓ। ਅਸੀਂ ਥੋਡੇ ਨੀ ਆਵਾਂਗਾ ਤਾਂ ਹੋਰ ਕੀਹਦੇ ਜਾਵਾਂਗੇ?" "ਫਿਰ ਤੂੰ ਕੀ ਕਹਿਤਾ?" "ਬਾਪੂ ਜੀ, ਮੈਂ ਤਾਂ ਥੋਡੇ ਨਾਲ ਰਾਇ ਕਰਨੀ ਸੀ, ਤਾਂ ਕਰਕੇ ਉਹਨੂੰ ਆਥਣੇ ਆਉਣ ਲਈ ਕਹਿਤਾ। ਆਪਾਂ ਊਂ ਵੀ ਤਾਂ ਪੰਜਾਬ ਹਜ਼ਾਰ ਬੇਬੇ ਜੀ ਦੇ ਨਾਂ 'ਤੇ ਗੁਰਦੁਆਰਾ ਸਾਹਿਬ ਦੇਣਾ ਈ ਆ, ਕਿਉਂ ਨਾ ਉਹ ਗਰੀਬ ਦੀ ਕੁੜੀ ਦੇ ਵਿਆਹ 'ਤੇ ਲਾ ਦੇਈਏ।" ਗੁਰਦੀਪ ਦੀ ਗੱਲ ਸੁਣ ਕੇ ਉਹਦੇ ਬਾਪੂ ਜੀ ਹੱਕੇ ਬੱਕੇ ਰਹਿ ਗਏ। ਫਟਾਫਟ ਕਹਿਣ ਲੱਗੇ, "ਤੇਰਾ ਤਾਂ ਦਿਮਾਗ ਖਰਾਬ ਹੋ ਗਿਆ ਲੱਗਦੈ, ਉਥੇ ਤਾਂ ਮੇਰੇ ਨਾਂ ਦਾ ਪੱਥਰ ਲੱਗੂ, ਬਈ ਜਥੇਦਾਰ ਸੁਰਜਣ ਸਿਹੁੰ ਨੇ 50 ਹਜ਼ਾਰ ਦੀ ਸੇਵਾ ਵਿਚ ਹਿੱਸਾ ਪਾਇਆ। ਵਿਆਹ 'ਤੇ ਪੈਸੇ ਲਾ ਕੇ ਕੀਹਨੇ ਯਾਦ ਕਰਨੈ।" ਗੁਰਦੀਪ ਹੁਣ ਬਾਪੂ ਜੀ ਦੀ ਚਿਹਰਾ ਪਛਾਨਣ ਦੀ ਕੋਸ਼ਿਸ਼ ਕਰ ਰਿਹਾ ਸੀ।

-ਜਸਪ੍ਰੀਤ ਕੌਰ ਸੋਹੀ

ਗ਼ਰੀਬੀ

ਸ਼ਰਾਬ ਦੀਆਂ ਦੁਕਾਨਾਂ 'ਤੇ ਬਹੁਤ ਭੀੜ ਹੈ। ਅਸ਼ਲੀਲਤਾ ਦੇ ਅੱਡਿਆਂ 'ਤੇ ਬਹੁਤ ਰੌਣਕ ਹੈ। ਚਰਸ ਦੇ ਠੇਕਿਆਂ 'ਤੇ ਬਹੁਤ ਭੀੜ ਲੱਗੀ ਹੋਈ ਹੈ ਲੇਕਿਨ ਸਾਡਾ ਦੇਸ਼ ਬਹੁਤ ਗ਼ਰੀਬ ਹੈ।

ਇਕ ਪੱਖ

ਉਸ ਨੇ ਕਿਹਾ, ਮੈਂ ਕਾਨੂੰਨ ਹਾਂ। ਮੈਂ ਤਸਵੀਰ ਦਾ ਸਿਰਫ਼ ਇਕ ਪੱਖ ਦੇਖਦਾ ਹਾਂ। ਮੈਂ ਅਪਰਾਧੀ ਨੂੰ ਦੰਡ ਤਾਂ ਦੇ ਸਕਦਾ ਹਾਂ ਪਰ ਅਪਰਾਧ ਪੈਦਾ ਕਰਨਾ ਵਾਲੀਆਂ ਜੜ੍ਹਾਂ ਨਹੀਂ ਕੱਟ ਸਕਦਾ।"

ਕਾਵਿ ਰਚਨਾ

ਗਜ਼ਲ

ਨਹੀਂ ਪਰਤਿਆ ਚੁਰਾ ਕੇ ਮੇਰੇ ਦਿਲ ਨੂੰ ਦਿਲ ਦੇ ਖੋਟੇ।
ਤਦੇ ਔਂਸੀਆਂ ਨੂੰ ਪਾ ਪਾ, ਮੇਰੇ ਘਰਸ ਗਏ ਪੋਟੇ।
ਤਿਰਾ ਪਿਆਰ ਜਾਚਣੇ ਹਿੱਤ ਮੈਂ ਜੋ ਤੋੜੀਆਂ ਸੀ ਵੰਗਾਂ,
ਤਿਰੇ ਦਿਲ 'ਚ ਚੁੱਭ ਰਹੇ ਹਨ ਉਨ੍ਹਾਂ ਚੂੜੀਆਂ ਦੇ ਟੋਟੇ।
ਜਿਨ੍ਹੇ ਪਿਆਰ ਤੰਦ ਹਰਇਕ ਤਿਰਾ ਨਾਮ ਲੈ ਕੇ ਪਾਈ,
ਤੇਰੇ ਯਾਦ ਦੇ ਸਿਰਹਾਣੇ ਉਦ੍ਹੇ ਭਿੱਜ ਗਏ ਗਲੋਟੇ।
ਤੂੰ ਹੀ ਜਾਣਦਾ ਹੈਂ ਸ਼ਾਇਦ, ਉਨ੍ਹੇ ਕਿਉਂ ਧਨੁਸ਼ ਉਠਾਇਆ?
ਤੇਰੇ ਅਮਨ ਪਰਚਮਾਂ ਨੂੰ ਜੋ ਲਗਾ ਰਹੀ ਸੀ ਗੋਟੇ।
ਉਹ ਨਹੀਂ ਮਨੁੱਖ ਤੇਰੇ, ਉਹ ਤਾਂ ਭ੍ਰਿਸ਼ਟ ਦੈਂਤ ਜਾਪਣ,
ਤੇਰਾ ਨਾਮ ਲੈ ਕੇ ਨਿੱਤ ਦਿਨ ਜਿਹੜੇ ਛੱਕ ਰਹੇ ਨੇ ਕੋਟੇ।
ਜਿਨ੍ਹਾਂ ਨੂੰ ਪਤਾ ਹੈ ਰੱਬਾ, ਤੇਰਾ ਹੈ ਨਿਵਾਸ ਕਿਸ ਥਾਂ,
ਉਹੀ ਪੂਜਦੇ ਨੇ ਪਿੱਪਲ ਕਦੇ ਬੋੜ੍ਹ ਜਾਂ ਬੋਰਟੇ।
ਕਿਸੇ ਬੇਕਸੂਰ ਖਾਤਰ, ਜਿਨ੍ਹਾਂ ਧਰਮ ਯੁੱਧ ਕੀਤਾ,
ਅਸੀਂ ਸਾਂਭ-ਸਾਂਭ ਰੱਖੀਏ ਉਨ੍ਹਾਂ ਬਰਛੀਆਂ ਦੇ ਟੋਟੇ।
ਉਦੋਂ ਤੂੰ ਮਨੁੱਖਤਾ ਵਿਚ ਕਈ ਘੋਲੀਆਂ ਦੀ ਜ਼ਹਿਰਾਂ,
ਉਸਦੀ ਬੰਦਗੀ ਦੀ ਸ਼ਹਿ ਤੇ ਜਦੋਂ ਤੂੰ ਕਨੂੰਨ ਘੋਟੇ।

-ਸਿਰੀ ਰਾਮ ਅਰਸ

ਮਹਿਕਾਂ ਖਿੰਡਾਵਾਂ

ਖੁਸ਼ਬੂਆਂ ਨੂੰ ਦੱਸ ਮੈਂ ਕਿਥੇ ਲੁਕਾਵਾਂ
ਬਹੁਤ ਹੀ ਗੁਸਤਾਖ ਨੇ ਚੰਚਲ ਹਵਾਵਾਂ।
ਰੋਜ਼ ਸੀਤਾ ਹਰਣਨ ਹੁੰਦੇ ਨੇ ਹਜ਼ਾਰਾਂ
ਦੱਸ ਏਨੇ ਗ਼ਮ ਮੈਂ ਕਿੱਥੋਂ ਲਿਆਵਾਂ।
ਪਰਤ ਆਵੇਗਾ ਮੇਰਾ ਤੁਰਸ਼ਦ ਯਕੀਨਨ
ਦਿਲ ਦੇ ਸਿੰਘਾਸਣ 'ਤੇ ਪਈਆਂ ਨੇ ਖੜਾਵਾਂ।
ਸ਼ਾਂਤ ਨਦੀਆਂ ਵਿਚ ਹਲਚਲ ਛਿੜ ਪਈ ਹੈ
ਪਾਣੀਆਂ ਦੇ ਜਿਸਮ ਨੂੰ ਚੁੰਮਣ ਹਵਾਵਾਂ।
ਸੀਨਿਆਂ ਵਿਚ ਰਿਸ ਰਹੇ ਇਰਾਕ-ਕਾਬੁਲ,
ਜ਼ਖ਼ਮ ਆਦਮਜ਼ਾਤ ਦੇ ਕੀਹਨੂੰ ਦਿਖਾਵਾਂ।
ਓਸ ਔਰਤ ਵਿਚ ਕੀ-ਕੀ ਘੁਲ ਗਿਆ ਹੈ
ਦੇਵੀਆਂ, ਕੁਝ ਦਾਸੀਆਂ, ਕਈ ਅਪਸਰਾਵਾਂ।
ਪਾਣੀਆਂ ਵਿਚ ਜਿਸ ਤਰ੍ਹਾਂ ਮੁਰਗਾਬੀਆਂ ਨੇ
ਮਨ ਦੇ ਅੰਦਰ ਤਰਸਦੀਆਂ ਨੇ ਭਾਵਨਾ।
ਦਸ ਰੱਬਾ ਵਿਛੜੇ ਕਿਸ ਮੁੱਲ ਮਿਲਦੇ
ਪੁੱਤ-ਮਾਵਾਂ ਨੂੰ ਅਤੇ ਪੁੱਤ ਮਾਵਾਂ।
ਸ਼ਬਦ ਜੰਗਲ ਵਿਚ ਮੈਂ ਵੀ ਉੱਗਿਆ ਹਾਂ,
ਕਾਸ਼ ਮੈਂ ਚੰਦਨ ਬਣਾਂ! ਮਹਿਕਾਂ ਖਿੰਡਾਵਾਂ।

ਕਵਿਤਾ

ਜ਼ਰੂਰਤ

ਜ਼ਰੂਰਤ ਹੈ........
ਅੱਖੀਆਂ ਵਿੱਚ ਸੱਚੇ ਨੀਰਾਂ ਦੀ
ਕੁਝ ਬਨਦੀਆਂ
ਵਿਗੜਦੀਆਂ ਤਕਦੀਰਾਂ
ਦੀ ਮੁੱਖ ਉਤੇ
ਹਾਸੇ ਦੀਆਂ ਲਕੀਰਾਂ ਦੀ
ਕੁਝ ਹੱਸਦੀਆਂ ਰੋਂਦੀਆਂ ਤਸਵੀਰਾਂ ਦੀ
ਜ਼ਰੂਰਤ ਹੈ..........ਜ਼ਰੂਰਤ ਹੈ
ਦੁੱਖ ਵਿਚ ਹੱਸਣ ਦੀ
ਗਮ ਨੂੰ ਖੁਸ਼ੀ
ਨਾਲ ਦੱਸਣ ਦੀ
ਲੋੜ ਪੈਣ 'ਤੇ ਦੁਨੀਆਂ ਛੱਡ
ਕੇ ਨੱਸਣ ਦੀ
ਜ਼ਰੂਰਤ ਵਿਚ ਸੱਚੀ ਦੋਸਤੀ ਪਰਖਣ ਦੀ
ਜ਼ਰੂਰਤ ਹੈ..........
ਸੱਚੀ ਮੁਹੱਬਤ
ਵਿਚ ਧੋਖੇ ਨਾ ਦੇਣ ਦੀ
ਜ਼ਿਆਦਤੀ 'ਚ ਅੱਖਾਂ ਬੰਦ ਨਾ ਕਰ
ਬੈਠਣ ਦੀ ਪਿੱਠ ਪਿੱਛੇ ਛੁਰੀ
ਨਾ ਮਾਰਨ ਦੀ
ਹਰ ਸੱਚੇ ਵਿਸ਼ਵਾਸ ਨੂੰ ਨਾ ਤੋੜਨ
ਦੀ ਜ਼ਰੂਰਤ ਹੈ.........ਜ਼ਰੂਰਤ ਹੈ
ਫੁੱਲਾਂ ਨੂੰ ਸਮੇਂ ਤੋਂ ਪਹਿਲਾਂ
ਮੁਰਝਾਉਣ ਤੋਂ ਬਚਾਉਣ ਦੀ
ਬੱਚਿਆਂ ਨੂੰ ਖੇਡਾਂ ਖਿਡਾਉਣ ਦੀ
ਕੁੜੀਆਂ ਨੂੰ
ਇਸ ਦੁਨੀਆਂ 'ਚ ਲਿਆਉਣ ਦੀ
ਰੱਬ ਨੂੰ ਵਾਪਸ ਦੁਨੀਆਂ ਵਿਚ
ਵਸਾਉਣ ਦੀ
ਰੋਂਦੀਆਂ ਅੱਖੀਆਂ
ਨੂੰ ਹਸਾਉਣ ਦੀ
ਟੁੱਟੇ ਦਿਲਾਂ ਨੂੰ ਜੋੜਨ ਦੀ
ਵਿਗੜਦੀਆਂ
ਤਸਵੀਰਾਂ ਬਣਾਉਣ ਦੀ
ਦੁਨੀਆਂ ਵਿਚ ਨਵਾਂ
ਚਮਨ ਖਿਲਾਉਣ ਦੀ
ਅੱਜ! ਜ਼ਰੂਰਤ
ਹੈ........ਜ਼ਰੂਰਤ ਹੈ

- ਤਰਨ

ਪਰਮਿੰਦਰ ਸਿੰਘ ਝੋਟਾ ਅਤੇ ਸਾਡੀ ਜ਼ਿੰਮੇਵਾਰੀ : ਸਿਰਫ਼ ਗੁਣਗਾਨ ਕਰਨ ਨਾਲ ਨਹੀਂ ਬਦਲਣਗੇ ਹਾਲਾਤ

ਮਾਨਸਾ, 13 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਸਮਾਜ ਵਿੱਚ ਜਦੋਂ ਕੋਈ ਵਿਅਕਤੀ ਲੋਕਾਂ ਦੇ ਹੱਕਾਂ, ਨੌਜਵਾਨਾਂ ਦੇ ਭਵਿੱਖ ਅਤੇ ਸਮਾਜਿਕ ਬੁਰਾਈਆਂ ਵਿਰੁੱਧ ਆਵਾਜ਼ ਬੁਲੰਦ ਕਰਦਾ ਹੈ ਤਾਂ ਲੋਕ ਉਸ ਦੀ ਹਿੰਮਤ ਦੀ ਪ੍ਰਸ਼ੰਸਾ ਕਰਦੇ ਹਨ, ਉਸ ਦੇ ਹੱਕ ਵਿੱਚ ਨਾਅਰੇ ਲਗਾਏ ਜਾਂਦੇ ਹਨ, ਸੋਸ਼ਲ ਮੀਡੀਆ ’ਤੇ ਪੋਸਟਾਂ ਸਾਂਝੀਆਂ ਕੀਤੀਆਂ ਜਾਂਦੀਆਂ ਹਨ ਅਤੇ ਉਸ ਨੂੰ ਆਪਣਾ ਹੀਰੋ ਮੰਨਿਆ ਜਾਂਦਾ ਹੈ, ਪਰ ਇੱਕ ਸਵਾਲ ਸਾਡੇ ਸਾਹਮਣੇ ਖੜ੍ਹਾ ਹੁੰਦਾ ਹੈ ਕਿ ਕੀ ਸਿਰਫ਼ ਕਿਸੇ ਵਿਅਕਤੀ ਦਾ ਗੁਣਗਾਨ ਕਰਨ ਨਾਲ ਸਮਾਜ ਦੇ ਹਾਲਾਤ ਬਦਲ ਸਕਦੇ ਹਨ। ਪਰਮਿੰਦਰ ਸਿੰਘ ਝੋਟਾ ਦਾ ਨਾਮ ਵੀ ਅੱਜ ਸਮਾਜਿਕ ਚਰਚਾ ਦਾ ਵਿਸ਼ਾ ਹੈ ਅਤੇ ਉਨ੍ਹਾਂ ਨਾਲ ਜੁੜੀ ਹਰ ਗੱਲ ਨੂੰ ਸਿਰਫ਼ ਇੱਕ ਵਿਅਕਤੀ ਦੀ ਲੜਾਈ ਸਮਝਣ ਦੀ ਬਜਾਏ ਸਾਨੂੰ ਇਸ ਦੇ ਪਿੱਛੇ ਛੁਪੇ ਵੱਡੇ ਸਮਾਜਿਕ ਸਵਾਲਾਂ ਨੂੰ ਸਮਝਣ ਦੀ ਲੋੜ ਹੈ ਕਿਉਂਕਿ ਨਸ਼ਿਆਂ ਦਾ ਫੈਲਾਅ, ਨੌਜਵਾਨਾਂ ਦਾ ਭਵਿੱਖ, ਪ੍ਰਸ਼ਾਸਨ ਦੀ ਜਵਾਬਦੇਹੀ ਅਤੇ ਸਮਾਜ ਦੀ ਚੁੱਪ ਵਰਗੇ ਮੁੱਦੇ ਕਿਸੇ ਇੱਕ ਵਿਅਕਤੀ ਦੇ ਯਤਨਾਂ ਨਾਲ ਹੱਲ ਨਹੀਂ ਹੋ ਸਕਦੇ ਅਤੇ ਇਸ ਲਈ ਇਹ ਲੜਾਈ ਸਿਰਫ਼ ਕਿਸੇ ਇੱਕ ਦੀ ਨਹੀਂ, ਸਗੋਂ ਸਮੁੱਚੇ ਸਮਾਜ ਦੀ ਜ਼ਿੰਮੇਵਾਰੀ ਹੈ।

ਸਾਡੇ ਸਮਾਜ ਦੀ ਇੱਕ ਵੱਡੀ ਕਮਜ਼ੋਰੀ ਇਹ ਹੈ ਕਿ ਅਸੀਂ ਕਿਸੇ ਵਿਅਕਤੀ ਦੇ ਸੰਘਰਸ਼ ਦੀ ਪ੍ਰਸ਼ੰਸਾ ਤਾਂ ਬਹੁਤ ਕਰਦੇ ਹਾਂ ਪਰ ਉਸ ਦੇ ਮਕਸਦ ਨੂੰ ਆਪਣੀ ਜ਼ਿੰਦਗੀ ਦਾ ਹਿੱਸਾ ਬਣਾਉਣ ਲਈ ਅੱਗੇ ਨਹੀਂ ਆਉਂਦੇ, ਜਿਵੇਂ ਕਿ ਜੇਕਰ ਕੋਈ ਵਿਅਕਤੀ ਨਸ਼ਿਆਂ ਵਿਰੁੱਧ ਆਵਾਜ਼ ਉਠਾਉਂਦਾ ਹੈ ਤਾਂ ਸਾਡੀ ਜ਼ਿੰਮੇਵਾਰੀ ਸਿਰਫ਼ ਉਸ ਦੀ ਵੀਡੀਓ ਸਾਂਝੀ ਕਰਨਾ ਨਹੀਂ ਸਗੋਂ ਆਪਣੇ ਆਲੇ-ਦੁਆਲੇ ਨਸ਼ਿਆਂ ਦੇ ਖ਼ਿਲਾਫ਼ ਜਾਗਰੂਕਤਾ ਪੈਦਾ ਕਰਨਾ ਵੀ ਹੈ ਤਾਂ ਜੋ ਅਸੀਂ ਸੱਚਮੁੱਚ ਪੰਜਾਬ ਦੀ ਜਵਾਨੀ ਨੂੰ ਬਚਾ ਸਕੀਏ ਅਤੇ ਆਪਣੇ ਘਰਾਂ, ਪਿੰਡਾਂ, ਮੁਹੱਲਿਆਂ ਅਤੇ ਵਿਦਿਅਕ ਸੰਸਥਾਵਾਂ ਤੋਂ ਇਸ ਦੀ ਸ਼ੁਰੂਆਤ ਕਰ ਸਕੀਏ। ਜਦੋਂ ਸਾਡੇ ਆਲੇ-ਦੁਆਲੇ ਕੋਈ ਨੌਜਵਾਨ ਨਸ਼ਿਆਂ ਵੱਲ ਵਧਦਾ ਹੈ, ਕਿਸੇ ਪਰਿਵਾਰ ਦਾ ਘਰ ਉਜੜਦਾ ਹੈ ਜਾਂ ਕਿਸੇ ਗਲੀ-ਮੁਹੱਲੇ ਵਿੱਚ ਗਲਤ ਗਤੀਵਿਧੀਆਂ ਵਧਦੀਆਂ ਹਨ ਤਾਂ ਅਕਸਰ ਲੋਕ ਇਹ ਕਹਿ ਕੇ ਪਾਸਾ ਵੱਟ ਲੈਂਦੇ ਹਨ ਕਿ ਸਾਨੂੰ ਕੀ ਲੈਣਾ-ਦੇਣਾ ਹੈ, ਪਰ ਸਾਨੂੰ ਯਾਦ ਰੱਖਣਾ ਚਾਹੀਦਾ ਹੈ ਕਿ ਸਮਾਜਿਕ ਬੁਰਾਈਆਂ ਕਦੇ ਵੀ ਕਿਸੇ ਇੱਕ ਘਰ ਤੱਕ ਸੀਮਤ ਨਹੀਂ ਰਹਿੰਦੀਆਂ ਕਿਉਂਕਿ ਅੱਜ ਕਿਸੇ ਹੋਰ ਦਾ ਬੱਚਾ ਇਸ ਦੀ ਲਪੇਟ ਵਿੱਚ ਹੈ ਅਤੇ ਕੱਲ੍ਹ ਇਹ ਸਮੱਸਿਆ ਸਾਡੇ ਘਰ ਤੱਕ ਵੀ ਪਹੁੰਚ ਸਕਦੀ ਹੈ, ਜਿਸ ਕਰਕੇ ਸਮਾਜ ਦੇ ਲੋਕਾਂ, ਪੰਚਾਇਤਾਂ, ਨੌਜਵਾਨ ਕਲੱਬਾਂ, ਧਾਰਮਿਕ ਸੰਸਥਾਵਾਂ, ਅਧਿਆਪਕਾਂ ਅਤੇ ਸਿਹਤ ਵਿਭਾਗ ਨੂੰ ਮਿਲ ਕੇ ਸਾਂਝੇ ਯਤਨ ਕਰਨੇ ਚਾਹੀਦੇ ਹਨ। ਪੰਜਾਬ ਦੀ ਜਵਾਨੀ ਨੂੰ ਬਚਾਉਣ ਲਈ ਸਿਰਫ਼ ਭਾਸ਼ਣ ਅਤੇ ਨਾਅਰੇ ਕਾਫ਼ੀ ਨਹੀਂ ਹਨ ਸਗੋਂ ਠੋਸ ਕਦਮ ਚੁੱਕਣ ਦੀ ਲੋੜ ਹੈ ਜਿਸ ਤਹਿਤ ਨੌਜਵਾਨਾਂ ਨੂੰ ਖੇਡਾਂ, ਸਿੱਖਿਆ ਅਤੇ ਰੁਜ਼ਗਾਰ ਦੇ ਮੌਕੇ ਦੇਣੇ ਹੋਣਗੇ, ਨਸ਼ੇ ਦੀ ਲਤ ਨਾਲ ਜੂਝ ਰਹੇ ਵਿਅਕਤੀਆਂ ਨੂੰ ਅਪਰਾਧੀ ਸਮਝਣ ਦੀ ਬਜਾਏ ਇਲਾਜ ਅਤੇ ਸਹਿਯੋਗ ਦੇਣਾ ਹੋਵੇਗਾ, ਨਸ਼ਾ ਤਸਕਰੀ ਵਿਰੁੱਧ ਕਾਨੂੰਨ ਅਨੁਸਾਰ ਸਖ਼ਤ ਅਤੇ ਨਿਰਪੱਖ ਕਾਰਵਾਈ ਹੋਣੀ ਚਾਹੀਦੀ ਹੈ, ਪਿੰਡਾਂ ਅਤੇ ਸ਼ਹਿਰਾਂ ਵਿੱਚ ਲੋਕਾਂ ਦੀ ਸ਼ਮੂਲੀਅਤ ਨਾਲ ਜਾਗਰੂਕਤਾ ਮੁਹਿੰਮਾਂ ਚਲਾਉਣੀਆਂ ਚਾਹੀਦੀਆਂ ਹਨ ਅਤੇ ਸਰਕਾਰ ਜਾਂ ਪ੍ਰਸ਼ਾਸਨ ਤੋਂ ਲਗਾਤਾਰ ਜਵਾਬਦੇਹੀ ਮੰਗਣੀ ਚਾਹੀਦੀ ਹੈ ਕਿਉਂਕਿ ਨਸ਼ੇ ਦੀ ਸਮੱਸਿਆ ਨੂੰ ਸਿਰਫ਼ ਪੁਲਿਸ ਜਾਂ ਸਰਕਾਰ ਦੀ ਜ਼ਿੰਮੇਵਾਰੀ ਸਮਝ ਕੇ ਅਸੀਂ ਆਪਣਾ ਫ਼ਰਜ਼ ਪੂਰਾ ਨਹੀਂ ਕਰ ਸਕਦੇ।

ਅੱਜ ਅਸੀਂ ਕਿਸੇ ਵੀ ਵਿਅਕਤੀ ਨੂੰ ਕੁਝ ਮਿੰਟਾਂ ਵਿੱਚ ਸੋਸ਼ਲ ਮੀਡੀਆ ਦਾ ਹੀਰੋ ਬਣਾ ਸਕਦੇ ਹਾਂ ਅਤੇ ਉਸ ਦੀਆਂ ਤਸਵੀਰਾਂ, ਵੀਡੀਓ ਅਤੇ ਵਿਚਾਰ ਹਜ਼ਾਰਾਂ ਲੋਕਾਂ ਤੱਕ ਪਹੁੰਚਾ ਸਕਦੇ ਹਾਂ, ਪਰ ਅਸਲ ਸਵਾਲ ਇਹ ਹੈ ਕਿ ਕੀ ਸਾਡੀ ਇਸ ਸਰਗਰਮੀ ਨਾਲ ਜ਼ਮੀਨੀ ਪੱਧਰ ’ਤੇ ਕੋਈ ਬਦਲਾਅ ਵੀ ਆ ਰਿਹਾ ਹੈ, ਇਸ ਲਈ ਜੇਕਰ ਅਸੀਂ ਕਿਸੇ ਦੇ ਵਿਚਾਰਾਂ ਨਾਲ ਸਹਿਮਤ ਹਾਂ ਤਾਂ ਸਾਨੂੰ ਉਨ੍ਹਾਂ ਚੰਗੇ ਵਿਚਾਰਾਂ ਨੂੰ ਅਮਲ ਵਿੱਚ ਲਿਆਉਣਾ ਚਾਹੀਦਾ ਹੈ, ਵਿਅਕਤੀ ਵਿਸ਼ੇਸ਼ ਦੀ ਪ੍ਰਸ਼ੰਸਾ ਕਰਨ ਦੇ ਨਾਲ-ਨਾਲ ਉਸ ਮਕਸਦ ਨੂੰ ਵੀ ਮਜ਼ਬੂਤ ਕਰਨਾ ਚਾਹੀਦਾ ਹੈ ਜਿਸ ਲਈ ਉਹ ਆਵਾਜ਼ ਉਠਾ ਰਿਹਾ ਹੈ, ਅਤੇ ਤੱਥਾਂ, ਕਾਨੂੰਨ ਤੇ ਲੋਕਤੰਤਰੀ ਮਰਿਆਦਾਵਾਂ ਨੂੰ ਮਹੱਤਵ ਦਿੰਦਿਆਂ ਕਿਸੇ ਵੀ ਸੰਘਰਸ਼ ਦੀ ਸਫ਼ਲਤਾ ਨੂੰ ਉਸ ਦੇ ਸਕਾਰਾਤਮਕ ਨਤੀਜਿਆਂ ਨਾਲ ਮਾਪਣਾ ਚਾਹੀਦਾ ਹੈ। ਪਰਮਿੰਦਰ ਸਿੰਘ ਝੋਟਾ ਹੋਣ ਜਾਂ ਸਮਾਜ ਵਿੱਚ ਬਦਲਾਅ ਲਈ ਯਤਨ ਕਰਨ ਵਾਲਾ ਕੋਈ ਹੋਰ ਵਿਅਕਤੀ, ਸਾਨੂੰ ਇਹ ਸਮਝਣਾ ਪਵੇਗਾ ਕਿ ਕੋਈ ਵੀ ਵਿਅਕਤੀ ਇਕੱਲਾ ਪੂਰੇ ਸਮਾਜ ਦੀ ਕਿਸਮਤ ਨਹੀਂ ਬਦਲ ਸਕਦਾ ਅਤੇ ਅਸੀਂ ਕਦੋਂ ਤੱਕ ਦੂਜਿਆਂ ਤੋਂ ਉਮੀਦ ਰੱਖਦੇ ਰਹਾਂਗੇ ਕਿ ਉਹ ਸਾਡੇ ਲਈ ਲੜਨ, ਸਾਡੇ ਹੱਕਾਂ ਦੀ ਆਵਾਜ਼ ਬਣਨ ਅਤੇ ਸਾਡੇ ਸਮਾਜ ਨੂੰ ਬਚਾਉਣ ਜਦੋਂ ਕਿ ਸਾਡੀ ਆਪਣੀ ਵੀ ਜ਼ਿੰਮੇਵਾਰੀ ਬਣਦੀ ਹੈ।

ਆਓ, ਚੰਗੇ ਵਿਅਕਤੀਆਂ ਦਾ ਗੁਣਗਾਨ ਕਰਨ ਦੇ ਨਾਲ-ਨਾਲ ਉਨ੍ਹਾਂ ਦੇ ਚੰਗੇ ਮਕਸਦਾਂ ਦਾ ਸਾਥ ਦੇਈਏ, ਨਸ਼ਿਆਂ ਵਿਰੁੱਧ ਸਿਰਫ਼ ਪੋਸਟਾਂ ਨਾ ਪਾਈਏ ਸਗੋਂ ਆਪਣੇ ਪਿੰਡ ਅਤੇ ਸਮਾਜ ਨੂੰ ਨਸ਼ਾ ਮੁਕਤ ਬਣਾਉਣ ਲਈ ਅਮਲੀ ਯਤਨ ਕਰੀਏ ਕਿਉਂਕਿ ਪੰਜਾਬ ਨੂੰ ਸਿਰਫ਼ ਹੀਰੋਆਂ ਦੀ ਲੋੜ ਨਹੀਂ ਸਗੋਂ ਜਾਗਰੂਕ, ਜ਼ਿੰਮੇਵਾਰ ਅਤੇ ਹਿੰਮਤੀ ਨਾਗਰਿਕਾਂ ਦੀ ਲੋੜ ਹੈ।

ਯਾਦ ਰੱਖੋ ਕਿ ਬਦਲਾਅ ਕਿਸੇ ਇੱਕ ਵਿਅਕਤੀ ਦੇ ਮੋਢਿਆਂ ’ਤੇ ਨਹੀਂ ਆਉਂਦਾ, ਸਗੋਂ ਬਦਲਾਅ ਉਦੋਂ ਆਉਂਦਾ ਹੈ ਜਦੋਂ ਸਮਾਜ ਦਾ ਹਰ ਵਿਅਕਤੀ ਆਪਣੀ ਜ਼ਿੰਮੇਵਾਰੀ ਸਮਝਦਾ ਹੈ ਕਿਉਂਕਿ ਗੁਣਗਾਨ ਨਹੀਂ ਸਗੋਂ ਯੋਗਦਾਨ ਪਾਉਣ ਦੀ ਲੋੜ ਹੈ ਅਤੇ ਤਾਰੀਫ਼ ਨਹੀਂ ਸਗੋਂ ਤਬਦੀਲੀ ਲਿਆਉਣ ਦੀ ਲੋੜ ਹੈ।

ਟੈਗੋਰ ਇੰਟਰਨੈਸ਼ਨਲ ਸਕੂਲ ਵਿਖੇ ਦੀਵਾਲੀ ਦਾ ਪਾਵਨ ਤਿਉਹਾਰ ਸ਼ਰਧਾ, ਉਤਸ਼ਾਹ ਅਤੇ ਖੁਸ਼ੀਆਂ ਨਾਲ ਮਨਾਇਆ ਗਿਆ



ਦੇਵੀਗੜ੍ਹ, 13 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਟੈਗੋਰ ਇੰਟਰਨੈਸ਼ਨਲ ਸਕੂਲ, ਅਕਬਰਪੁਰ ਅਫ਼ਗਾਨਾ, ਦੇਵੀਗੜ੍ਹ ਵਿਖੇ ਰੌਸ਼ਨੀਆਂ ਅਤੇ ਖੁਸ਼ੀਆਂ ਦਾ ਪ੍ਰਤੀਕ ਦੀਵਾਲੀ ਦਾ ਪਾਵਨ ਤਿਉਹਾਰ ਬੜੀ ਸ਼ਰਧਾ, ਉਤਸ਼ਾਹ ਅਤੇ ਧੂਮਧਾਮ ਨਾਲ ਮਨਾਇਆ ਗਿਆ। ਇਸ ਮੌਕੇ ਸਕੂਲ ਦਾ ਸਮੁੱਚਾ ਵਾਤਾਵਰਨ ਤਿਉਹਾਰ ਦੀਆਂ ਰੌਣਕਾਂ ਅਤੇ ਖੁਸ਼ੀਆਂ ਨਾਲ ਭਰ ਗਿਆ।ਸਵੇਰ ਦੀ ਸਭਾ ਦੀ ਸ਼ੁਰੂਆਤ ‘ਸਤਿਗੁਰ ਬੰਦੀ ਛੋੜ ਹੈ’ ਸ਼ਬਦ ਦੇ ਗਾਇਨ ਨਾਲ ਕੀਤੀ ਗਈ। ਇਸ ਉਪਰੰਤ ਵਿਦਿਆਰਥੀਆਂ ਨੇ ਦੀਵਾਲੀ ਦੇ ਮਹੱਤਵ ਨੂੰ ਦਰਸਾਉਂਦੀਆਂ ਮਨਮੋਹਕ ਕਵਿਤਾਵਾਂ, ਗੀਤ ਅਤੇ ਨਾਟਕ ਪੇਸ਼ ਕਰਕੇ ਸਭ ਦਾ ਮਨ ਮੋਹ ਲਿਆ। ਇਨ੍ਹਾਂ ਸੱਭਿਆਚਾਰਕ ਪੇਸ਼ਕਾਰੀਆਂ ਰਾਹੀਂ ਦੀਵਾਲੀ ਦੇ ਇਤਿਹਾਸਕ, ਧਾਰਮਿਕ ਅਤੇ ਸਮਾਜਿਕ ਮਹੱਤਵ ਬਾਰੇ ਸੁੰਦਰ ਸੰਦੇਸ਼ ਦਿੱਤਾ ਗਿਆ।ਸਕੂਲ ਦੇ ਨੰਨ੍ਹੇ-ਮੁੰਨ੍ਹੇ ਬੱਚਿਆਂ ਨੇ ਵੀ ਇਸ ਤਿਉਹਾਰ ਨੂੰ ਬੜੇ ਉਤਸ਼ਾਹ ਨਾਲ ਮਨਾਇਆ। ਬੱਚਿਆਂ ਨੇ ਮਾਂ ਸਰਸਵਤੀ, ਮਾਂ ਲਕਸ਼ਮੀ ਅਤੇ ਭਗਵਾਨ ਗਣੇਸ਼ ਜੀ ਦੇ ਮਨਮੋਹਕ ਰੂਪ ਧਾਰਨ ਕਰਕੇ ਸਭ ਦਾ ਧਿਆਨ ਆਪਣੇ ਵੱਲ ਖਿੱਚਿਆ।

ਇਸ ਮੌਕੇ ਸ਼ਰਧਾ ਅਤੇ ਵਿਧੀ-ਵਿਧਾਨ ਨਾਲ ਮਾਂ ਲਕਸ਼ਮੀ ਦਾ ਪੂਜਨ ਵੀ ਕੀਤਾ ਗਿਆ ਅਤੇ ਸਾਰਿਆਂ ਦੀ ਸੁੱਖ-ਸ਼ਾਂਤੀ, ਖੁਸ਼ਹਾਲੀ ਅਤੇ ਚੜ੍ਹਦੀ ਕਲਾ ਲਈ ਅਰਦਾਸ ਕੀਤੀ ਗਈ।

ਤਿਉਹਾਰ ਦੀਆਂ ਰੌਣਕਾਂ ਨੂੰ ਹੋਰ ਵਧਾਉਂਦਿਆਂ ਵਿਦਿਆਰਥੀਆਂ ਨੇ ਆਪਣੀਆਂ ਜਮਾਤਾਂ ਨੂੰ ਬਹੁਤ ਹੀ ਸੁੰਦਰ ਢੰਗ ਨਾਲ ਸਜਾਇਆ। ਸਕੂਲ ਵਿੱਚ ਹਾਊਸ ਵਾਈਜ਼ ਰੰਗੋਲੀ ਮੁਕਾਬਲਾ ਵੀ ਕਰਵਾਇਆ ਗਿਆ, ਜਿਸ ਵਿੱਚ ਵਿਦਿਆਰਥੀਆਂ ਨੇ ਆਪਣੀ ਕਲਾਤਮਕ ਪ੍ਰਤਿਭਾ, ਸਿਰਜਣਾਤਮਕ ਸੋਚ ਅਤੇ ਰੰਗਾਂ ਦੀ ਸ਼ਾਨਦਾਰ ਵਰਤੋਂ ਦਾ ਪ੍ਰਦਰਸ਼ਨ ਕੀਤਾ। ਸੁੰਦਰ ਰੰਗੋਲੀਆਂ ਨੇ ਸਕੂਲ ਦੇ ਮਾਹੌਲ ਨੂੰ ਹੋਰ ਵੀ ਆਕਰਸ਼ਕ ਅਤੇ ਮਨਮੋਹਕ ਬਣਾ ਦਿੱਤਾ।

ਇਸ ਮੌਕੇ ਸਕੂਲ ਦੇ ਮੈਨੇਜਿੰਗ ਡਾਇਰੈਕਟਰ ਗੌਰਵ ਗੁਲਾਟੀ, ਪ੍ਰੈਜ਼ੀਡੈਂਟ ਸ਼੍ਰੀਮਤੀ ਸਲੋਨੀ ਗੁਲਾਟੀ, ਮੈਨੇਜਰ ਡਾ. ਸੁਸ਼ੀਲ ਮਿਸ਼ਰਾ ਅਤੇ ਪ੍ਰਿੰਸੀਪਲ ਡਾ. ਮੀਨਾਕਸ਼ੀ ਸੂਦ ਨੇ ਸਮੂਹ ਵਿਦਿਆਰਥੀਆਂ ਅਤੇ ਸਟਾਫ਼ ਨੂੰ ਦੀਵਾਲੀ ਦੀਆਂ ਸ਼ੁਭਕਾਮਨਾਵਾਂ ਦਿੱਤੀਆਂ। ਉਨ੍ਹਾਂ ਨੇ ਕਿਹਾ ਕਿ ਦੀਵਾਲੀ ਸਾਨੂੰ ਹਨੇਰੇ ਤੋਂ ਰੌਸ਼ਨੀ ਵੱਲ, ਬੁਰਾਈ ਤੋਂ ਨੇਕੀ ਵੱਲ ਅਤੇ ਨਿਰਾਸ਼ਾ ਤੋਂ ਆਸ ਵੱਲ ਵਧਣ ਦੀ ਪ੍ਰੇਰਨਾ ਦਿੰਦੀ ਹੈ। ਉਨ੍ਹਾਂ ਨੇ ਵਿਦਿਆਰਥੀਆਂ ਨੂੰ ਪ੍ਰਦੂਸ਼ਣ ਰਹਿਤ ਅਤੇ ਸੁਰੱਖਿਅਤ ਦੀਵਾਲੀ ਮਨਾਉਣ ਦੇ ਨਾਲ-ਨਾਲ ਆਪਸੀ ਪਿਆਰ, ਸਾਂਝ ਅਤੇ ਭਾਈਚਾਰੇ ਦੀ ਭਾਵਨਾ ਬਣਾਈ ਰੱਖਣ ਦਾ ਸੰਦੇਸ਼ ਦਿੱਤਾ।

ਸਕੂਲ ਦੀ ਮੈਨੇਜਮੈਂਟ ਨੇ ਬੱਚਿਆਂ ਦੀਆਂ ਪੇਸ਼ਕਾਰੀਆਂ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਅਜਿਹੇ ਤਿਉਹਾਰ ਸਕੂਲੀ ਸਿੱਖਿਆ ਦੇ ਨਾਲ-ਨਾਲ ਬੱਚਿਆਂ ਵਿੱਚ ਸੱਭਿਆਚਾਰਕ ਕਦਰਾਂ-ਕੀਮਤਾਂ, ਧਾਰਮਿਕ ਸਦਭਾਵਨਾ ਅਤੇ ਸਮਾਜਿਕ ਏਕਤਾ ਦੀ ਭਾਵਨਾ ਨੂੰ ਮਜ਼ਬੂਤ ਕਰਦੇ ਹਨ। ਉਨ੍ਹਾਂ ਨੇ ਸਮੂਹ ਅਧਿਆਪਕਾਂ ਅਤੇ ਵਿਦਿਆਰਥੀਆਂ ਦੇ ਯਤਨਾਂ ਦੀ ਭਰਪੂਰ ਪ੍ਰਸ਼ੰਸਾ ਕੀਤੀ।

ਰੌਸ਼ਨੀਆਂ ਦੇ ਤਿਉਹਾਰ ਦੀਵਾਲੀ ਦੀ ਜੱਜ ਮਾਡਰਨ ਸੀਨੀਅਰ ਸੈਕੰਡਰੀ ਸਕੂਲ ਵਿੱਚ ਧੂਮਧਾਮ



ਦੇਵੀਗੜ੍ਹ, 13 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਜੱਜ ਮਾਡਰਨ ਸੀਨੀਅਰ ਸੈਕੰਡਰੀ ਸਕੂਲ, ਬਹਾਦਰਪੁਰ ਫ਼ਕੀਰਾਂ ਉਰਫ਼ ਛੰਨਾ ਦੇਵੀਗੜ੍ਹ ਵਿਖੇ ਰੌਸ਼ਨੀਆਂ ਦੇ ਤਿਉਹਾਰ ਦੀਵਾਲੀ ਨੂੰ ਬੜੇ ਹੀ ਉਤਸ਼ਾਹ, ਖੁਸ਼ੀ ਅਤੇ ਉਮੰਗ ਨਾਲ ਮਨਾਇਆ ਗਿਆ। ਇਸ ਮੌਕੇ ਸਕੂਲ ਵਿੱਚ ਇੱਕ ਵਿਸ਼ੇਸ਼ ਅਸੈਂਬਲੀ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਵਿਦਿਆਰਥੀਆਂ ਨੇ ਬੜੇ ਉਤਸ਼ਾਹ ਨਾਲ ਭਾਗ ਲਿਆ ਅਤੇ ਦੀਵਾਲੀ ਦੇ ਤਿਉਹਾਰ ਦੀ ਮਹੱਤਤਾ ਬਾਰੇ ਆਪਣੇ ਵਿਚਾਰ ਸਾਂਝੇ ਕੀਤੇ।ਇਸ ਖ਼ਾਸ ਮੌਕੇ ਨੂੰ ਹੋਰ ਵੀ ਯਾਦਗਾਰ ਬਣਾਉਣ ਲਈ ਵਿਦਿਆਰਥੀਆਂ ਵਾਸਤੇ ਵੱਖ-ਵੱਖ ਰਚਨਾਤਮਕ ਮੁਕਾਬਲੇ ਕਰਵਾਏ ਗਏ, ਜਿਨ੍ਹਾਂ ਵਿੱਚ ਦੀਆ ਮੇਕਿੰਗ ਮੁਕਾਬਲਾ, ਰੰਗੋਲੀ ਮੁਕਾਬਲਾ, ਵਾਲ ਹੈਂਗਿੰਗ ਮੁਕਾਬਲਾ ਅਤੇ ਮਟਕੀ ਸਜਾਵਟ ਮੁਕਾਬਲਾ ਵਿਸ਼ੇਸ਼ ਖਿੱਚ ਦਾ ਕੇਂਦਰ ਰਹੇ। ਵਿਦਿਆਰਥੀਆਂ ਨੇ ਆਪਣੀ ਕਲਾ, ਸਿਰਜਣਾਤਮਕਤਾ ਅਤੇ ਕਲਪਨਾਤਮਕ ਸੋਚ ਦਾ ਬਹੁਤ ਹੀ ਸੁੰਦਰ ਪ੍ਰਦਰਸ਼ਨ ਕੀਤਾ। ਸਕੂਲ ਦਾ ਸਮੁੱਚਾ ਵਾਤਾਵਰਨ ਰੰਗਾਂ, ਰੌਸ਼ਨੀਆਂ ਅਤੇ ਖੁਸ਼ੀਆਂ ਨਾਲ ਭਰਪੂਰ ਨਜ਼ਰ ਆਇਆ।

ਇਸ ਮੌਕੇ ਸਕੂਲ ਦੇ ਪ੍ਰਿੰਸੀਪਲ ਸਰਦਾਰ ਨਵਤੇਜ ਸਿੰਘ ਜੀ ਅਤੇ ਐਮ.ਡੀ. ਸਰਦਾਰ ਸੰਤੋਖ ਸਿੰਘ ਜੀ ਨੇ ਸਮੂਹ ਵਿਦਿਆਰਥੀਆਂ ਅਤੇ ਸਟਾਫ਼ ਮੈਂਬਰਾਂ ਨੂੰ ਦੀਵਾਲੀ ਦੀਆਂ ਹਾਰਦਿਕ ਸ਼ੁਭਕਾਮਨਾਵਾਂ ਦਿੱਤੀਆਂ। ਉਨ੍ਹਾਂ ਨੇ ਵਿਦਿਆਰਥੀਆਂ ਨੂੰ ਦੀਵਾਲੀ ਦੇ ਇਤਿਹਾਸਕ ਅਤੇ ਧਾਰਮਿਕ ਮਹੱਤਵ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਦੀਵਾਲੀ ਬੁਰਾਈ ਉੱਤੇ ਚੰਗਿਆਈ ਅਤੇ ਹਨੇਰੇ ਉੱਤੇ ਰੌਸ਼ਨੀ ਦੀ ਜਿੱਤ ਦਾ ਪ੍ਰਤੀਕ ਹੈ।

ਉਨ੍ਹਾਂ ਨੇ ਸਾਰਿਆਂ ਨੂੰ ਇਹ ਤਿਉਹਾਰ ਆਪਸੀ ਪਿਆਰ, ਸਦਭਾਵਨਾ ਅਤੇ ਭਾਈਚਾਰੇ ਨਾਲ ਮਨਾਉਣ ਦਾ ਸੰਦੇਸ਼ ਦਿੱਤਾ। ਇਸ ਦੇ ਨਾਲ ਹੀ ਉਨ੍ਹਾਂ ਨੇ ਬੱਚਿਆਂ ਨੂੰ ਪ੍ਰਦੂਸ਼ਣ ਰਹਿਤ ਅਤੇ ਸੁਰੱਖਿਅਤ ਦੀਵਾਲੀ ਮਨਾਉਣ, ਪਟਾਕਿਆਂ ਤੋਂ ਪਰਹੇਜ਼ ਕਰਨ ਅਤੇ ਵਾਤਾਵਰਨ ਦੀ ਸੰਭਾਲ ਕਰਨ ਲਈ ਵੀ ਪ੍ਰੇਰਿਤ ਕੀਤਾ।

ਸਕੂਲ ਪ੍ਰਬੰਧਕਾਂ ਨੇ ਕਿਹਾ ਕਿ ਅਜਿਹੀਆਂ ਗਤੀਵਿਧੀਆਂ ਵਿਦਿਆਰਥੀਆਂ ਅੰਦਰ ਛੁਪੀ ਪ੍ਰਤਿਭਾ ਨੂੰ ਨਿਖਾਰਨ ਦੇ ਨਾਲ-ਨਾਲ ਉਨ੍ਹਾਂ ਵਿੱਚ ਆਤਮ-ਵਿਸ਼ਵਾਸ, ਟੀਮ ਵਰਕ ਅਤੇ ਰਚਨਾਤਮਕਤਾ ਦੀ ਭਾਵਨਾ ਵੀ ਪੈਦਾ ਕਰਦੀਆਂ ਹਨ।

ਇਸ ਤਰ੍ਹਾਂ ਜੱਜ ਮਾਡਲ ਸੀਨੀਅਰ ਸੈਕੰਡਰੀ ਸਕੂਲ ਵਿੱਚ ਦੀਵਾਲੀ ਦਾ ਇਹ ਜਸ਼ਨ ਯਾਦਗਾਰੀ ਅਤੇ ਖੁਸ਼ੀਆਂ ਭਰਿਆ ਹੋ ਨਿਬੜਿਆ।

ਸ੍ਰੀ ਹਨੂੰਮਾਨ ਪ੍ਰਗਟਯੋਤਸਵ ਮੌਕੇ ਪਟਿਆਲਾ ਵਿਖੇ ਧਾਰਮਿਕ ਸਮਾਗਮ ਅਤੇ ਵਿਸ਼ਾਲ ਭੰਡਾਰੇ ਦਾ ਆਯੋਜਨ



ਪਟਿਆਲਾ, 13 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਸ੍ਰੀ ਹਨੂੰਮਾਨ ਪ੍ਰਗਟਯੋਤਸਵ ਦੇ ਪਾਵਨ ਮੌਕੇ ’ਤੇ ਸ੍ਰੀ ਸਨਾਤਨ ਧਰਮ ਮਹਾਵੀਰ ਦਲ ਪੰਜਾਬ (ਰਜਿ.) ਪਟਿਆਲਾ ਅਤੇ ਸ੍ਰੀ ਹਨੂੰਮਾਨ ਮੰਦਰ ਟਰੱਸਟ (ਰਜਿ.) ਰਾਜਪੁਰਾ ਰੋਡ, ਪਟਿਆਲਾ ਵੱਲੋਂ ਸ੍ਰੀ ਹਨੂੰਮਾਨ ਮੰਦਰ, ਰਾਜਪੁਰਾ ਰੋਡ ਵਿਖੇ ਵਿਸ਼ਾਲ ਧਾਰਮਿਕ ਸਮਾਗਮ ਅਤੇ ਭੰਡਾਰੇ ਦਾ ਆਯੋਜਨ ਕੀਤਾ ਗਿਆ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਸਨਾਤਮ ਮਹਾਵੀਰ ਦਲ ਪਟਿਆਲਾ ਸ਼ਾਖਾ ਦੇ ਪ ?ਧਾਨ ਈਸ਼ਵਰ ਚੰਦ ਸ਼ਰਮਾ ਨੇ ਦੱਸਿਆ ਕਿ ਸਮਾਗਮ ਦੀ ਸ਼ੁਰੂਆਤ ਮੌਕੇ ਧਵਜਾਰੋਹਣ ਅਤੇ ਸ੍ਰੀ ਹਨੂੰਮਾਨ ਜੀ ਨੂੰ ਪੋਸ਼ਾਕ ਅਰਪਣ ਕਰਦਿਆਂ ਕੀਤੀ। ਇਸ ਉਪਰੰਤ ਸਵੇਰੇ 10 ਵਜੇ ਤੋਂ ਦੁਪਹਿਰ 12 ਵਜੇ ਤੱਕ ਸ੍ਰੀ ਹਨੂੰਮਾਨ ਭਜਨ ਕੀਰਤਨ ਕਰਵਾਇਆ ਗਿਆ ਅਤੇ ਪ੍ਰਭੂ ਦੀ ਆਰਤੀ ਉਪਰੰਤ 51 ਕਿਲੋ ਚੂਰਮੇ ਦਾ ਪ੍ਰਸਾਦ ਵੰਡਿਆ ਗਿਆ।

ਉਨ੍ਹਾਂ ਦੱਸਿਆ ਕਿ ਸਮਾਗਮ ਦੌਰਾਨ ਭਜਨ ਗਾਇਕ ਅਤੇ ਧਾਰਮਿਕ ਪ੍ਰਚਾਰਕ ਸ੍ਰੀ ਸੰਜੀਵ ਗੁਰੂ ਜੀ ਮਹਾਰਾਜ (ਧਰਮ ਗੁਰੂ) ਵਿਸ਼ੇਸ਼ ਤੌਰ ’ਤੇ ਸ਼ਿਰਕਤ ਕੀਤੀ। ਇਸ ਮੌਕੇ ਜਿੱਥੇ ਵਿਸ਼ਾਲ ਭੰਡਾਰਾ ਹੋਇਆ ਉਥੇ ਲੋੜਵੰਦ 31 ਪਰਿਵਾਰਾਂ ਨੂੰ ਰਾਸ਼ਨ ਵੰਡਿਆ ਗਿਆ।

ਉਨ੍ਹਾਂ ਦੱਸਿਆ ਕਿ ਸ਼ਹਿਰ ਵਾਸੀਆਂ ਅਤੇ ਸਮੂਹ ਸੰਗਤ ਨੇ ਇਸ ਪਾਵਨ ਧਾਰਮਿਕ ਸਮਾਗਮ ਵਿੱਚ ਪਰਿਵਾਰਾਂ ਸਮੇਤ ਸ਼ਾਮਲ ਹੋ ਕੇ ਹਨੂੰਮਾਨ ਜੀ ਦਾ ਆਸ਼ੀਰਵਾਦ ਲਿਆ।

ਇਸ ਮੌਕੇ ਮਨਿੰਦਰ ਭੱਲਾ ਪ ?ਧਾਨ ਹਨੂੰਮਾਨ ਟਰੱਸਟ ਰਾਜਪੁਰਾ ਰੋਡ, ਅਸ਼ੋਕ ਜੋਸ਼ੀ ਉਪ ਪ੍ਰਧਾਨ, ਕਲੈਸ਼ ਚੰਦ ਟਰੱਸਟੀ, ਪੰਡਿਤ ਮਹੇਸ਼ ਸ਼ਾਸ਼ਤਰੀ, ਪੰਡਿਤ ਚਮਨ ਸ਼ਰਮਾ, ਪੰਡਿਤ ਪ੍ਰਦੀਪ ਸ਼ਰਮਾ, ਗੁਰਮੀਤ ਸਿੰਘ ਨਿੱਕਾ ਜੁਆਇੰਟ ਸੈਕਟਰੀ, ਵੀ ਕੇ ਮੋਦੀ, ਡਾ ਰਮੇਸ਼ ਕਪਿਲਾ, ਦਰਸ਼ਨ ਸਿੰਘ, ਰਮਨਕਾਂਤ ਸ਼ੁਕਲਾ, ਪੰਡਿਤ ਰਮੇਸ਼ ਮਿਸ਼ਰਾ, ਗੁਲਸ਼ਨ ਕੁਮਾਰ ਸ਼ਰਮਾ, ਲਛਮਣ ਦਾਸ, ਅਸ਼ੋਕ ਪਰਾਸ਼ਰ ਮਹਾਵੀਰ ਦਲ ਟਰੱਸਟੀ, ਕਰਨਬੀਰ ਸਿੰਘ ਛੀਨਾ, ਤਜਿੰਦਰ ਮਹਿਤਾ, ਸਮੇਤ ਹੋਰ ਸ਼ਰਧਾਲੂ ਹਾਜ਼ਰ ਸਨ।

ਪਟਿਆਲਾ ਜ਼ਿਲ੍ਹੇ ਵਿੱਚ 2.08 ਲੱਖ ਹੈਕਟੇਅਰ ਰਕਬੇ ਦੀ ਝੋਨੇ ਦੀ ਵਾਢੀ ਮੁਕੰਮਲ

ਪਟਿਆਲਾ, 13 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-



ਡਿਪਟੀ ਕਮਿਸ਼ਨਰ ਪਟਿਆਲਾ ਡਾ. ਹਿਮਾਂਸ਼ੂ ਅਗਰਵਾਲ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਜ਼ਿਲ੍ਹੇ ਵਿੱਚ ਪਰਾਲੀ ਸਾੜਨ ਦੀਆਂ ਘਟਨਾਵਾਂ ਨੂੰ ਰੋਕਣ ਅਤੇ ਫ਼ਸਲਾਂ ਦੀ ਰਹਿੰਦ-ਖੂੰਹਦ ਦਾ ਸੁਚੱਜਾ ਪ੍ਰਬੰਧਨ ਕਰਨ ਲਈ ਖੇਤੀਬਾੜੀ ਵਿਭਾਗ ਦੀਆਂ ਟੀਮਾਂ ਵੱਲੋਂ ਪਿੰਡ ਪੱਧਰ ’ਤੇ ਵਿਸ਼ੇਸ਼ ਮੁਹਿੰਮ ਚਲਾਈ ਜਾ ਰਹੀ ਹੈ। ਇਸ ਤਹਿਤ ਵਿਭਾਗ ਦੇ ਅਧਿਕਾਰੀ ਅਤੇ ਕਰਮਚਾਰੀ ਕਿਸਾਨਾਂ ਦੇ ਖੇਤਾਂ ਵਿੱਚ ਪਹੁੰਚ ਕੇ ਉਨ੍ਹਾਂ ਨੂੰ ਪਰਾਲੀ ਦਾ ਪ੍ਰਬੰਧਨ ਕਰਨ ਲਈ ਪ੍ਰੇਰਿਤ ਕਰ ਰਹੇ ਹਨ।

ਇਸ ਸਬੰਧੀ ਮੁੱਖ ਖੇਤੀਬਾੜੀ ਅਫ਼ਸਰ ਡਾ. ਦਾਰਾ ਸਿੰਘ ਨੇ ਪਿੰਡ ਡਕਾਲਾ ਵਿਖੇ ਕਿਸਾਨ ਹਰਮਨ ਸਿੰਘ ਅਤੇ ਗੁਰਦਾਸ ਸਿੰਘ ਦੇ ਖੇਤਾਂ ਦਾ ਦੌਰਾ ਕਰਦਿਆਂ ਦੱਸਿਆ ਕਿ ਪਟਿਆਲਾ ਜ਼ਿਲ੍ਹੇ ਵਿੱਚ ਕੁੱਲ ਵਾਹੀਯੋਗ ਰਕਬਾ ਲਗਭਗ 2,50,000 ਹੈਕਟੇਅਰ ਹੈ, ਜਿਸ ਵਿੱਚੋਂ 2, 31,400 ਹੈਕਟੇਅਰ ਰਕਬੇ ਵਿੱਚ ਝੋਨੇ ਦੀ ਬਿਜਾਈ ਕੀਤੀ ਗਈ ਹੈ ਅਤੇ ਜਿਸ ਵਿਚੋਂ ਬਾਸਮਤੀ ਦੀ ਕਾਸ਼ਤ ਕੀਤੀ ਜਾਂਦੀ ਹੈ। ਉਨ੍ਹਾਂ ਦੱਸਿਆ ਕਿ ਹੁਣ ਤੱਕ ਜ਼ਿਲ੍ਹੇ ਵਿੱਚ ਲਗਭਗ 2,08,000 ਹੈਕਟੇਅਰ ਰਕਬੇ ਵਿੱਚ ਝੋਨੇ ਦੀ ਵਾਢੀ ਹੋ ਚੁੱਕੀ ਹੈ ਅਤੇ ਇਸ ਵਿੱਚੋਂ ਤਕਰੀਬਨ 40,000 ਤੋਂ 50,000 ਹੈਕਟੇਅਰ ਰਕਬੇ ਵਿੱਚ ਕਣਕ ਦੀ ਬਿਜਾਈ ਵੀ ਕੀਤੀ ਜਾ ਚੁੱਕੀ ਹੈ।

ਡਾ. ਦਾਰਾ ਸਿੰਘ ਨੇ ਦੱਸਿਆ ਕਿ ਕਿਸਾਨਾਂ ਵੱਲੋਂ ਹੁਣ ਤੱਕ ਲਗਭਗ 85,000 ਹੈਕਟੇਅਰ ਰਕਬੇ ਵਿੱਚ ਪਰਾਲੀ ਦਾ ਪ੍ਰਬੰਧਨ ਐਕਸ-ਸੀਟੂ ਤਕਨੀਕ ਰਾਹੀਂ ਕੀਤਾ ਜਾ ਚੁੱਕਾ ਹੈ। ਇਸ ਤੋਂ ਇਲਾਵਾ ਲਗਭਗ 1,00,000 ਹੈਕਟੇਅਰ ਰਕਬੇ ਵਿੱਚ ਖੇਤੀਬਾੜੀ ਵਿਭਾਗ ਵੱਲੋਂ ਮੁਹੱਈਆ ਕਰਵਾਈਆਂ ਗਈਆਂ ਮਸ਼ੀਨਾਂ ਜਿਵੇਂ ਸੁਪਰ ਸੀਡਰ, ਪਲਟਵੇਂ ਹਲ, ਮਲਚਰ ਆਦਿ ਦੀ ਵਰਤੋਂ ਕਰਕੇ ਪਰਾਲੀ ਦਾ ਸੁਚੱਜਾ ਪ੍ਰਬੰਧਨ ਕੀਤਾ ਗਿਆ ਹੈ। ਇਸ ਤਰ੍ਹਾਂ ਜ਼ਿਲ੍ਹੇ ਵਿੱਚ ਹੁਣ ਤੱਕ ਕੁੱਲ ਲਗਭਗ 1,85,000 ਹੈਕਟੇਅਰ ਰਕਬੇ ਵਿੱਚ ਪਰਾਲੀ ਪ੍ਰਬੰਧਨ ਕੀਤਾ ਜਾ ਚੁੱਕਾ ਹੈ।

ਮੁੱਖ ਖੇਤੀਬਾੜੀ ਅਫ਼ਸਰ ਨੇ ਦੱਸਿਆ ਕਿ ਕਿਸਾਨਾਂ ਨੂੰ ਪਰਾਲੀ ਨੂੰ ਅੱਗ ਲਗਾਉਣ ਨਾਲ ਹੋਣ ਵਾਲੇ ਵਾਤਾਵਰਣ ਅਤੇ ਜ਼ਮੀਨ ਦੇ ਨੁਕਸਾਨ ਬਾਰੇ ਵੀ ਜਾਗਰੂਕ ਕੀਤਾ ਜਾ ਰਿਹਾ ਹੈ।

ਉਨ੍ਹਾਂ ਕਿਹਾ ਕਿ ਪਰਾਲੀ ਸਾੜਨ ਨਾਲ ਜਿੱਥੇ ਵਾਤਾਵਰਣ ਪ੍ਰਦੂਸ਼ਿਤ ਹੁੰਦਾ ਹੈ, ਉੱਥੇ ਹੀ ਜ਼ਮੀਨ ਦੀ ਉਪਜਾਊ ਸ਼ਕਤੀ ਨੂੰ ਵੀ ਨੁਕਸਾਨ ਪਹੁੰਚਦਾ ਹੈ ਅਤੇ ਮਿੱਟੀ ਵਿੱਚ ਮੌਜੂਦ ਲਾਭਦਾਇਕ ਤੱਤ ਤੇ ਮਿੱਤਰ ਕੀੜੇ ਨਸ਼ਟ ਹੋ ਜਾਂਦੇ ਹਨ। ਇਸ ਲਈ ਕਿਸਾਨ ਆਧੁਨਿਕ ਖੇਤੀ ਮਸ਼ੀਨਰੀ ਦੀ ਵਰਤੋਂ ਕਰਕੇ ਪਰਾਲੀ ਦਾ ਖੇਤਾਂ ਵਿੱਚ ਹੀ ਪ੍ਰਬੰਧਨ ਕਰਨ।

ਉਨ੍ਹਾਂ ਹੋਰ ਦੱਸਿਆ ਕਿ ਜ਼ਿਲ੍ਹੇ ਦੇ ਸਮੂਹ ਬਲਾਕ ਖੇਤੀਬਾੜੀ ਅਫ਼ਸਰ, ਖੇਤੀਬਾੜੀ ਵਿਕਾਸ ਅਫ਼ਸਰ, ਖੇਤੀਬਾੜੀ ਵਿਸਥਾਰ ਅਫ਼ਸਰ, ਖੇਤੀਬਾੜੀ ਉਪ-ਨਿਰੀਖਕ ਅਤੇ ਆਤਮਾ ਸਟਾਫ਼ ਦੀਆਂ ਟੀਮਾਂ ਲਗਾਤਾਰ ਖੇਤਾਂ ਵਿੱਚ ਜਾ ਕੇ ਕਿਸਾਨਾਂ ਨਾਲ ਸੰਪਰਕ ਕਰ ਰਹੀਆਂ ਹਨ ਅਤੇ ਉਨ੍ਹਾਂ ਨੂੰ ਪਰਾਲੀ ਨੂੰ ਅੱਗ ਨਾ ਲਗਾਉਣ ਦੀ ਅਪੀਲ ਕਰ ਰਹੀਆਂ ਹਨ।

ਉਨ੍ਹਾਂ ਦੱਸਿਆ ਕਿ ਕਿਸਾਨਾਂ ਨੂੰ ਹਾੜ੍ਹੀ ਦੇ ਸੀਜ਼ਨ ਦੌਰਾਨ ਕਣਕ ਦੀ ਬਿਜਾਈ ਲਈ ਤਸਦੀਕਸ਼ੁਦਾ ਬੀਜ ਵੀ ਸਬਸਿਡੀ ’ਤੇ ਮੁਹੱਈਆ ਕਰਵਾਇਆ ਜਾ ਰਿਹਾ ਹੈ, ਤਾਂ ਜੋ ਕਿਸਾਨਾਂ ਨੂੰ ਮਿਆਰੀ ਬੀਜ ਉਪਲਬਧ ਹੋ ਸਕੇ ਅਤੇ ਉਹ ਸਮੇਂ ਸਿਰ ਕਣਕ ਦੀ ਬਿਜਾਈ ਕਰ ਸਕਣ।

ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ ਨੇ ਸੰਕੇਤਕ ਭਾਸ਼ਾ ਦੇ ਦੁਭਾਸ਼ੀਆਂ ਲਈ 40 ਘੰਟਿਆਂ ਦਾ ਮੀਡੀਏਸ਼ਨ ਸਿਖਲਾਈ ਪ੍ਰੋਗਰਾਮ ਕਰਵਾਇਆ

ਚੰਡੀਗੜ੍ਹ, 13 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਨਿਆਂ ਪ੍ਰਣਾਲੀ ਨੂੰ ਹੋਰ ਮਜ਼ਬੂਤ ਤੇ ਸਮਾਵੇਸ਼ੀ ਬਣਾਉਣ ਦੀ ਦਿਸ਼ਾ ਵਿੱਚ ਵੱਡਾ ਕਦਮ ਚੁੱਕਦਿਆਂ ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ (ਪੀਯੂਐਲਐਸਏ) ਵੱਲੋਂ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਚੀਫ਼ ਜਸਟਿਸ, ਮਾਣਯੋਗ ਜਸਟਿਸ ਅਸ਼ਵਨੀ ਕੁਮਾਰ ਮਿਸ਼ਰਾ ਦੀ ਦੂਰਅੰਦੇਸ਼ ਅਗਵਾਈ ਅਤੇ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਜੱਜ ਅਤੇ ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ ਦੇ ਕਾਰਜਕਾਰੀ ਚੇਅਰਮੈਨ ਮਾਣਯੋਗ ਜਸਟਿਸ ਦੀਪਕ ਸਿੱਬਲ ਦੀ ਨਿਗਰਾਨੀ ਹੇਠ ਸੰਕੇਤਕ ਭਾਸ਼ਾ ਦੁਭਾਸ਼ੀਆਂ ਲਈ 40 ਘੰਟਿਆਂ ਦਾ ਇੱਕ ਵਿਸ਼ੇਸ਼ ‘ਮੀਡੀਏਸ਼ਨ ਸਿਖਲਾਈ ਪ੍ਰੋਗਰਾਮ’ ਕਰਵਾਇਆ ਗਿਆ।

ਇਹ ਅਹਿਮ ਕੋਰਸ 2 ਨਵੰਬਰ ਤੋਂ 6 ਨਵੰਬਰ, 2026 ਤੱਕ ਕਰਵਾਇਆ ਗਿਆ ਸੀ। ਇਹ ਪਹਿਲਕਦਮੀ ਪ੍ਰਮਾਣਿਤ ‘ਭਾਰਤੀ ਸੰਕੇਤਕ ਭਾਸ਼ਾ’ (ਆਈਐਸਐਲ) ਦੇ ਦੁਭਾਸ਼ੀਆਂ ਅਤੇ ਵਿਸ਼ੇਸ਼ ਸੰਚਾਰ ਪ੍ਰੋਟੋਕੋਲਾਂ ਨੂੰ ਮੁੱਖ ਧਾਰਾ ਦੇ ਵਿਚੋਲਗੀ ਢਾਂਚੇ ਵਿੱਚ ਸ਼ਾਮਲ ਕਰਕੇ, ਕਾਨੂੰਨੀ ਪ੍ਰਣਾਲੀ ਵਿੱਚ ਸੰਚਾਰ ਸਬੰਧੀ ਮੌਜੂਦ ਵੱਡੀਆਂ ਰੁਕਾਵਟਾਂ ਨੂੰ ਦੂਰ ਕਰਨ ਲਈ ਲਾਹੇਵੰਦ ਹੈ।ਇਸ ਸਬੰਧੀ ਜਾਣਕਾਰੀ ਦਿੰਦਿਆਂ ਮੈਂਬਰ ਸਕੱਤਰ ਅਰੁਣ ਕੁਮਾਰ ਅਗਰਵਾਲ ਨੇ ਦੱਸਿਆ ਕਿ ਭਾਰਤ ਦੀ ਸੁਪਰੀਮ ਕੋਰਟ ਦੀ ‘ਵਿਚੋਲਗੀ ਅਤੇ ਸੁਲ੍ਹਾ-ਸਫਾਈ ਪ੍ਰੋਜੈਕਟ ਕਮੇਟੀ’ (ਐਮਸੀਪੀਸੀ) ਦੇ ਸੀਨੀਅਰ ਟ੍ਰੇਨਰਾਂ, ਸ੍ਰੀ ਸਵਰਨ ਸੰਧੀਰ ਅਤੇ ਮੋਨਿਕਾ ਜਲੋਟਾ ਵੱਲੋਂ ਪੰਜਾਬ ਦੇ 12 ਜ਼ਿਲ੍ਹਿਆਂ ਦੇ ਸੰਕੇਤਕ ਭਾਸ਼ਾ ਦੁਭਾਸ਼ੀਆਂ ਨੂੰ ਆਨਲਾਈਨ ਸਿਖਲਾਈ ਦਿੱਤੀ ਗਈ।

ਇਸ ਉਪਰਾਲੇ ਦਾ ਉਦੇਸ਼ ਵਿਸ਼ੇਸ਼ ਲੋੜਾਂ ਵਾਲੇ ਵਿਅਕਤੀਆਂ ਦੀ ‘ਵਿਕਲਪਿਕ ਵਿਵਾਦ ਨਿਵਾਰਨ’ (ਏਡੀਆਰ) ਪ੍ਰਣਾਲੀ ਤੱਕ ਨਿਰਵਿਘਨ ਅਤੇ ਬਰਾਬਰ ਦੀ ਪਹੁੰਚ ਯਕੀਨੀ ਬਣਾਉਣਾ ਹੈ।ਭਵਿੱਖੀ ਯੋਜਨਾ ਬਾਰੇ ਦੱਸਦਿਆਂ ਉਨ੍ਹਾਂ ਕਿਹਾ ਕਿ ਪੀ.ਯੂ.ਐਲ.ਐਸ.ਏ. ਵੱਲੋਂ ਪੰਜਾਬ ਦੀਆਂ ਸਾਰੀਆਂ ‘ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀਆਂ’ (ਡੀਐਲਐਸਏ) ਵਿੱਚ ਵਿਚੋਲਗੀ ਦੀ ਕਾਰਵਾਈ ਅਤੇ ਹੋਰ ਵਿਕਲਪਿਕ ਵਿਵਾਦ ਨਿਵਾਰਨ ਪ੍ਰਕਿਰਿਆਵਾਂ ਦੌਰਾਨ, ਪ੍ਰਮਾਣਿਤ ਸੰਕੇਤਕ ਭਾਸ਼ਾ ਦੇ ਦੁਭਾਸ਼ੀਆਂ ਦੀ ਮੌਜੂਦਗੀ ਨੂੰ ਇੱਕ ਸਥਾਈ ਪ੍ਰਬੰਧ ਵਜੋਂ ਲਾਗੂ ਕਰਨ ਦੀ ਯੋਜਨਾ ਬਣਾਈ ਗਈ ਹੈ।

ਸੁਖਬੀਰ ਬਾਦਲ ਦੇ ਹੁਕਮਾਂ ਮੁਤਾਬਕ ਹਲਕਾ ਸਨੌਰ ’ਚ ਪੈਂਦੀ ਵਾਰਡ ਨੰਬਰ 15 ਦੀ ਸੀਟ ਜਿੱਤ ਕੇ ਪਾਰਟੀ ਦੀ ਝੋਲੀ ਪਾਵਾਂਗੇ: ਰਾਜਿੰਦਰ ਵਿਰਕ

ਦੇਵੀਗੜ੍ਹ, 13 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-



ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸਰਦਾਰ ਸੁਖਬੀਰ ਸਿੰਘ ਬਾਦਲ ਦੇ ਹੁਕਮਾਂ ਮੁਤਾਬਕ ਅਸੀਂ ਸਨੌਰ ਹਲਕੇ ਵਿਚ ਪੈਂਦੀ ਵਾਰਡ ਨੰਬਰ 15 ਦੀ ਸੀਟ ਜਿੱਤ ਕੇ ਪਾਰਟੀ ਦੀ ਝੋਲੀ ਪਾਵਾਂਗੇ। ਇਹ ਪ੍ਰਗਟਾਵਾ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਮੀਤ ਪ੍ਰਧਾਨ ਰਾਜਿੰਦਰ ਸਿੰਘ ਵਿਰਕ ਨੇ ਕੀਤਾ ਹੈ।

ਇਥੇ ਪਾਰਟੀ ਦੇ ਵਾਰਡ ਤੋਂ ਉਮੀਦਵਾਰ ਬਲਦੇਸ਼ ਕੌਰ ਪਤਨੀ ਜਰਨੈਲ ਸਿੰਘ ਅਲੀਪੁਰ ਸਾਬਕਾ ਐਮ ਸੀ ਤੇ ਸਰਪੰਚ ਦੇ ਹੱਕ ਵਿਚ ਚੋਣ ਪ੍ਰਚਾਰ ਵਿੱਢਦਿਆਂ ਰਾਜਿੰਦਰ ਸਿੰਘ ਵਿਰਕ ਨੇ ਕਿਹਾ ਕਿ ਜਰਨੈਲ ਸਿੰਘ ਅਲੀਪੁਰ ਦਾ ਪਰਿਵਾਰ ਇਲਾਕੇ ਦਾ ਬਹੁਤ ਹੀ ਨਾਮਵਰ ਪਰਿਵਾਰ ਹੈ ਤੇ ਉਹਨਾਂ ਦੇ ਪਰਿਵਾਰ ਦਾ ਜੀਅ ਇਸ ਹਲਕੇ ਦੇ ਵਾਰਡ ਤੋਂ ਐਮ ਸੀ ਬਣਨ ਦੇ ਨਾਲ ਇਲਾਕੇ ਦੇ ਲੋਕਾਂ ਦੀ ਭਲਾਈ ਤੇ ਤਰੱਕੀ ਹੋਵੇਗੀ ਤੇ ਇਲਾਕੇ ਦਾ ਵਿਕਾਸ ਸੰਭਵ ਹੋਵੇਗਾ।

ਉਹਨਾਂ ਕਿਹਾ ਕਿ ਸਰਦਾਰ ਬਾਦਲ ਦੇ ਹੁਕਮਾਂ ਮੁਤਾਬਕ ਅਤੇ ਲੋਕ ਸਭਾ ਹਲਕਾ ਇੰਚਾਰਜ ਐਨ ਕੇ ਸ਼ਰਮਾ ਦੇ ਦਿਸ਼ਾ ਨਿਰਦੇਸ਼ਾਂ ਮੁਤਾਬਕ ਅਸੀਂ ਪਾਰਟੀ ਦੀ ਜਿੱਤ ਵਾਸਤੇ ਦਿਨ ਰਾਤ ਇਕ ਕਰਾਂਗੇ ਤੇ ਇਕ-ਇਕ ਵੋਟਰ ਨੂੰ ਆਪਣੇ ਨਾਲ ਤੋਰਾਂਗੇ।

ਉਹਨਾਂ ਕਿਹਾ ਕਿ ਲੋਕਾਂ ਵੱਲੋਂ ਪਾਰਟੀ ਉਮੀਦਵਾਰ ਦੇ ਹੱਕ ਵਿਚ ਭਰਵਾਂ ਹੁੰਗਾਰਾ ਦਿੱਤਾ ਜਾ ਰਿਹਾ ਹੈ ਤੇ ਉਹਨਾਂ ਨੂੰ ਪੂਰਨ ਵਿਸ਼ਵਾਸ ਹੈ ਕਿ ਵੱਡੇ ਬਹੁਮਤ ਨਾਲ ਪਾਰਟੀ ਦੀ ਜਿੱਤ ਹੋਵੇਗੀ। ਉਹਨਾਂ ਕਿਹਾ ਕਿ ਕਿਉਂਕਿ ਹੁਣ ਇਹ ਚੋਣਾਂ ਦੁਬਾਰਾ ਸੁਪਰੀਮ ਕੋਰਟ ਦੇ ਹੁਕਮਾਂ ਮੁਤਾਬਕ ਹੋ ਰਹੀਆਂ ਹਨ ਤੇ ਵਿਸ਼ਵਾਸ ਹੈ ਕਿ ਪੂਰੀ ਪਾਰਦਰਸ਼ਤਾ ਨਾਲ ਇਹ ਚੋਣਾਂ ਹੋਣਗੀਆਂ ਤਾਂ ਹਮੇਸ਼ਾ ਲੋਕਾਂ ਦੇ ਹਰਮਨਪਿਆਰੇ ਉਮੀਦਵਾਰ ਹੀ ਜਿੱਤਣਗੇ।

ਇਸ ਮੌਕੇ ਇਲਾਕੇ ਦੇ ਲੋਕ ਵੱਡੀ ਗਿਣਤੀ ਵਿਚ ਹਾਜ਼ਰ ਸਨ। ਹਰਜਿੰਦਰ ਸਿੰਘ ਜਿੰਦਾ ਸਮੂਹ ਯੂਥ ਟੀਮ, ਮਾਲਵਿੰਦਰ ਸਿੰਘ ਝਿੱਲ ਪੀਏਸੀ ਮੈਂਬਰ, ਜਗਦੀਸ਼ ਸਿੰਘ ਸੰਧੂ, ਬਾਜ ਸਿੰਘ ਸਿੱਧੂ, ਗੋਲਡੀ,ਅਨੂਪ ਸਿੰਘ , ਗਰਜਾ ਸਿੰਘ, ਮੁਖਤਿਆਰ ਸਿੰਘ , ਗੁਰਚਰਨ ਸਿੰਘ ਪ੍ਰਧਾਨ, ਸ਼ਮਸ਼ੇਰ ਸਿੰਘ, ਦਵਿੰਦਰ ਸਿੰਘ ਸਰਾਂ, ਹੀਰਾ ਸਿੰਘ ਕਿਸਾਨ ਯੂਨੀਅਨ, ਸਾਹਿਬ ਸਿੰਘ ਨਾਮਧਾਰੀ, ਗੁਰਵਿੰਦਰ ਸਿੰਘ ਨਾਮਧਾਰੀ, ਸਤਨਾਮ ਸਿੰਘ ਹੁੰਦਲ ਅਤੇ ਸਮੂਹ ਵਾਰਡ ਵਾਸੀ ਹਾਜ਼ਰ ਸਨ।

ਹਰਿਆਣਾ ਨੇ ਜਨਗਣਨਾ 2027 ਦੀ ਜਨਸੰਖਿਆ ਗਣਨਾ ਦਾ ਸ਼ਡਿਊਲ ਕੀਤਾ ਨੋਟੀਫਾਇਡ; 25 ਜਨਵਰੀ ਤੋਂ ਸ਼ੁਰੂ ਹੋਵੇਗੀ ਮੁਹਿੰਮ

ਚੰਡੀਗੜ੍ਹ, 13 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਹਰਿਆਣਾ ਦੀ ਵਿੱਤੀ ਕਮਿਸ਼ਨਰ (ਮਾਲ ਅਤੇ ਆਫ਼ਤ ਪ੍ਰਬੰਧਨ ਵਿਭਾਗ) ਅਤੇ ਜਨਗਣਨਾ 2027 ਦੀ ਰਾਜ ਨੋਡਲ ਅਧਿਕਾਰੀ ਡਾ. ਸੁਮਿਤਾ ਮਿਸ਼ਰਾ ਨੇ ਜਨਗਣਨਾ 2027 ਦੇ ਦੂਜੇ ਪੜਾਅ ਦਾ ਸ਼ਡਿਊਲ ਨੋਟੀਫਾਇਡ ਕਰ ਦਿੱਤਾ ਹੈ। ਰਾਜ ਭਰ ਵਿੱਚ ਜਨਸੰਖਿਆ ਗਣਨਾ 25 ਜਨਵਰੀ ਤੋਂ 28 ਫਰਵਰੀ, 2027 ਤੱਕ ਨਿਰਧਾਰਤ ਕੀਤੀ ਗਈ ਹੈ। ਇਸ ਤੋਂ ਬਾਅਦ, 1 ਤੋਂ 5 ਮਾਰਚ, 2027 ਤੱਕ ਪੰਜ ਦਿਨਾਂ ਦਾ ਸੋਧ (ਰਿਵੀਜ਼ਨਲ) ਦੌਰ ਆਯੋਜਿਤ ਕੀਤਾ ਜਾਵੇਗਾ। ਡਾ. ਸੁਮਿਤਾ ਮਿਸ਼ਰਾ ਨੇ ਦੱਸਿਆ ਕਿ ਮੁੱਖ ਜਨਸੰਖਿਆ ਗਣਨਾ ਮੁਹਿੰਮ ਤੋਂ ਪਹਿਲਾਂ ਨਾਗਰਿਕਾਂ ਕੋਲ 10 ਤੋਂ 24 ਜਨਵਰੀ, 2027 ਤੱਕ ਸਵੈ-ਗਣਨਾ (ਸੈਲਫ-ਐਨਿਊਮਰੇਸ਼ਨ) ਦਾ ਵਿਕਲਪ ਵੀ ਉਪਲਬਧ ਰਹੇਗਾ। ਸਵੈ-ਗਣਨਾ ਦੀ ਇਸ ਸਹੂਲਤ ਰਾਹੀਂ ਨਾਗਰਿਕਾਂ ਨੂੰ ਆਪਣੀ ਜਾਣਕਾਰੀ ਪਹਿਲਾਂ ਹੀ ਆਨਲਾਈਨ ਦਰਜ ਕਰਨ ਦਾ ਮੌਕਾ ਮਿਲੇਗਾ, ਜਦਕਿ ਇਸ ਤੋਂ ਬਾਅਦ ਸ਼ੁਰੂ ਹੋਣ ਵਾਲੀ ਮੁੱਖ ਜਨਸੰਖਿਆ ਗਣਨਾ ਮੁਹਿੰਮ ਰਾਜ ਭਰ ਦੇ ਸਾਰੇ ਪਰਿਵਾਰਾਂ ਨੂੰ ਕਵਰ ਕਰੇਗੀ।

ਹਰਿਆਣਾ ਵਿੱਚ ਕੁਦਰਤੀ ਅਤੇ ਜੈਵਿਕ ਖੇਤੀ ਲਈ ਤਾਲਮੇਲ ਵਾਲੀ ਕਾਰਜ-ਯੋਜਨਾ ਜਲਦ

ਚੰਡੀਗੜ੍ਹ, 13 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਹਰਿਆਣਾ ਸਰਕਾਰ ਸੂਬੇ ਵਿੱਚ ਜੈਵਿਕ ਅਤੇ ਕੁਦਰਤੀ ਖੇਤੀ ਨੂੰ ਉਤਸ਼ਾਹਿਤ ਕਰਨ ਲਈ ਕਾਫ਼ੀ ਗੰਭੀਰ ਹੈ।

ਮੁੱਖ ਸਕੱਤਰ ਸ਼੍ਰੀ ਅਨੁਰਾਗ ਰਸਤੋਗੀ ਨੇ ਅਧਿਕਾਰੀਆਂ ਨੂੰ ਕੁਦਰਤੀ ਖੇਤੀ ਲਈ ਢੁਕਵੀਆਂ ਘੱਟੋ-ਘੱਟ ਪੰਜ ਫ਼ਸਲਾਂ ਦੀ ਪਛਾਣ ਕਰਕੇ ਉਹਨਾਂ ਦੇ ਉਤਪਾਦਨ, ਉਤਸ਼ਾਹ ਅਤੇ ਮੰਡੀਕਰਨ ਲਈ ਇੱਕ ਵਿਸਤ੍ਰਿਤ ਕਾਰਜ-ਯੋਜਨਾ ਤਿਆਰ ਕਰਨ ਦੇ ਨਿਰਦੇਸ਼ ਦਿੱਤੇ ਹਨ। ਇਸ ਪਹਿਲਕਦਮੀ ਦੇ ਤਹਿਤ ਹਲਦੀ, ਲਾਲ ਮਿਰਚ ਅਤੇ ਅਦਰਕ ਵਰਗੀਆਂ ਫ਼ਸਲਾਂ ਦੀਆਂ ਸੰਭਾਵਨਾਵਾਂ ’ਤੇ ਵੀ ਵਿਚਾਰ ਕੀਤਾ ਜਾ ਸਕਦਾ ਹੈ।

ਸ਼੍ਰੀ ਰਸਤੋਗੀ ਸੂਬੇ ਵਿੱਚ ਕੁਦਰਤੀ ਅਤੇ ਜੈਵਿਕ ਖੇਤੀ ਨੂੰ ਉਤਸ਼ਾਹਿਤ ਕਰਨ ਅਤੇ ਇਸ ਦੇ ਤਹਿਤ ਪੈਦਾ ਕੀਤੀ ਖੇਤੀਬਾੜੀ ਉਪਜ ਦੇ ਪ੍ਰਮਾਣੀਕਰਨ, ਖ਼ਰੀਦ ਅਤੇ ਮੰਡੀਕਰਨ ਲਈ ਇੱਕ ਸੁਚੱਜੀ ਵਿਵਸਥਾ ਵਿਕਸਿਤ ਕਰਨ ਦੇ ਉਦੇਸ਼ ਨਾਲ ਅੱਜ ਇੱਥੇ ਇੱਕ ਉੱਚ-ਪੱਧਰੀ ਮੀਟਿੰਗ ਦੀ ਪ੍ਰਧਾਨਗੀ ਕਰ ਰਹੇ ਸਨ।

ਉਨ੍ਹਾਂ ਇਸ ਗੱਲ ’ਤੇ ਜ਼ੋਰ ਦਿੱਤਾ ਕਿ ਕਾਰਜ-ਯੋਜਨਾ ਵਿੱਚ ਢੁਕਵੇਂ ਖੇਤੀ ਖੇਤਰਾਂ, ਉਤਪਾਦਨ ਦੇ ਟੀਚਿਆਂ, ਕਿਸਾਨਾਂ ਦੀ ਭਾਗੀਦਾਰੀ, ਪ੍ਰਮਾਣੀਕਰਨ ਸੰਬੰਧੀ ਲੋੜਾਂ ਅਤੇ ਮੰਡੀਕਰਨ ਪ੍ਰਣਾਲੀ ਨੂੰ ਸਪੱਸ਼ਟ ਤੌਰ ’ਤੇ ਸ਼ਾਮਲ ਕੀਤਾ ਜਾਵੇ।

ਮੀਟਿੰਗ ਵਿੱਚ ਕੁਦਰਤੀ ਅਤੇ ਜੈਵਿਕ ਖੇਤੀ ਕਰਨ ਵਾਲੇ ਕਿਸਾਨਾਂ ਨੂੰ ਭਰੋਸੇਯੋਗ ਖ਼ਰੀਦ ਪ੍ਰਣਾਲੀ ਅਤੇ ਸੰਗਠਿਤ ਮਾਰਕੀਟਿੰਗ ਪ੍ਰਣਾਲੀ ਨਾਲ ਜੋੜਨ ਦੇ ਨਾਲ-ਨਾਲ ਖੇਤੀ ਉਤਪਾਦਾਂ ਦੀ ਗੁਣਵੱਤਾ ਯਕੀਨੀ ਬਣਾਉਣ, ਉਹਨਾਂ ਦੀ ਪਛਾਣ ਅਤੇ ਪਤਾ ਲਗਾਉਣ ਦੀ ਪ੍ਰਣਾਲੀ ਵਿਕਸਿਤ ਕਰਨ ਅਤੇ ਕਿਸਾਨਾਂ ਨੂੰ ਉਹਨਾਂ ਦੀ ਉਪਜ ਦਾ ਲਾਭਕਾਰੀ ਮੁੱਲ ਦਿਵਾਉਣ ’ਤੇ ਵਿਸਥਾਰ ਨਾਲ ਚਰਚਾ ਕੀਤੀ ਗਈ।

ਮੁੱਖ ਸਕੱਤਰ ਸ਼੍ਰੀ ਰਸਤੋਗੀ ਨੇ ਖੇਤੀਬਾੜੀ ਅਤੇ ਬਾਗਬਾਨੀ ਵਿਭਾਗਾਂ ਨੂੰ ਕੁਦਰਤੀ ਅਤੇ ਜੈਵਿਕ ਖੇਤੀ ਕਰਨ ਵਾਲੇ ਕਿਸਾਨਾਂ ਅਤੇ ਕਿਸਾਨ ਸਮੂਹਾਂ ਦਾ ਜ਼ਿਲ੍ਹਾ ਅਤੇ ਫ਼ਸਲ-ਵਾਰ ਪ੍ਰਮਾਣਿਤ ਡਾਟਾ ਤਿਆਰ ਕਰਨ ਦੇ ਨਿਰਦੇਸ਼ ਵੀ ਦਿੱਤੇ। ਇਸ ਡਾਟੇ ਵਿੱਚ ਖੇਤੀ ਦਾ ਖੇਤਰਫਲ, ਪ੍ਰਮਾਣੀਕਰਨ ਦੀ ਸਥਿਤੀ, ਅਨੁਮਾਨਿਤ ਉਤਪਾਦਨ ਅਤੇ ਬਾਜ਼ਾਰ ਵਿੱਚ ਵਿਕਰੀ ਲਈ ਉਪਲਬਧ ਸੰਭਾਵੀ ਉਪਜ ਦਾ ਵੇਰਵਾ ਸ਼ਾਮਲ ਹੋਵੇਗਾ। ਇਸ ਨਾਲ ਢੁਕਵੀਆਂ ਫ਼ਸਲਾਂ ਅਤੇ ਉਤਪਾਦਨ ਕਲੱਸਟਰਾਂ ਦੀ ਪਛਾਣ ਕਰਨ ਵਿੱਚ ਮਦਦ ਮਿਲੇਗੀ।

ਮੀਟਿੰਗ ਵਿੱਚ ਹਰਿਆਣਾ ਰਾਜ ਸਹਿਕਾਰੀ ਸਪਲਾਈ ਅਤੇ ਵਿਪਣਨ ਫੈਡਰੇਸ਼ਨ (ਹੈਫੇਡ) ਦੇ ਪ੍ਰਬੰਧਕੀ ਡਾਇਰੈਕਟਰ ਸ਼੍ਰੀ ਚੰਦਰਸ਼ੇਖਰ ਖਰੇ ਨੇ ਕਿਸਾਨਾਂ ਨੂੰ ਲਾਭਕਾਰੀ ਮੁੱਲ ਦਿਵਾਉਣ ਅਤੇ ਪ੍ਰਮਾਣਿਤ ਕੁਦਰਤੀ ਤੇ ਜੈਵਿਕ ਉਤਪਾਦਾਂ ਪ੍ਰਤੀ ਉਪਭੋਗਤਾਵਾਂ ਦਾ ਵਿਸ਼ਵਾਸ ਵਧਾਉਣ ਲਈ ਪ੍ਰਭਾਵਸ਼ਾਲੀ ਮਾਰਕੀਟਿੰਗ ਚੈਨਲ ਵਿਕਸਿਤ ਕਰਨ ਵਿੱਚ ਹੈਫੇਡ ਦੀ ਭੂਮਿਕਾ ’ਤੇ ਚਾਨਣਾ ਪਾਇਆ। ਮੀਟਿੰਗ ਵਿੱਚ ਕੁਦਰਤੀ ਅਤੇ ਜੈਵਿਕ ਉਤਪਾਦਾਂ ਦੇ ਪ੍ਰਮਾਣੀਕਰਨ ਦੀ ਪ੍ਰਣਾਲੀ ’ਤੇ ਵੀ ਚਰਚਾ ਕੀਤੀ ਗਈ। ਇਸ ਵਿੱਚ ਹਰਿਆਣਾ ਸਟੇਟ ਸੀਡ ਸਰਟੀਫਿਕੇਸ਼ਨ ਏਜੰਸੀ ਅਤੇ ਹੋਰ ਮਾਨਤਾ ਪ੍ਰਾਪਤ ਸਰਟੀਫਿਕੇਸ਼ਨ ਸੰਸਥਾਵਾਂ ਦੀ ਭੂਮਿਕਾ ’ਤੇ ਵਿਚਾਰ ਕੀਤਾ ਗਿਆ। ਨਾਲ ਹੀ, ਖੇਤ ਤੋਂ ਲੈ ਕੇ ਅੰਤਿਮ ਉਤਪਾਦ ਤੱਕ ਉਪਜ ਦੀ ਗੁਣਵੱਤਾ, ਜਾਂਚ, ਵੈਰੀਫਿਕੇਸ਼ਨ ਅਤੇ ਟਰੇਸੇਬਿਲਟੀ ਯਕੀਨੀ ਬਣਾਉਣ ਲਈ ਇੱਕ ਪਾਰਦਰਸ਼ੀ ਪ੍ਰਣਾਲੀ ਵਿਕਸਿਤ ਕਰਨ ’ਤੇ ਜ਼ੋਰ ਦਿੱਤਾ ਗਿਆ।

ਮੁੱਖ ਸਕੱਤਰ ਨੇ ਕਿਸਾਨਾਂ ਨੂੰ ਇਸ ਪਹਿਲਕਦਮੀ ਨਾਲ ਜੋੜਨ, ਉਹਨਾਂ ਦੇ ਸਿਖਲਾਈ, ਰਜਿਸਟ੍ਰੇਸ਼ਨ ਅਤੇ ਪ੍ਰਮਾਣੀਕਰਨ ਦੇ ਨਾਲ-ਨਾਲ ਕਿਸਾਨਾਂ ਅਤੇ ਉਹਨਾਂ ਦੀ ਉਪਜ ਦਾ ਭਰੋਸੇਯੋਗ ਰਿਕਾਰਡ ਤਿਆਰ ਕਰਨ ਦੇ ਨਿਰਦੇਸ਼ ਵੀ ਦਿੱਤੇ।

ਇਸ ਕੰਮ ਵਿੱਚ ਰਾਸ਼ਟਰੀ ਜੈਵਿਕ ਅਤੇ ਕੁਦਰਤੀ ਖੇਤੀ ਕੇਂਦਰ, ਪੀਜੀਐਸ-ਇੰਡੀਆ ਦੇ ਸੰਬੰਧਿਤ ਨੁਮਾਇੰਦਿਆਂ ਅਤੇ ਹੋਰ ਮਾਨਤਾ ਪ੍ਰਾਪਤ ਸਰਟੀਫਿਕੇਸ਼ਨ ਸੰਸਥਾਵਾਂ ਤੋਂ ਤਕਨੀਕੀ ਮਾਰਗਦਰਸ਼ਨ ਲੈਣ ਦੀ ਲੋੜ ’ਤੇ ਵੀ ਜ਼ੋਰ ਦਿੱਤਾ ਗਿਆ।

ਮੀਟਿੰਗ ਵਿੱਚ ਸਹਿਕਾਰਤਾ ਵਿਭਾਗ ਦੇ ਪ੍ਰਧਾਨ ਸਕੱਤਰ ਸ਼੍ਰੀ ਪੰਕਜ ਯਾਦਵ, ਖੁਰਾਕ, ਨਾਗਰਿਕ ਸਪਲਾਈ ਅਤੇ ਉਪਭੋਗਤਾ ਮਾਮਲੇ ਵਿਭਾਗ ਦੀ ਪ੍ਰਧਾਨ ਸਕੱਤਰ ਸ਼੍ਰੀਮਤੀ ਅਮਨੀਤ ਪੀ. ਕੁਮਾਰ, ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਦੇ ਡਾਇਰੈਕਟਰ ਸ਼੍ਰੀ ਅਮਿਤ ਖਤਰੀ ਸਮੇਤ ਹੋਰ ਸੀਨੀਅਰ ਅਧਿਕਾਰੀ ਮੌਜੂਦ ਸਨ।

ਨਾਗਰਿਕਾਂ ਨੂੰ ਮਿਆਰੀ ਅਤੇ ਸੁਰੱਖਿਅਤ ਦਵਾਈਆਂ ਮੁਹੱਈਆ ਕਰਵਾਉਣ ਲਈ ਸੂਬਾ ਸਰਕਾਰ ਪੂਰੀ ਤਰ੍ਹਾਂ ਵਚਨਬੱਧ : ਆਰਤੀ ਸਿੰਘ ਰਾਓ

ਚੰਡੀਗੜ੍ਹ, 13 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਹਰਿਆਣਾ ਦੀ ਸਿਹਤ ਮੰਤਰੀ ਆਰਤੀ ਸਿੰਘ ਰਾਓ ਨੇ ਦੱਸਿਆ ਕਿ ਸੂਬੇ ਵਿੱਚ ਨਾਗਰਿਕਾਂ ਨੂੰ ਮਿਆਰੀ ਅਤੇ ਸੁਰੱਖਿਅਤ ਦਵਾਈਆਂ ਮੁਹੱਈਆ ਕਰਵਾਉਣ ਲਈ ਸੂਬਾ ਸਰਕਾਰ ਪੂਰੀ ਵਚਨਬੱਧਤਾ ਨਾਲ ਲਗਾਤਾਰ ਕਾਰਵਾਈ ਕਰ ਰਹੀ ਹੈ। ਉਨ੍ਹਾਂ ਦੱਸਿਆ ਕਿ ਖੁਰਾਕ ਅਤੇ ਦਵਾਈ ਪ੍ਰਸ਼ਾਸਨ (ਐਫ.ਡੀ.ਏ.) ਵਿਭਾਗ ਨੂੰ ਨਕਲੀ ਦਵਾਈਆਂ ਵੇਚਣ ਅਤੇ ਬਣਾਉਣ ਵਾਲਿਆਂ ਵਿਰੁੱਧ ਸਖ਼ਤ ਕਾਰਵਾਈ ਕਰਨ ਦੇ ਨਿਰਦੇਸ਼ ਦਿੱਤੇ ਗਏ ਹਨ।

ਖੁਰਾਕ ਅਤੇ ਦਵਾਈ ਪ੍ਰਸ਼ਾਸਨ (ਐਫ.ਡੀ.ਏ.) ਵਿਭਾਗ ਦੇ ਬੁਲਾਰੇ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਸਿਹਤ ਮੰਤਰੀ ਦੇ ਨਿਰਦੇਸ਼ਾਂ ’ਤੇ ਕੀਤੀ ਗਈ ਕਾਰਵਾਈ ਦੌਰਾਨ 1 ਅਪ੍ਰੈਲ 2026 ਤੋਂ 30 ਸਤੰਬਰ 2026 ਤੱਕ ਦੀ ਮਿਆਦ ਦੌਰਾਨ ਡਰੱਗ ਵਿੰਗ ਵੱਲੋਂ ਵਿਆਪਕ ਨਿਰੀਖਣ ਮੁਹਿੰਮ ਚਲਾਈ ਗਈ, ਜਿਸ ਤਹਿਤ ਕੁੱਲ 13,590 ਵਿਕਰੀ ਇਕਾਈਆਂ ਅਤੇ 423 ਨਿਰਮਾਣ ਇਕਾਈਆਂ ਦੀ ਜਾਂਚ ਕੀਤੀ ਗਈ। ਨਿਯਮਾਂ ਦੀ ਉਲੰਘਣਾ ਅਤੇ ਬੇਨਿਯਮੀਆਂ ਪਾਏ ਜਾਣ ’ਤੇ ਸਖ਼ਤ ਕਦਮ ਚੁੱਕਦਿਆਂ 966 ਡਰੱਗ ਸੇਲ ਲਾਇਸੈਂਸ ਅਤੇ 12 ਮੈਨੂਫੈਕਚਰਿੰਗ/ਬਲੱਡ ਸੈਂਟਰ ਲਾਇਸੈਂਸ ਮੁਅੱਤਲ ਕੀਤੇ ਗਏ, ਜਦਕਿ 15 ਲਾਇਸੈਂਸ ਪੂਰੀ ਤਰ੍ਹਾਂ ਰੱਦ ਅਤੇ 5 ਅੰਸ਼ਕ ਤੌਰ ’ਤੇ ਰੱਦ ਕੀਤੇ ਗਏ।



ਉਨ੍ਹਾਂ ਦੱਸਿਆ ਕਿ ਗੁਣਵੱਤਾ ਨਿਯੰਤਰਣ ਨੂੰ ਮਜ਼ਬੂਤ ਕਰਨ ਲਈ ਇਸ ਮਿਆਦ ਦੌਰਾਨ 2,389 ਸੈਂਪਲ ਇਕੱਠੇ ਕੀਤੇ ਗਏ, ਜਿਨ੍ਹਾਂ ਵਿੱਚੋਂ 2,189 ਸੈਂਪਲਾਂ ਦੀ ਜਾਂਚ ਮੁਕੰਮਲ ਹੋ ਚੁੱਕੀ ਹੈ ਅਤੇ ਇਨ੍ਹਾਂ ਵਿੱਚੋਂ 11 ਸੈਂਪਲ ਗੈਰ-ਮਿਆਰੀ ਪਾਏ ਗਏ ਹਨ।ਉਨ੍ਹਾਂ ਅੱਗੇ ਦੱਸਿਆ ਕਿ ਵਿਭਾਗ ਵੱਲੋਂ ਨਿਯਮਾਂ ਦੀ ਉਲੰਘਣਾ ਕਰਨ ਵਾਲਿਆਂ ਵਿਰੁੱਧ ਕਾਨੂੰਨੀ ਸ਼ਿਕੰਜਾ ਕੱਸਦਿਆਂ 64 ਮਾਮਲਿਆਂ ਵਿੱਚ ਮੁਕੱਦਮੇ ਦਰਜ ਕਰਵਾਏ ਗਏ, ਜਦਕਿ ਅਦਾਲਤ ਵਿੱਚ ਵਿਚਾਰ ਅਧੀਨ 15 ਮਾਮਲਿਆਂ ਦਾ ਨਿਪਟਾਰਾ ਹੋਇਆ, ਜਿਨ੍ਹਾਂ ਵਿੱਚ 8 ਮਾਮਲਿਆਂ ਵਿੱਚ ਸਜ਼ਾ ਅਤੇ 7 ਵਿੱਚ ਬਰੀ ਕਰਨ ਦਾ ਫੈਸਲਾ ਆਇਆ। ਫਿਲਹਾਲ 462 ਮਾਮਲੇ ਅਦਾਲਤ ਵਿੱਚ ਲੰਬਿਤ ਹਨ। ਇਸ ਤੋਂ ਇਲਾਵਾ, ਪੁਲਿਸ ਅਤੇ ਐਫ.ਡੀ.ਏ. ਅਧਿਕਾਰੀਆਂ ਦੀ ਸਾਂਝੀ ਕਾਰਵਾਈ ਤਹਿਤ 376 ਸਾਂਝੀਆਂ ਛਾਪੇਮਾਰੀਆਂ ਕੀਤੀਆਂ ਗਈਆਂ, ਜਿਨ੍ਹਾਂ ਵਿੱਚ ਐਨ.ਡੀ.ਪੀ.ਐਸ. ਐਕਟ ਤਹਿਤ 2 ਅਤੇ ਐਮ.ਟੀ.ਪੀ. ਐਕਟ ਤਹਿਤ 4 ਐਫ.ਆਈ.ਆਰ. ਦਰਜ ਕੀਤੀਆਂ ਗਈਆਂ।

ਬੁਲਾਰੇ ਨੇ ਇਹ ਵੀ ਦੱਸਿਆ ਕਿ ਐਫ.ਡੀ.ਏ. ਦੀ ਟੀਮ ਨੇ ਅਪ੍ਰੈਲ 2026 ਵਿੱਚ ਲਗਭਗ 70 ਲੱਖ ਰੁਪਏ ਮੁੱਲ ਦੇ ਭਾਰ ਘਟਾਉਣ ਅਤੇ ਸ਼ੂਗਰ ਕੰਟਰੋਲ ਕਰਨ ਵਾਲੇ ਟੀਕਿਆਂ (ਨਕਲੀ ‘ਮੌਨਜਾਰੋ’ ਇੰਜੈਕਸ਼ਨਾਂ) ਦੀ ਖੇਪ ਜ਼ਬਤ ਕੀਤੀ। ਇਸੇ ਤਰ੍ਹਾਂ ਜੁਲਾਈ 2026 ਵਿੱਚ ਐਫ.ਡੀ.ਏ. ਗੁਰੂਗ੍ਰਾਮ ਦੀ ਟੀਮ ਨੇ ਬੀਪੀ ਦੀ ਨਕਲੀ ਦਵਾਈ ‘ਟੈਲਮਾ-ਏਐਮ’ ਬਣਾਉਣ ਅਤੇ ਵੇਚਣ ਵਾਲੇ ਅੰਤਰਰਾਜੀ ਗਿਰੋਹ ਦਾ ਪਰਦਾਫਾਸ਼ ਕੀਤਾ।ਇਸੇ ਲੜੀ ਵਿੱਚ 28 ਜੁਲਾਈ 2026 ਨੂੰ ਐਫ.ਡੀ.ਏ. ਫਰੀਦਾਬਾਦ ਦੀ ਟੀਮ ਨੇ ਇੱਕ ਸ਼ਿਕਾਇਤ ’ਤੇ ਕਾਰਵਾਈ ਕਰਦਿਆਂ ਨਕਲੀ ਪ੍ਰੋਪਲੀਨ ਗਲਾਈਕੋਲ ਦੀ ਵੱਡੀ ਖੇਪ ਜ਼ਬਤ ਕੀਤੀ। ਉਨ੍ਹਾਂ ਇਹ ਵੀ ਦੱਸਿਆ ਕਿ ਸਿਹਤ ਮਿਆਰਾਂ ਨੂੰ ਉਤਸ਼ਾਹਿਤ ਕਰਨ ਲਈ 2,675 ਰਿਟੇਲ/ਹੋਲਸੇਲ ਸੇਲ ਲਾਇਸੈਂਸ ਅਤੇ 20 ਮੈਨੂਫੈਕਚਰਿੰਗ ਲਾਇਸੈਂਸ ਜਾਰੀ ਕੀਤੇ ਗਏ, 14 ਮੈਡੀਕਲ ਸੰਸਥਾਵਾਂ ਨੂੰ ਮਾਨਤਾ ਦਿੱਤੀ ਗਈ ਅਤੇ 2 ਨਿਰਮਾਣ ਇਕਾਈਆਂ ਨੂੰ ਡਬਲਯੂ.ਐਚ.ਓ.-ਜੀ.ਐਮ.ਪੀ. (➡8®-7$♦) ਪੱਧਰ ਤੱਕ ਅਪਗ੍ਰੇਡ ਕੀਤਾ ਗਿਆ ਹੈ।

ਸਿਹਤ ਮੰਤਰੀ ਆਰਤੀ ਸਿੰਘ ਰਾਓ ਨੇ ਸੂਬਾ ਵਾਸੀਆਂ ਨੂੰ ਭਰੋਸਾ ਦਿਵਾਇਆ ਹੈ ਕਿ ਸੂਬਾ ਸਰਕਾਰ ਨਾਗਰਿਕਾਂ ਦੀ ਸਿਹਤ ਨਾਲ ਖਿਲਵਾੜ ਕਰਨ ਵਾਲੇ ਸਮਾਜ ਵਿਰੋਧੀ ਅਨਸਰਾਂ ਵਿਰੁੱਧ ਪੂਰੀ ਤਰ੍ਹਾਂ ਜ਼ੀਰੋ ਟਾਲਰੈਂਸ ਦੀ ਨੀਤੀ ’ਤੇ ਕੰਮ ਕਰ ਰਹੀ ਹੈ। ਬਾਜ਼ਾਰ ਵਿੱਚ ਵਿਕਣ ਵਾਲੀਆਂ ਦਵਾਈਆਂ ਦੀ ਗੁਣਵੱਤਾ ਨਾਲ ਕੋਈ ਸਮਝੌਤਾ ਨਹੀਂ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਹਰਿਆਣਾ ਦੇ ਹਰੇਕ ਨਾਗਰਿਕ ਨੂੰ ਸ਼ੁੱਧ, ਸੁਰੱਖਿਅਤ ਅਤੇ ਉੱਚ ਗੁਣਵੱਤਾ ਵਾਲੀਆਂ ਦਵਾਈਆਂ ਮੁਹੱਈਆ ਕਰਵਾਉਣਾ ਸਰਕਾਰ ਦੀ ਸਰਵਉੱਚ ਤਰਜੀਹ ਹੈ ਅਤੇ ਭਵਿੱਖ ਵਿੱਚ ਵੀ ਇਹ ਮੁਹਿੰਮ ਪੂਰੀ ਸਖ਼ਤੀ ਨਾਲ ਜਾਰੀ ਰਹੇਗੀ।

ਕੌਮੀ ਪਤ੍ਰਿਕਾ

ਭਾਰਤ ਦੀ ਕਹਾਣੀ ਦੁਨੀਆ ਤੱਕ ਪਹੁੰਚਾਓ ਅਤੇ ਨਸ਼ਿਆਂ ਵਿਰੁੱਧ ਲੜਾਈ ਵਿੱਚ ਮਦਦ ਕਰੋ: ਪ੍ਰਧਾਨ ਮੰਤਰੀ ਦੀ ਮੀਡੀਆ ਨੂੰ ਅਪੀਲ

ਮੀਡੀਆ ਵਾਂਗ ਹੁਣ ਦੇਸ਼ ਵੀ 2047 ਦੀ 'ਡੈੱਡਲਾਈਨ' 'ਤੇ ਕੰਮ ਕਰ ਰਿਹਾ ਹੈ: ਪ੍ਰਧਾਨ ਮੰਤਰੀ ਮੋਦੀ

ਨਵੀਂ ਦਿੱਲੀ, 13 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਅੱਜ ਮੀਡੀਆ ਨੂੰ ਅਪੀਲ ਕੀਤੀ ਕਿ ਉਹ ਸੰਚਾਰ (ਕਮਿਊਨੀਕੇਸ਼ਨ) ਦੀ ਤਾਕਤ ਦੀ ਵਰਤੋਂ ਕਰਕੇ ਭਾਰਤ ਦੀ ਕਹਾਣੀ ਦੁਨੀਆ ਤੱਕ ਪਹੁੰਚਾਉਣ ਅਤੇ ਨਸ਼ਿਆਂ ਵਿਰੁੱਧ ਲੜਾਈ ਵਿੱਚ ਸਰਕਾਰ ਦੀ ਮਦਦ ਕਰਨ। ਇਹ ਨੋਟ ਕਰਦਿਆਂ ਕਿ ਮੀਡੀਆ ਵਾਂਗ ਦੇਸ਼ ਵੀ ਹੁਣ ਵਿਕਸਤ ਰਾਸ਼ਟਰ ਦਾ ਦਰਜਾ ਹਾਸਲ ਕਰਨ ਲਈ 2047 ਦੀ ਸਮਾਂ-ਸੀਮਾ (ਡੈੱਡਲਾਈਨ) ਵੱਲ ਕੰਮ ਕਰ ਰਿਹਾ ਹੈ, ਪ੍ਰਧਾਨ ਮੰਤਰੀ ਮੋਦੀ ਨੇ ਕਿਹਾ ਕਿ ਮੀਡੀਆ ਨੂੰ ਕੌਮੀ ਸਮਰੱਥਾ ਅਤੇ ਪ੍ਰਾਪਤੀਆਂ ਦਾ ਸ਼ੀਸ਼ਾ ਬਣਨਾ ਚਾਹੀਦਾ ਹੈ।

ਮੀਡੀਆ ਨੂੰ ਭਾਰਤ ਦੀਆਂ ਕੌਮੀ ਅਤੇ ਵਿਅਕਤੀਗਤ ਪ੍ਰਾਪਤੀਆਂ ਨੂੰ ਦਿਖਾਉਣ ਦੀ ਅਪੀਲ ਕਰਦਿਆਂ ਪ੍ਰਧਾਨ ਮੰਤਰੀ ਨੇ ਪੁੱਛਿਆ, 21ਵੀਂ ਸਦੀ ਦੀ ਸਭ ਤੋਂ ਵੱਡੀ ਤਾਕਤ ਸੰਚਾਰ ਹੈ। ਸਾਡੇ ਕੋਲ ਨੌਜਵਾਨ ਪ੍ਰਤਿਭਾ ਹੈ ਅਤੇ ਦੁਨੀਆ ਨੂੰ ਸੁਣਾਉਣ ਲਈ ਭਾਰਤ ਦੀ ਮਹਾਨ ਕਹਾਣੀ ਹੈ। ਕੀ ਅਸੀਂ ਇਹ ਕਹਾਣੀ ਦੱਸਣ ਲਈ ਆਪਣੀ ਤਾਕਤ ਦੀ ਵਰਤੋਂ ਕਰ ਰਹੇ ਹਾਂ? ਕੀ ਅਸੀਂ ਭਾਰਤ ਦੀ ਕਹਾਣੀ ਲੈ ਕੇ ਦੁਨੀਆ ਕੋਲ ਜਾ ਰਹੇ ਹਾਂ? ਪ੍ਰਧਾਨ ਮੰਤਰੀ ਨੇ ਕਿਹਾ ਕਿ ਅੱਜ ਭਾਰਤ ਕੋਲ ਨੌਜਵਾਨ ਪ੍ਰਤਿਭਾ ਅਤੇ ਬਹੁਤ ਸਾਰੇ ਪ੍ਰਾਪਤੀਆਂ ਕਰਨ ਵਾਲੇ ਲੋਕ ਹਨ।

ਭਾਜਪਾ ਦੇ ਦੀਪਾਵਲੀ ਮਿਲਨ ਸਮਾਗਮ ਵਿੱਚ ਮੀਡੀਆ ਨਾਲ



ਗੱਲਬਾਤ ਕਰਦਿਆਂ ਉਨ੍ਹਾਂ ਕਿਹਾ, ਇੱਕ ਫ਼ਿਲਮ ਦੁਨੀਆ ਵਿੱਚ ਕਿਸੇ ਦੇਸ਼ ਦਾ ਅਕਸ ਬਦਲ ਸਕਦੀ ਹੈ। ਕੀ ਸਾਡੀ ਸਮੱਗਰੀ (ਕੰਟੈਂਟ) ਭਾਰਤੀ ਕਹਾਣੀ, ਪ੍ਰਾਪਤੀਆਂ, ਸਮਰੱਥਾ ਅਤੇ ਗੌਰਵ—ਯਾਨੀ ਭਾਰਤ ਦੀ ਸਕਾਰਾਤਮਕ ਕਹਾਣੀ ਨੂੰ ਦਰਸਾਉਂਦੀ ਹੈ? ਕੀ ਅਸੀਂ ਲੋਕਾਂ ਦੀਆਂ ਪ੍ਰਾਪਤੀਆਂ ਨੂੰ ਉਭਾਰ ਰਹੇ ਹਾਂ? ਸਾਨੂੰ ਭਾਰਤ ਦੀ ਕਹਾਣੀ ਦਾ ਵਿਸਤਾਰ ਕਰਨਾ ਚਾਹੀਦਾ ਹੈ।

ਲੋਕਾਂ ਤੱਕ ਕਹਾਣੀਆਂ ਪਹੁੰਚਾਉਣ ਅਤੇ ਤਰਾਸੀਦਆਂ ਦੀ ਰਿਪੋਰਟਿੰਗ ਕਰਨ ਲਈ ਜਾਨ ਜੋਖ਼ਮ ਵਿੱਚ ਪਾਉਣ ਵਾਸਤੇ ਮੀਡੀਆ ਦੀ ਸ਼ਲਾਘਾ ਕਰਦਿਆਂ ਪ੍ਰਧਾਨ ਮੰਤਰੀ ਨੇ ਕਿਹਾ ਕਿ ਸਮਾਂ-ਸੀਮਾਵਾਂ (ਡੈੱਡਲਾਈਨਜ਼) ਵਿਅਕਤੀਆਂ, ਸੰਸਥਾਵਾਂ ਅਤੇ ਦੇਸ਼ 'ਤੇ ਲਾਗੂ ਹੁੰਦੀਆਂ ਹਨ।

ਵਿਸ਼ਵ ਬੈਂਕ ਦੀ ਉਸ ਰਿਪੋਰਟ—ਜਿਸ ਵਿੱਚ 50 ਕਰੋੜ ਭਾਰਤੀਆਂ ਨੂੰ ਅਤਿ-ਗ਼ਰੀਬੀ ਵਿੱਚੋਂ ਬਾਹਰ ਕੱਢਣ ਦਾ ਜ਼ਿਕਰ ਹੈ—ਸਮੇਤ ਪਿਛਲੀਆਂ ਪ੍ਰਾਪਤੀਆਂ ਦਾ ਹਵਾਲਾ ਦਿੰਦਿਆਂ ਪ੍ਰਧਾਨ ਮੰਤਰੀ ਨੇ ਕਿਹਾ, ਅੱਜ ਸਾਡਾ ਦੇਸ਼ ਵੀ 2047 ਦੀ ਸਮਾਂ-ਸੀਮਾ ਨੂੰ ਧਿਆਨ ਵਿੱਚ ਰੱਖ ਕੇ ਕੰਮ ਕਰ ਰਿਹਾ ਹੈ।

ਆਜ਼ਾਦੀ ਦੀ ਸ਼ਤਾਬਦੀ ਤੋਂ ਪਹਿਲਾਂ ਅਸੀਂ ਭਾਰਤ ਨੂੰ ਇੱਕ ਵਿਕਸਤ ਰਾਸ਼ਟਰ ਬਣਾਉਣਾ ਹੈ। ਮੀਡੀਆ ਵਾਲੇ ਜਾਣਦੇ ਹਨ ਕਿ ਜਦੋਂ ਸਮਾਂ-ਸੀਮਾ ਤੈਅ ਹੋ ਜਾਂਦੀ ਹੈ ਤਾਂ ਤਰਜੀਹਾਂ ਬਦਲ ਜਾਂਦੀਆਂ ਹਨ, ਕੰਮ ਕਰਨ ਦਾ ਤਰੀਕਾ ਬਦਲ ਜਾਂਦਾ ਹੈ ਅਤੇ ਰਫ਼ਤਾਰ ਵੀ ਵਧ ਜਾਂਦੀ ਹੈ। ਅੱਜ ਭਾਰਤ ਜਿਨ੍ਹਾਂ ਪ੍ਰਾਪਤੀਆਂ ਨਾਲ ਅੱਗੇ ਵਧ ਰਿਹਾ ਹੈ, ਵਿਕਸਤ ਭਾਰਤ ਦਾ ਟੀਚਾ ਅਸੰਭਵ ਨਹੀਂ ਹੈ।

ਪ੍ਰਧਾਨ ਮੰਤਰੀ ਨੇ ਦੇਸ਼ ਨੂੰ ਨਸ਼ਾ ਮੁਕਤ ਬਣਾਉਣ ਲਈ ਵੀ ਮੀਡੀਆ ਤੋਂ ਸਹਿਯੋਗ ਦੀ ਅਪੀਲ ਕੀਤੀ।

ਸਾਡੀ ਮੁਹਿੰਮ ਸਿਰਫ਼ ਚੋਣਾਂ ਜਿੱਤਣ ਤੱਕ ਸੀਮਤ ਨਹੀਂ: ਸਚਿਨ ਪਾਇਲਟ

ਸ੍ਰੀ ਚਮਕੌਰ ਸਾਹਿਬ, 12 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

- 'ਜਵਾਨੀ ਸੰਭਾਲ ਯਾਤਰਾ' 'ਚ ਪਹੁੰਚੇ ਪੰਜਾਬ ਕਾਂਗਰਸ ਦੇ ਇੰਚਾਰਜ ਸਚਿਨ ਪਾਇਲਟ ਨੇ ਕਿਹਾ ਕਿ ਕਾਂਗਰਸ ਪਾਰਟੀ ਨੇ ਪੰਜਾਬ ਦੇ ਲੋਕਾਂ ਨੂੰ ਇਕ ਬਿਹਤਰ ਭਵਿੱਖ ਦੇਣ ਦਾ ਪ੍ਰਣ ਲਿਆ ਹੈ। ਰਾਹੁਲ ਗਾਂਧੀ ਨੇ ਸੰਗਰੂਰ ਵਿਚ ਨਸ਼ਿਆਂ, ਗੈਂਗਸਟਰਾਂ, ਕਤਲਾਂ ਅਤੇ ਕਾਨੂੰਨ-ਵਿਵਸਥਾ ਦੇ ਮੁੱਦਿਆਂ 'ਤੇ ਚਿੰਤਾ ਪ੍ਰਗਟਾਈ ਸੀ, ਅਤੇ ਅੱਜ ਲੋਕ ਇਨਸਾਫ਼ ਤੇ ਜਵਾਬਦੇਹੀ ਦੀ ਮੰਗ ਕਰ ਰਹੇ ਹਨ। ਸਾਡੀ ਚੋਣ ਮੁਹਿੰਮ ਕਮੇਟੀ ਦੇ ਚੇਅਰਮੈਨ ਚਰਨਜੀਤ ਸਿੰਘ ਦੇ ਹਲਕੇ ਤੋਂ ਸ਼ੁਰੂ ਹੋ ਰਹੀ ਇਹ ਸਾਈਕਲ ਰੈਲੀ, ਉਸੇ ਕੋਸ਼ਿਸ਼



ਦਾ ਇਕ ਹਿੱਸਾ ਹੈ। ਅਸੀਂ ਸਾਈਕਲ ਰੈਲੀਆਂ, ਪੈਦਲ ਮਾਰਚਾਂ ਅਤੇ ਲੋਕਾਂ ਤੱਕ ਪਹੁੰਚ ਕਰਨ ਦੇ ਹੋਰ ਉਪਰਾਲਿਆਂ ਨੂੰ ਜਾਰੀ ਰੱਖਾਂਗੇ... ਸਾਡੀ ਮੁਹਿੰਮ ਸਿਰਫ਼ ਚੋਣਾਂ ਜਿੱਤਣ ਤੱਕ ਸੀਮਤ ਨਹੀਂ ਹੈ, ਸਗੋਂ ਇਸ ਦਾ ਮਕਸਦ ਪੰਜਾਬ ਨੂੰ ਮੁੜ ਸਹੀ ਰਾਹ 'ਤੇ ਲਿਆਉਣਾ ਵੀ ਹੈ। ਸਾਡਾ ਮੰਨਣਾ ਹੈ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਹਰ ਮੋਰਚੇ 'ਤੇ ਅਸਫ਼ਲ ਰਹੀ ਹੈ। ਮੁੱਖ ਮੰਤਰੀ ਭਗਵੰਤ ਮਾਨ ਨੇ ਇਕ ਵੱਡਾ ਮੌਕਾ ਗੁਆ ਦਿੱਤਾ ਹੈ, ਉਹ ਗੰਭੀਰ ਸਵਾਲਾਂ ਦੇ ਜਵਾਬ ਦੇਣ ਦੀ ਬਜਾਏ ਅਕਸਰ ਮਜ਼ਾਕ ਕਰਦੇ ਰਹਿੰਦੇ ਹਨ। ਅਸੀਂ ਇਨ੍ਹਾਂ ਮੁੱਦਿਆਂ ਨੂੰ ਉਠਾਉਣਾ, ਜਵਾਬਦੇਹੀ ਦੀ ਮੰਗ ਕਰਨਾ ਅਤੇ ਇਨਸਾਫ਼ ਲਈ ਲੜਨਾ ਜਾਰੀ ਰੱਖਾਂਗੇ—ਖਾਸ ਤੌਰ 'ਤੇ ਉਨ੍ਹਾਂ ਨੌਜਵਾਨਾਂ ਲਈ ਜਿਨ੍ਹਾਂ ਨੂੰ ਹਨੇਰੇ ਵੱਲ ਧੱਕਿਆ ਜਾ ਰਿਹਾ ਹੈ।

ਬੀਬੀ ਜਗੀਰ ਕੌਰ ਦੀ ਸ਼੍ਰੋਮਣੀ ਅਕਾਲੀ ਦਲ ਵਿੱਚ ਵਾਪਸੀ ਟਲੀ; ਸੁਖਬੀਰ ਬਾਦਲ ਨੂੰ ਅਮਿਤ ਸ਼ਾਹ ਨੇ ਸੱਦਿਆ ਦਿੱਲੀ

ਜਲੰਧਰ, 13 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਾਬਕਾ ਪ੍ਰਧਾਨ ਬੀਬੀ ਜਗੀਰ ਕੌਰ ਦੀ ਸ਼੍ਰੋਮਣੀ ਅਕਾਲੀ ਦਲ (ਬਾਦਲ) ਵਿੱਚ ਵਾਪਸੀ ਟਲ ਗਈ ਹੈ।ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੂੰ ਭਲਕੇ 13 ਨਵੰਬਰ ਨੂੰ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਦਿੱਲੀ ਬੁਲਾ ਲਿਆ ਹੈ।ਬੀਬੀ ਜਗੀਰ ਕੌਰ ਦੀ ਘਰ ਵਾਪਸੀ ਦੀਆਂ ਖ਼ਬਰਾਂ ਨੇ ਪੰਜਾਬ ਦੀ ਸਿਆਸਤ ਵਿੱਚ ਜ਼ਬਰਦਸਤ ਹਲਚਲ ਪੈਦਾ ਕਰ ਦਿੱਤੀ ਸੀ।

ਸੋਸ਼ਲ ਮੀਡੀਆ 'ਤੇ ਉਨ੍ਹਾਂ ਨੂੰ ਟਰੋਲ ਵੀ ਕੀਤਾ ਜਾ ਰਿਹਾ ਸੀ। ਬੀਬੀ ਜਗੀਰ ਕੌਰ ਦੇ ਗ੍ਰਹਿ ਬੇਗੋਵਾਲ ਵਿਖੇ 13 ਨਵੰਬਰ ਨੂੰ ਵੱਡਾ ਸਮਾਗਮ ਰੱਖਿਆ ਗਿਆ ਸੀ। ਭੁਲੱਥ ਹਲਕੇ ਦੇ ਲੋਕਾਂ ਦਾ ਇਕੱਠ ਸੱਦਿਆ ਗਿਆ ਸੀ।

ਚਰਚਾ ਸੀ ਕਿ ਉਹ 13 ਨਵੰਬਰ 2026 ਨੂੰ ਬੇਗੋਵਾਲ ਵਿੱਚ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੀ ਮੌਜੂਦਗੀ ਵਿੱਚ ਅਕਾਲੀ ਦਲ ਵਿੱਚ ਵਾਪਸੀ ਕਰਨਗੇ।

ਉਨ੍ਹਾਂ ਦੀ ਵਾਪਸੀ ਸੰਤ ਪ੍ਰੇਮ ਸਿੰਘ ਮੁਰਾਲੇਵਾਲੇ ਦੇ ਡੇਰੇ ਵਿੱਚ ਹੋਣ ਦੀ ਸੰਭਾਵਨਾ ਹੈ, ਜਿੱਥੇ ਬੀਬੀ ਜਗੀਰ ਕੌਰ ਮੁੱਖ ਸੇਵਾਦਾਰ ਹਨ।

ਬੀਬੀ ਜਗੀਰ ਕੌਰ ਨੇ ਇਸ ਦੀ ਪੁਸ਼ਟੀ ਕਰਦਿਆਂ ਕਿਹਾ ਸੀ ਕਿ ਅਕਾਲੀ ਦਲ ਵਿੱਚ ਸੁਧਾਰ ਪਾਰਟੀ ਦੇ ਅੰਦਰ ਰਹਿ ਕੇ ਹੀ ਕੀਤਾ ਜਾ ਸਕਦਾ ਹੈ, ਬਾਹਰ ਰਹਿ ਕੇ ਨਹੀਂ। ਇਸੇ ਤਰ੍ਹਾਂ ਪੰਜਾਬ ਵਿੱਚ ਸੁਧਾਰ ਲਈ ਕੇਂਦਰ ਸਰਕਾਰ ਨਾਲ ਤਾਲਮੇਲ ਬਣਾ ਕੇ ਰੱਖਣਾ ਜ਼ਰੂਰੀ ਹੈ।

ਰਾਜ ਚੋਣ ਕਮਿਸ਼ਨ ਪੰਜਾਬ ਵੱਲੋਂ ਨਗਰ ਨਿਗਮ ਪਟਿਆਲਾ ਦੇ 30 ਵਾਰਡਾਂ, ਨਗਰ ਕੌਂਸਲ ਬਾਘਾ ਪੁਰਾਣਾ ਦੇ 15 ਵਾਰਡਾਂ ਅਤੇ ਨਗਰ ਕੌਂਸਲ ਧਰਮਕੋਟ ਦੇ 7 ਵਾਰਡਾਂ ਦੇ ਮੈਂਬਰਾਂ ਦੀ ਮੁੜ-ਚੋਣ ਕਰਵਾਉਣ ਲਈ ਸ਼ਡਿਊਲ ਦਾ ਐਲਾਨ

ਚੰਡੀਗੜ੍ਹ, 13 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਰਾਜ ਚੋਣ ਕਮਿਸ਼ਨ ਵੱਲੋਂ ਸਥਾਨਕ ਸਰਕਾਰਾਂ ਵਿਭਾਗ, ਪੰਜਾਬ ਵੱਲੋਂ ਜਾਰੀ ਨੋਟੀਫਿਕੇਸ਼ਨ ਨੰਬਰ 03/01/ਇਲੈਕਸ਼ਨਸ(ਐਸ-2)/ਐਮਈਬੀ/2026/176 ਅਤੇ 177 ਮਿਤੀ 23.10.2026, ਅਤੇ ਨੋਟੀਫਿਕੇਸ਼ਨ ਨੰਬਰ 03/01/ਇਲੈਕਸ਼ਨਸ(ਐਸ-2)/ਐਮਈਬੀ/2026/178 ਮਿਤੀ 02.11.2026 ਦੀ ਪਾਲਣਾ ਕਰਦਿਆਂ, ਅਨੁਲੱਗ-ਏ ਵਿੱਚ ਦਿੱਤੇ ਵੇਰਵਿਆਂ ਅਨੁਸਾਰ ਨਗਰ ਨਿਗਮ, ਪਟਿਆਲਾ ਦੇ 30 ਵਾਰਡਾਂ, ਨਗਰ ਕੌਂਸਲ ਬਾਘਾ ਪੁਰਾਣਾ ਦੇ 15 ਵਾਰਡਾਂ ਅਤੇ ਨਗਰ ਕੌਂਸਲ ਧਰਮਕੋਟ ਦੇ 7 ਵਾਰਡਾਂ ਦੇ ਮੈਂਬਰਾਂ ਦੀ ਮੁੜ-ਚੋਣ ਕਰਵਾਉਣ ਲਈ ਹੇਠ ਲਿਖੇ ਅਨੁਸਾਰ ਚੋਣ ਸ਼ਡਿਊਲ ਨੋਟੀਫਾਈ ਕੀਤਾ ਗਿਆ ਹੈ:

ਚੋਣਾਂ ਦਾ ਸ਼ਡਿਊਲ ਹੇਠ ਲਿਖੇ ਅਨੁਸਾਰ ਹੋਵੇਗਾ:

ਨਾਮਜ਼ਦਗੀਆਂ ਦਾਖਲ ਕਰਨ ਦਾ ਪਹਿਲਾ ਦਿਨ: ਸ਼ੁੱਕਰਵਾਰ, 13 ਨਵੰਬਰ 2026 (ਸਵੇਰੇ 11:00 ਵਜੇ ਤੋਂ ਦੁਪਹਿਰ 3:00 ਵਜੇ ਤੱਕ)

ਛੁੱਟੀਆਂ (ਕੋਈ ਨਾਮਜ਼ਦਗੀ ਪ੍ਰਾਪਤ ਨਹੀਂ ਕੀਤੀ ਜਾਵੇਗੀ):
ਸ਼ਨੀਵਾਰ, 14 ਨਵੰਬਰ 2026 (ਬੈਂਕ ਛੁੱਟੀ) ਐਤਵਾਰ, 15 ਨਵੰਬਰ 2026 ਸੋਮਵਾਰ, 16 ਨਵੰਬਰ 2026 (ਗਜ਼ਟਿਡ ਛੁੱਟੀ)

ਨਾਮਜ਼ਦਗੀਆਂ ਦਾਖਲ ਕਰਨ ਦਾ ਦੂਜਾ ਦਿਨ: ਮੰਗਲਵਾਰ, 17 ਨਵੰਬਰ 2026 (ਸਵੇਰੇ 11:00 ਵਜੇ ਤੋਂ ਦੁਪਹਿਰ 3:00 ਵਜੇ ਤੱਕ)

ਨਾਮਜ਼ਦਗੀਆਂ ਦਾਖਲ ਕਰਨ ਦਾ ਤੀਜਾ ਦਿਨ: ਬੁੱਧਵਾਰ, 18 ਨਵੰਬਰ 2026 (ਸਵੇਰੇ 11:00 ਵਜੇ ਤੋਂ ਦੁਪਹਿਰ 3:00 ਵਜੇ ਤੱਕ)

ਨਾਮਜ਼ਦਗੀਆਂ ਦਾਖਲ ਕਰਨ ਦਾ ਆਖਰੀ ਦਿਨ: ਵੀਰਵਾਰ, 19 ਨਵੰਬਰ 2026 (ਸਵੇਰੇ 11:00 ਵਜੇ ਤੋਂ ਦੁਪਹਿਰ 3:00 ਵਜੇ ਤੱਕ)

ਨਾਮਜ਼ਦਗੀ ਪੱਤਰਾਂ ਦੀ ਪੜਤਾਲ: ਸ਼ੁੱਕਰਵਾਰ, 20 ਨਵੰਬਰ 2026 (ਸਵੇਰੇ 11:00 ਵਜੇ ਤੋਂ ਦੁਪਹਿਰ 3:00 ਵਜੇ ਤੱਕ)

ਨਾਮਜ਼ਦਗੀ ਪੱਤਰ ਵਾਪਸ ਲੈਣ ਦੀ ਮਿਤੀ: ਸ਼ਨੀਵਾਰ, 21 ਨਵੰਬਰ 2026 (ਦੁਪਹਿਰ 3:00 ਵਜੇ ਤੱਕ)

ਵੋਟਾਂ ਪੈਣ ਦੀ ਮਿਤੀ: ਸ਼ਨੀਵਾਰ, 28 ਨਵੰਬਰ 2026 (ਸਵੇਰੇ 8:00 ਵਜੇ ਤੋਂ ਸ਼ਾਮ 4:00 ਵਜੇ ਤੱਕ)

ਵੋਟਾਂ ਦੀ ਗਿਣਤੀ ਸਬੰਧੀ ਹਦਾਇਤਾਂ ਬਾਅਦ ਵਿੱਚ ਜਾਰੀ ਕੀਤੀਆਂ ਜਾਣਗੀਆਂ।

ਸਾਰੇ ਨਾਮਜ਼ਦਗੀ ਫਾਰਮਾਂ ਦੇ ਨਾਲ ਨਿਰਧਾਰਤ ਹਲਫ਼ੀਆ ਬਿਆਨ ਦੇਣਾ ਲਾਜ਼ਮੀ ਹੋਵੇਗਾ ਅਤੇ ਜੇਕਰ ਉਮੀਦਵਾਰ ਕਿਸੇ ਸਿਆਸੀ ਪਾਰਟੀ ਵੱਲੋਂ ਖੜ੍ਹਾ ਕੀਤਾ ਗਿਆ ਹੈ, ਤਾਂ ਸਬੰਧਤ ਸਿਆਸੀ ਪਾਰਟੀ ਦਾ ਅਧਿਕਾਰ ਪੱਤਰ ਵੀ ਨੱਥੀ ਕਰਨਾ ਹੋਵੇਗਾ। ਉਮੀਦਵਾਰਾਂ ਦੇ ਕੇ.ਵਾਈ.ਸੀ. ਵੇਰਵੇ ਜ਼ਿਲ੍ਹਿਆਂ ਦੀਆਂ ਵੈੱਬਸਾਈਟਾਂ @ਤੇ ਅਪਲੋਡ ਕੀਤੇ ਜਾਣਗੇ। ਇਹ ਚੋਣਾਂ ਈ.ਵੀ.ਐਮਜ਼. ਰਾਹੀਂ ਕਰਵਾਈਆਂ ਜਾਣਗੀਆਂ।

ਇਨ੍ਹਾਂ ਚੋਣਾਂ ਲਈ ਨਗਰ ਨਿਗਮ ਪਟਿਆਲਾ ਦੇ 30 ਵਾਰਡਾਂ ਵਿੱਚ 123 ਪੋਲਿੰਗ ਬੂਥ, ਨਗਰ ਕੌਂਸਲ ਬਾਘਾ ਪੁਰਾਣਾ ਦੇ 15 ਵਾਰਡਾਂ ਵਿੱਚ 20 ਪੋਲਿੰਗ ਬੂਥ ਅਤੇ ਨਗਰ ਕੌਂਸਲ ਧਰਮਕੋਟ ਦੇ 7 ਵਾਰਡਾਂ ਵਿੱਚ 7 ਪੋਲਿੰਗ ਬੂਥ ਸਥਾਪਤ ਕੀਤੇ ਗਏ ਹਨ।

ਇਸ ਚੋਣ ਵਿੱਚ ਕੁੱਲ 1,76,429 ਰਜਿਸਟਰਡ ਵੋਟਰ (91,415 ਪੁਰਸ਼, 84,999 ਮਹਿਲਾ ਅਤੇ 15 ਹੋਰ ਵੋਟਰ) ਹਿੱਸਾ ਲੈਣਗੇ।

ਕਮਿਸ਼ਨ ਵੱਲੋਂ ਨਗਰ ਨਿਗਮ ਦੇ ਅਹੁਦੇ ਲਈ ਚੋਣ ਲੜਨ ਵਾਲੇ ਉਮੀਦਵਾਰ ਵਾਸਤੇ ਖਰਚੇ ਦੀ ਹੱਦ 4,00,000 ਰੁਪਏ ਅਤੇ ਨਗਰ ਕੌਂਸਲਾਂ (ਕਲਾਸ-99) ਲਈ 2,30,000 ਰੁਪਏ ਨੋਟੀਫਾਈ ਕੀਤੀ ਗਈ ਹੈ।

ਮਾਣਯੋਗ ਹਾਈ ਕੋਰਟ ਵੱਲੋਂ ਮੁੜ-ਚੋਣ ਕਰਵਾਉਣ ਦੀ ਸਮੁੱਚੀ ਪ੍ਰਕਿਰਿਆ ਦੀ ਨਿਗਰਾਨੀ ਲਈ ਇੱਕ ਨਿਗਰਾਨ ਕਮੇਟੀ ਦਾ ਗਠਨ ਕੀਤਾ ਗਿਆ ਹੈ।

ਕਮਿਸ਼ਨ ਵੱਲੋਂ ਇਨ੍ਹਾਂ ਚੋਣਾਂ ਨੂੰ ਆਜ਼ਾਦ, ਨਿਰਪੱਖ ਅਤੇ ਸ਼ਾਂਤਮਈ ਢੰਗ ਨਾਲ ਨੇਪਰੇ ਚਾੜ੍ਹਨ ਲਈ ਸਾਰੇ ਲੋੜੀਂਦੇ ਪ੍ਰਬੰਧ ਮੁਕੰਮਲ ਕਰ ਲਏ ਗਏ ਹਨ।

ਚੋਣ ਸ਼ਡਿਊਲ ਦੇ ਐਲਾਨ ਦੇ ਨਾਲ ਹੀ ਸਬੰਧਤ ਨਗਰ ਨਿਗਮ ਅਤੇ ਨਗਰ ਕੌਂਸਲਾਂ ਦੇ ਸਮੁੱਚੇ ਅਧਿਕਾਰ ਖੇਤਰ ਵਿੱਚ ਜਿੱਥੇ ਚੋਣਾਂ ਹੋਣ ਜਾ ਰਹੀਆਂ ਹਨ, ਉੱਥੇ ਆਦਰਸ਼ ਚੋਣ ਜ਼ਾਬਤਾ ਤੁਰੰਤ ਪ੍ਰਭਾਵ ਨਾਲ ਲਾਗੂ ਹੋ ਗਿਆ ਹੈ। ਇਹ ਚੋਣ ਪ੍ਰਕਿਰਿਆ ਮੁਕੰਮਲ ਹੋਣ ਤੱਕ ਲਾਗੂ ਰਹੇਗਾ।

ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਭੋਪਾਲ ਪਹੁੰਚ ਕੇ ਕੇਂਦਰੀ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਦੀ ਮਾਤਾ ਜੀ ਸਵ. ਕਾਸ਼ੀ ਬਾਈ ਜੀ ਨੂੰ ਦਿੱਤੀ ਸ਼ਰਧਾਂਜਲੀ

ਚੰਡੀਗੜ੍ਹ, 13 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਵੀਰਵਾਰ ਨੂੰ ਭੋਪਾਲ ਪਹੁੰਚੇ, ਜਿੱਥੇ ਉਨ੍ਹਾਂ ਨੇ ਕੇਂਦਰੀ ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰੀ ਸ੍ਰੀ ਸ਼ਿਵਰਾਜ ਸਿੰਘ ਚੌਹਾਨ ਦੇ ਨਿਵਾਸ ਸਥਾਨ 'ਤੇ ਪਹੁੰਚ ਕੇ ਉਨ੍ਹਾਂ ਦੀ ਮਾਤਾ ਜੀ ਸਵਰਗੀ ਸ੍ਰੀਮਤੀ ਕਾਸ਼ੀ ਬਾਈ ਜੀ ਦੀ ਤਸਵੀਰ 'ਤੇ ਫੁੱਲ ਭੇਟ ਕਰਕੇ ਭਾਵਭਿੰਨੀ ਸ਼ਰਧਾਂਜਲੀ ਦਿੱਤੀ।



ਮੁੱਖ ਮੰਤਰੀ ਨੇ ਵਿਛੜੀ ਰੂਹ ਪ੍ਰਤੀ ਆਪਣੇ ਸ਼ਰਧਾ ਸੁਮਨ ਭੇਟ ਕਰਦਿਆਂ ਦੁਖੀ ਪਰਿਵਾਰ ਦੇ ਮੈਂਬਰਾਂ ਨਾਲ ਮੁਲਾਕਾਤ ਕੀਤੀ ਅਤੇ ਉਨ੍ਹਾਂ ਨੂੰ ਹੌਸਲਾ ਦਿੱਤਾ। ਉਨ੍ਹਾਂ ਨੇ ਇਸ ਦੁੱਖ ਦੀ ਘੜੀ ਵਿੱਚ ਆਪਣੀਆਂ ਡੂੰਘੀਆਂ ਸੰਵੇਦਨਾਵਾਂ ਪ੍ਰਗਟ ਕਰਦਿਆਂ ਪ੍ਰਮਾਤਮਾ ਅੱਗੇ ਅਰਦਾਸ ਕੀਤੀ ਕਿ ਉਹ ਵਿਛੜੀ ਰੂਹ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਬਖਸ਼ਣ ਅਤੇ ਪਰਿਵਾਰ ਨੂੰ ਇਹ ਅਸਹਿ ਦੁੱਖ ਸਹਿਣ ਦਾ ਬਲ ਪ੍ਰਦਾਨ ਕਰਨ।

ਮੁੱਖ ਚੋਣ ਅ਼ਫਸਰ ਨੇ ਸਿਆਸੀ ਪਾਰਟੀਆਂ ਦੇ ਪ੍ਰਤੀਨਿਧੀਆਂ ਨੂੰ ਵੈੱਬਕਾਸਟਿੰਗ ਕੇਂਦਰ ਦਾ ਦੌਰਾ ਕਰਵਾਇਆ

ਚੰਡੀਗੜ੍ਹ, 13 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਵਿਧਾਨ ਸਭਾ ਚੋਣਾਂ 2027 ਦੇ ਮੱਦੇਨਜ਼ਰ ਪੰਜਾਬ ਰਾਜ ਵਿੱਚ ਵੱਖ-ਵੱਖ ਵੇਅਰਹਾਊਸ ਵਿਖੇ ਈ.ਵੀ.ਐਮ. ਮਸ਼ੀਨਾਂ ਅਤੇ ਵੀਵੀਪੈਟ ਮਸ਼ੀਨਾਂ ਦੀ ਅੱਜ ਤੋਂ ਸ਼ੁਰੂ ਹੋਈ ਫਸਟ ਲੈਵਲ ਚੈਕਿੰਗ ਦੀ ਲਗਾਤਾਰ ਨਿਗਰਾਨੀ ਲਈ, ਮੁੱਖ ਚੋਣ ਅਫ਼ਸਰ ਪੰਜਾਬ ਸ੍ਰੀਮਤੀ ਅਨਿੰਦਿਤਾ ਮਿਤਰਾ ਵੱਲੋਂ ਸੂਬੇ ਦੀਆਂ ਸਾਰੀਆ ਮਾਨਤਾ ਪ੍ਰਾਪਤ ਪਾਰਟੀਆਂ ਦੇ ਨੁਮਾਇੰਦਿਆਂ ਨੂੰ ਦਫ਼ਤਰ ਮੁੱਖ ਚੋਣ ਅਫ਼ਸਰ ਪੰਜਾਬ ਵਿਖੇ ਸਥਾਪਤ ਰਾਜ ਪੱਧਰੀ ਵੈੱਬਕਾਸਟਿੰਗ ਕੇਂਦਰ ਦਾ ਦੌਰਾ ਕਰਵਾਇਆ ਗਿਆ। ਇਸ ਮੌਕੇ ਸ੍ਰੀਮਤੀ ਮਿਤਰਾ ਵਲੋਂ ਸਿਆਸੀ ਪਾਰਟੀਆਂ ਦੇ ਪ੍ਰਤੀਨਿਧੀਆਂ ਨੂੰ ਵੈੱਬਕਾਸਟਿੰਗ ਕੇਂਦਰ ਦੀ ਕਾਰਜ ਪ੍ਰਣਾਲੀ ਅਤੇ ਭਾਰਤ ਇਲੈਕਟ੍ਰਾਨਿਕ ਲਿਮਟਿਡ ਦੇ ਅਧਿਕਾਰੀਆਂ ਦੀ ਇਸ ਪ੍ਰਕਿਰਿਆ ਵਿਚ ਭੂਮਿਕਾ ਬਾਰੇ ਜਾਣਕਾਰੀ ਦਿੱਤੀ ਗਈ। ਉਨ੍ਹਾਂ ਦੱਸਿਆ ਕਿ ਸੂਬੇ ਦੇ ਹਰੇਕ ਜ਼ਿਲ੍ਹੇ ਵਿੱਚ ਫਸਟ ਲੈਵਲ ਚੈਕਿੰਗ ਦੌਰਾਨ ਭਾਰਤੀ ਚੋਣ ਕਮਿਸ਼ਨ ਦੀ ਹਦਾਇਤਾਂ ਨੂੰ ਇੰਨਬਿੰਨ ਲਾਗੂ ਕੀਤਾ ਜਾ ਰਿਹਾ ਹੈ। ਇਸ ਮੌਕੇ ਵਧੀਕ ਮੁੱਖ ਚੋਣ ਅਫ਼ਸਰ ਸ੍ਰੀ ਅਮਨਦੀਪ ਬਾਂਸਲ, ਜੁਆਇੰਟ ਮੁੱਖ ਚੋਣ ਅਫ਼ਸਰ ਨਵਨੀਤ ਕੌਰ ਬੱਲ, ਜੁਆਇੰਟ ਮੁੱਖ ਚੋਣ ਅਫ਼ਸਰ ਸੰਜੀਵ ਸ਼ਰਮਾ, ਆਮ ਆਦਮੀ ਪਾਰਟੀ ਤੋਂ ਫੈਰੀ ਸੋਫ਼ਤ, ਭਾਰਤੀ ਜਨਤਾ ਪਾਰਟੀ ਤੋਂ ਐਨ.ਕੇ. ਵਰਮਾ, ਸ਼੍ਰੋਮਣੀ ਅਕਾਲੀ ਦਲ ਤੋਂ ਅਰਸ਼ਦੀਪ ਸਿੰਘ ਕਲੇਰ, ਕਾਂਗਰਸ ਪਾਰਟੀ ਤੋਂ ਹਰਦੀਪ ਸਿੰਘ ਕਿੰਗਰਾ ਅਤੇ ਸੀ.ਪੀ.ਆਈ.(ਐਮ) ਸੁਨੀਲ ਕੁਮਾਰ ਹਾਜ਼ਰ ਸਨ।

ਸੁਤੰਤਰਤਾ ਸੰਗਰਾਮੀਆਂ ਅਤੇ ਉਨ੍ਹਾਂ ਦੇ ਪਰਿਵਾਰਾਂ ਦੀ ਭਲਾਈ ਲਈ ਹਰ ਸੰਭਵ ਸਹਾਇਤਾ ਯਕੀਨੀ ਬਣਾਈ ਜਾਵੇ: ਮੋਹਿੰਦਰ ਭਗਤ

ਚੰਡੀਗੜ੍ਹ, 13 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਦੇ ਰੱਖਿਆ ਸੇਵਾਵਾਂ ਭਲਾਈ, ਸੁਤੰਤਰਤਾ ਸੰਗਰਾਮੀ ਅਤੇ ਬਾਗਬਾਨੀ ਮੰਤਰੀ ਸ੍ਰੀ ਮੋਹਿੰਦਰ ਭਗਤ ਨੇ ਅੱਜ ਸੁਤੰਤਰਤਾ ਸੰਗਰਾਮੀ ਭਲਾਈ ਵਿਭਾਗ ਦੇ ਅਧਿਕਾਰੀਆਂ ਨਾਲ ਵਿਸ਼ੇਸ਼ ਮੀਟਿੰਗ ਕਰਕੇ ਸੁਤੰਤਰਤਾ ਸੰਗਰਾਮੀਆਂ ਅਤੇ ਉਨ੍ਹਾਂ ਦੇ ਪਰਿਵਾਰਾਂ ਦੀ ਭਲਾਈ ਨਾਲ ਸਬੰਧਤ ਵੱਖ-ਵੱਖ ਮਾਮਲਿਆਂ ਦੀ ਸਮੀਖਿਆ ਕੀਤੀ।



ਮੀਟਿੰਗ ਦੌਰਾਨ ਸੁਤੰਤਰਤਾ ਸੰਗਰਾਮੀ ਵਿਸ਼ੇਸ਼ ਮੁੱਖ ਸਕੱਤਰ ਸ੍ਰੀਮਤੀ ਰਾਜੀ ਪੀ. ਸ੍ਰੀਵਾਸਤਵਾ ਨੇ ਮੰਤਰੀ ਨੂੰ ਸੁਤੰਤਰਤਾ ਸੰਗਰਾਮੀਆਂ ਅਤੇ ਉਨ੍ਹਾਂ ਦੇ ਪਰਿਵਾਰਾਂ ਦੀ ਭਲਾਈ ਨਾਲ ਸਬੰਧਤ ਵੱਖ-ਵੱਖ ਮੁੱਦਿਆਂ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ।

ਇਸ ਮੌਕੇ ਕੈਬਨਿਟ ਮੰਤਰੀ ਸ੍ਰੀ ਮੋਹਿੰਦਰ ਭਗਤ ਨੇ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਸੁਤੰਤਰਤਾ ਸੰਗਰਾਮੀਆਂ ਅਤੇ ਉਨ੍ਹਾਂ ਦੇ ਪਰਿਵਾਰਾਂ ਦੀ ਭਲਾਈ ਲਈ ਹਰ ਸੰਭਵ ਸਹਾਇਤਾ ਮੁਹੱਈਆ ਕਰਵਾਈ ਜਾਵੇ। ਉਨ੍ਹਾਂ ਕਿਹਾ ਕਿ ਸੁਤੰਤਰਤਾ ਸੰਗਰਾਮੀਆਂ ਦੇ ਪਰਿਵਾਰਾਂ ਦੀ ਭਲਾਈ ਅਤੇ ਸਨਮਾਨ ਨੂੰ ਤਰਜੀਹ ਦਿੱਤੀ ਜਾਵੇ ਅਤੇ ਉਨ੍ਹਾਂ ਦੇ ਮਸਲਿਆਂ ਦਾ ਪਹਿਲ ਦੇ ਆਧਾਰ 'ਤੇ ਜਲਦ ਨਿਪਟਾਰਾ ਕੀਤਾ ਜਾਵੇ।

ਮੰਤਰੀ ਨੇ ਅਧਿਕਾਰੀਆਂ ਨੂੰ ਮੀਟਿੰਗ ਦੌਰਾਨ ਵਿਚਾਰੇ ਗਏ ਮਾਮਲਿਆਂ ਸਬੰਧੀ ਸਮਾਂਬੱਧ ਕਾਰਵਾਈ ਕਰਨ ਅਤੇ ਇਹ ਯਕੀਨੀ ਬਣਾਉਣ ਦੇ ਨਿਰਦੇਸ਼ ਵੀ ਦਿੱਤੇ ਕਿ ਸੁਤੰਤਰਤਾ ਸੰਗਰਾਮੀਆਂ ਅਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਸਰਕਾਰ ਵੱਲੋਂ ਦਿੱਤੀਆਂ ਜਾਂਦੀਆਂ ਸਹੂਲਤਾਂ ਅਤੇ ਲਾਭ ਪ੍ਰਾਪਤ ਕਰਨ ਵਿੱਚ ਕਿਸੇ ਕਿਸਮ ਦੀ ਦਿੱਕਤ ਦਾ ਸਾਹਮਣਾ ਨਾ ਕਰਨਾ ਪਵੇ।

ਟਰਾਂਸਪੋਰਟਰ ਅਗਵਾ ਮਾਮਲੇ 'ਚ ਸਾਬਕਾ ਐੱਸਐੱਸਪੀ ਗੁਰਮੀਤ ਸਿੰਘ ਰੰਧਾਵਾ ਨੂੰ 5 ਸਾਲ ਕੈਦ ਤੇ 50 ਹਜ਼ਾਰ ਜੁਰਮਾਨਾ

ਮੁਹਾਲੀ, 13 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਮੁਹਾਲੀ ਵਿਖੇ ਸੀਬੀਆਈ (329) ਦੀ ਵਿਸ਼ੇਸ਼ ਅਦਾਲਤ ਨੇ 1992 ਵਿੱਚ ਟਰਾਂਸਪੋਰਟਰ ਅਮਰੀਕ ਸਿੰਘ ਸਾਕਰੀ ਨੂੰ ਅਗਵਾ ਕਰਨ ਅਤੇ ਲਾਪਤਾ ਕਰਨ ਦੇ ਮਾਮਲੇ ਵਿੱਚ ਦੋਸ਼ੀ ਕਰਾਰ ਦਿੱਤੇ ਸਾਬਕਾ ਐੱਸਐੱਸਪੀ ਗੁਰਮੀਤ ਸਿੰਘ ਰੰਧਾਵਾ ਨੂੰ ਪੰਜ ਸਾਲ ਦੀ ਕੈਦ ਅਤੇ ਪੰਜਾਹ ਹਜ਼ਾਰ ਰੁਪਏ ਜੁਰਮਾਨਾ ਕੀਤਾ ਹੈ।

ਇੱਕ ਹੋਰ ਧਾਰਾ ਵਿੱਚ ਉਸ ਨੂੰ ਦੋ ਸਾਲ ਦੀ ਕੈਦ ਅਤੇ 25 ਹਜ਼ਾਰ ਰੁਪਏ ਜੁਰਮਾਨਾ ਕੀਤਾ ਗਿਆ ਹੈ। ਦੋਵੇਂ ਸਜ਼ਾਵਾਂ ਨਾਲ-ਨਾਲ ਚੱਲਣਗੀਆਂ।

ਮੁਹਾਲੀ ਦੀ ਵਿਸ਼ੇਸ਼ ਸੀ ਬੀ ਆਈ ਅਦਾਲਤ ਨੇ ਟਰਾਂਸਪੋਰਟਰ ਅਮਰੀਕ ਸਿੰਘ ਸਾਕਰੀ ਨੂੰ ਲੁਧਿਆਣਾ 'ਚ ਵਿਆਹ ਸਮਾਗਮ 'ਚੋਂ ਅਗਵਾ ਅਤੇ ਲਾਪਤਾ ਕਰਨ ਦੇ 34 ਸਾਲ ਪੁਰਾਣੇ ਬਹੁ-ਚਰਚਿਤ ਮਾਮਲੇ ਵਿੱਚ ਬੁੱਧਵਾਰ ਨੂੰ ਪੰਜਾਬ ਪੁਲੀਸ ਦੇ ਸਾਬਕਾ ਐੱਸ ਐੱਸ ਪੀ ਗੁਰਮੀਤ ਸਿੰਘ ਰੰਧਾਵਾ ਨੂੰ ਦੋਸ਼ੀ ਕਰਾਰ ਦਿੱਤਾ ਸੀ।

ਜ਼ਿਕਰਯੋਗ ਹੈ ਕਿ ਇਹ ਮਾਮਲਾ 25 ਨਵੰਬਰ 1992 ਦਾ ਹੈ, ਜਦੋਂ ਅਮਰੀਕ ਸਿੰਘ ਨੂੰ ਤਰਨ ਤਾਰਨ ਪੁਲੀਸ ਵੱਲੋਂ ਲੁਧਿਆਣਾ ਵਿਚਲੇ



ਵਿਆਹ ਸਮਾਗਮ ਤੋਂ ਚੁੱਕਿਆ ਗਿਆ ਸੀ। ਇਸ ਮਗਰੋਂ ਉਨ੍ਹਾਂ ਦਾ ਕੋਈ ਥਹੁ-ਪਤਾ ਨਹੀਂ ਲੱਗਾ। ਸੀ ਬੀ ਆਈ ਨੇ ਸੁਪਰੀਮ ਕੋਰਟ ਦੇ ਹੁਕਮਾਂ 'ਤੇ ਸਾਲ 2000 ਵਿੱਚ ਕੇਸ ਦਰਜ ਕੀਤਾ ਅਤੇ 2001 ਵਿੱਚ ਗੁਰਮੀਤ ਸਿੰਘ, ਤਤਕਾਲੀ ਡੀ ਐੱਸ ਪੀ (ਡੀ) ਤਰਨ ਤਾਰਨ, ਇੰਸਪੈਕਟਰ ਸੂਬਾ ਸਿੰਘ, ਤਤਕਾਲੀ ਐੱਸ ਐੱਚ ਓ ਖਾਲੜਾ, ਐੱਸ ਆਈ ਸੁਰਿੰਦਰ ਸਿੰਘ, ਸਿਪਾਹੀ ਪਰਮਿੰਦਰਜੀਤ ਸਿੰਘ ਉਰਫ਼ ਬੱਬੂ ਅਤੇ ਏ ਐੱਸ ਆਈ ਜਸਵੰਤ ਸਿੰਘ ਵਿਰੁੱਧ ਚਾਰਜਸ਼ੀਟ ਦਾਇਰ ਕੀਤੀ ਸੀ। ਚਾਰਜਸ਼ੀਟ ਮੁਤਾਬਕ ਅਮਰੀਕ ਸਿੰਘ ਸਾਕਰੀ ਨੂੰ 25 ਨਵੰਬਰ 1992 ਨੂੰ ਤਰਨ ਤਾਰਨ ਦੀ ਪੁਲੀਸ ਪਾਰਟੀ ਨੇ ਹੋਟਲ ਅਮਲਤਾਸ਼ ਲੁਧਿਆਣਾ ਤੋਂ ਚੁੱਕਿਆ ਸੀ, ਜਿੱਥੇ ਉਹ ਆਪਣੀ ਭਾਣਜੀ ਦੇ ਵਿਆਹ ਵਿੱਚ ਸ਼ਰੀਕ ਸਨ। 1996 ਵਿੱਚ ਅਮਰੀਕ ਸਿੰਘ ਦੀ ਪਤਨੀ ਨੇ ਸੁਪਰੀਮ ਕੋਰਟ ਵਿੱਚ ਹੈਬੀਅਸ ਕਾਰਪਸ ਪਟੀਸ਼ਨ ਦਾਇਰ ਕੀਤੀ। ਉਸੇ ਸਾਲ, ਸੁਪਰੀਮ ਕੋਰਟ ਨੇ ਪੰਜਾਬ ਪੁਲੀਸ ਵੱਲੋਂ ਵੱਡੇ ਪੱਧਰ 'ਤੇ ਲਾਸ਼ਾਂ ਨੂੰ ਲਾਵਾਰਿਸ ਅਤੇ ਅਣਪਛਾਤੀਆਂ ਦੱਸ ਕੇ ਸਸਕਾਰ ਕਰਨ ਦੇ ਮਾਮਲੇ ਦੀ ਸੀ ਬੀ ਆਈ ਜਾਂਚ ਦੇ ਹੁਕਮ ਦਿੱਤੇ। ਸਾਕਰੀ ਦੇ ਲਾਪਤਾ ਹੋਣ ਦਾ ਮਾਮਲਾ ਵੀ ਸੀ ਬੀ ਆਈ ਨੇ ਆਪਣੇ ਹੱਥ ਵਿੱਚ ਲੈ ਲਿਆ ਸੀ।

ਮੁਲਜ਼ਮਾਂ ਵਿਰੁੱਧ 2000 ਵਿੱਚ ਦੋਸ਼ ਤੈਅ ਕੀਤੇ ਗਏ, ਪਰ ਅਦਾਲਤਾਂ ਦੇ ਨਿਰਦੇਸ਼ਾਂ 'ਤੇ ਇਸ ਮਾਮਲੇ ਦੀ ਸੁਣਵਾਈ ਕਰੀਬ 22 ਸਾਲ ਰੁਕੀ ਰਹੀ। ਵਕੀਲਾਂ ਅਨੁਸਾਰ ਸਾਲ 2022 ਵਿੱਚ ਮੁਕੱਦਮਾ ਸ਼ੁਰੂ ਹੋਇਆ ਤਾਂ ਸੀ ਬੀ ਆਈ ਵੱਲੋਂ ਅਦਾਲਤ ਵਿੱਚ ਪੇਸ਼ ਸਾਰੇ ਸਬੂਤਾਂ ਦਾ ਰਿਕਾਰਡ ਅਦਾਲਤ ਵਿਚੋਂ ਗਾਇਬ ਹੋ ਗਿਆ। ਹਾਈ ਕੋਰਟ ਦੇ ਹੁਕਮਾਂ 'ਤੇ ਮੁੜ ਸਾਰੇ ਸਬੂਤ ਇਕੱਤਰ ਕੀਤੇ ਗਏ। ਮੁਕੱਦਮੇ ਦੌਰਾਨ 47 ਗਵਾਹਾਂ ਦਾ ਹਵਾਲਾ ਦਿੱਤਾ ਗਿਆ ਪਰ ਸੁਣਵਾਈ ਦੌਰਾਨ ਸਿਰਫ਼ 16 ਗਵਾਹ ਹੀ ਪੇਸ਼ ਕੀਤੇ ਗਏ, ਬਹੁਤੇ ਗਵਾਹਾਂ ਦੀ ਸੁਣਵਾਈ ਰੁਕਣ ਦੌਰਾਨ ਮੌਤ ਹੋ ਗਈ। ਇਸੇ ਤਰ੍ਹਾਂ ਤਿੰਨ ਮੁਲਜ਼ਮਾਂ ਏ ਐੱਸ ਆਈ ਜਸਵੰਤ ਸਿੰਘ, ਐੱਸ ਆਈ ਸੁਰਿੰਦਰ ਸਿੰਘ ਅਤੇ ਇੰਸਪੈਕਟਰ ਸੂਬਾ ਸਿੰਘ ਦੀ ਵੀ ਮੌਤ ਹੋ ਗਈ, ਜਿਸ ਕਰ ਕੇ ਉਨ੍ਹਾਂ ਵਿਰੁੱਧ ਕਾਰਵਾਈ ਬੰਦ ਕਰ ਦਿੱਤੀ ਗਈ।


ਪੰਜਾਬ ਦੀ ਕਾਨੂੰਨ ਵਿਵਸਥਾ ਤੇ ਨਸ਼ੇ ਦੇ ਮੁੱਦੇ 'ਤੇ ਸਾਰਿਆਂ ਨੂੰ ਮਿਲ ਕੇ ਕੰਮ ਕਰਨ ਦੀ ਲੋੜ : ਰਾਜਪਾਲ ਗੁਲਾਬ ਚੰਦ ਕਟਾਰੀਆ



ਲੁਧਿਆਣਾ, 13 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਲੁਧਿਆਣਾ ਪਹੁੰਚੇ ਰਾਜਪਾਲ ਗੁਲਾਬ ਚੰਦ ਕਟਾਰੀਆ ਨੇ ਕਿਹਾ ਕਿ ਪੰਜਾਬ ਵਰਗੇ ਬਹਾਦਰ ਸੂਬਾ ਨੂੰ ਨਸ਼ਾ ਕਮਜ਼ੋਰ ਕਰ ਰਿਹਾ ਹੈ ਤੇ ਪੰਜਾਬ ਵਿਚ ਲਗਾਤਾਰ ਹੋ ਰਹੇ ਹਨ। ਵਾਰਦਾਤਾਂ ਇੰਝ ਲੱਗਦੀਆਂ ਹਨ ਜਿਵੇਂ ਗੋਲੀਆਂ ਨਹੀਂ ਪਟਾਕੇ ਚਲਾਏ ਜਾ ਰਹੇ ਹਨ। ਇਸ ਲਈ ਸਾਰਿਆਂ ਨੂੰ ਇਨ੍ਹਾਂ ਮੁੱਦਿਆਂ 'ਤੇ ਮਿਲ ਕੇ ਕੰਮ ਕਰਨ ਦੀ ਲੋੜ ਹੈ। ਜ਼ਿਕਰਯੋਗ ਹੈ ਕਿ ਉਹ ਅੱਜ ਲੁਧਿਆਣਾ ਵਿਖੇ ਇਕ ਸੰਸਥਾਨ ਵੱਲੋਂ ਕਰਾਏ ਗਏ ਨਿੱਜੀ ਸਮਾਗਮ ਵਿਚ ਸ਼ਾਮਿਲ ਹੋਣ ਲਈ ਆਏ ਸਨ।

ਨਾਭਾ ਵਿਖੇ ਸਾਬਕਾ ਸੈਨਿਕਾਂ ਦੀ ਭਲਾਈ ਲਈ ਲਗਾਇਆ ਵਿਸ਼ੇਸ਼ ਕੈਂਪ, ਦੋ ਲਾਭਪਾਤਰੀਆਂ ਨੂੰ ਸਹਾਇਤਾ ਦੇ ਚੈੱਕ ਭੇਟ




ਪਟਿਆਲਾ/ਨਾਭਾ , 12 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਕੈਬਨਿਟ ਮੰਤਰੀ ਰੱਖਿਆ ਸੇਵਾਵਾਂ ਭਲਾਈ ਪੰਜਾਬ ਸ੍ਰੀ ਮਾਣਯੋਗ ਮੋਹਿੰਦਰ ਭਗਤ ਵਲੋਂ ਜਾਰੀ ਹੋਏ ਹੁਕਮਾਂ ਦੀ ਪਾਲਣਾ ਕਰਦੇ ਹੋਏ ਅਤੇ ਡਿਪਟੀ ਕਮਿਸ਼ਨਰ ਪਟਿਆਲਾ ਜੀ ਵਲੋਂ ਜਾਰੀ ਹੋਏ ਆਦੇਸ਼ਾਂ ਅਨੁਸਾਰ ਸਾਬਕਾ ਸੈਨਿਕਾਂ ਦੀਆਂ ਸ਼ਿਕਾਇਤਾਂ ਦੇ ਨਿਵਾਰਣ ਲਈ ਉਪ-ਮੰਡਲ ਮੈਜਿਸਟ੍ਰੇਟ ਨਾਭਾ ਸ੍ਰੀ ਅਰਵਿੰਦਰ ਪਾਲ ਸਿੰਘ ਸੋਮਲ ਦੇ ਦਿਸ਼ਾ ਨਿਰਦੇਸ਼ਾਂ ਪਾਲਣਾ ਕਰਦੇ ਹੋਏ ਤਹਿਸੀਲੀਦਾਰ ਨਾਭਾ ਸ੍ਰੀ ਹਰਸਿਮਰਨ ਸਿੰਘ ਦੀ ਰਹਿਨੁਮਾਈ ਹੇਠ ਅੱਜ ਮਿਤੀ 12 ਨਵੰਬਰ 2026 ਨੂੰ ਵਿਸ਼ੇਸ਼ ਕੈਂਪ ਲਗਾਇਆ ਗਿਆ।

ਕੈਂਪ ਦਾ ਆਗਾਜ ਕਮਾਂਡਰ ਬਲਜਿੰਦਰ ਵਿਰਕ (ਰਿਟਾ.) ਜ਼ਿਲ੍ਹਾ ਰੱਖਿਆ ਸੇਵਾਵਾਂ ਭਲਾਈ ਅਫਸਰ ਪਟਿਆਲਾ ਵਲੋਂ ਮੁੱਖ ਮਹਿਮਾਨ ਜੀ ਸੁਆਗਤ ਕਰਨ ਉਪਰੰਤ ਉਨ੍ਹਾਂ ਵਲੋਂ ਸ਼ਹੀਦ ਸੈਨਿਕਾਂ, ਸਾਬਕਾ ਸੈਨਿਕਾਂ ਅਤੇ ਉਨ੍ਹਾਂ ਦੇ ਆਸ਼ਰਿਤਾਂ ਲਈ ਕੇਂਦਰੀ ਸੈਨਿਕ ਬੋਰਡ ਅਤੇ ਪੰਜਾਬ ਸਰਕਾਰ ਵਲੋਂ ਚਲਾਈਆਂ ਜਾ ਰਹੀਆਂ ਵੱਖ-ਵੱਖ ਭਲਾਈ ਸਕੀਮਾਂ ਬਾਰੇ ਵਿਸਥਾਰ-ਪੂਰਵਕ ਜਾਣਕਾਰੀ ਦਿੱਤੀ ਗਈ। ਉਨ੍ਹਾਂ ਨੇ ਹਾਲ ਵਿੱਚ ਕੇਂਦਰ ਸਰਕਾਰ ਅਤੇ ਪੰਜਾਬ ਸਰਕਾਰ ਵਲੋਂ ਵੱਖ-ਵੱਖ ਭਲਾਈ ਸਕੀਮਾਂ ਵਿੱਚ ਕੀਤੇ ਗਏ ਵਾਧੇ ਦੀ ਵੀ ਜਾਣਕਾਰੀ ਦਿੱਤੀ। ਇਸ ਉਪਰੰਤ ਮਾਣਯੋਗ ਤਹਿਸੀਲਦਾਰ ਸਾਹਿਬ ਨਾਭਾ ਜੀ ਵਲੋਂ ਕੈਂਪ ਵਿੱਚ ਹਾਜ਼ਰ ਸਾਬਕਾ ਸੈਨਿਕਾਂ ਨੂੰ ਵਿਸ਼ਵਾਸ ਦੁਆਇਆ ਕਿ ਸਾਬਕਾ ਸੈਨਿਕਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਦੀਆਂ ਮਸ਼ਕਿਲਾਂ ਦਾ ਹੱਲ ਪਹਿਲ ਦੇ ਆਧਾਰ ਤੇ ਕੀਤਾ ਜਾਵੇਗਾ ਅਤੇ ਉਨ੍ਹਾਂ ਕੈਂਪ ਵਿੱਚ ਹਾਜ਼ਰ ਹੋਏ ਵੱਖ- ਵੱਖ ਵਿਭਾਗਾਂ ਦੇ ਨੁਮਾਇੰਦਿਆਂ ਨੂੰ ਵੀ ਸਾਬਕਾ ਸੈਨਿਕਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਪੇਸ਼ ਆ ਰਹੀਆਂ ਮੁਸ਼ਕਿਲਾਂ ਨੂੰ ਦੂਰ ਕਰਨ ਲਈ ਦਿਸ਼ਾ-ਨਿਰਦੇਸ਼ ਜਾਰੀ ਕੀਤੇ। ਕੈਂਪ ਦੇ ਆਖੀਰ ਵਿੱਚ ਨਾਭਾ ਤਹਿਸੀਲ ਨਾਲ ਸਬੰਧਿਤ 04 ਸ਼ਹੀਦ ਸੈਨਿਕ ਪਰਿਵਾਰਾਂ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ ਅਤੇ ਇਸ ਮੌਕੇ ਤੇ ਝੰਡਾ ਦਿਵਸ ਫੰਡ ਵਿਚੋਂ 02 ਲਾਭਪਾਤਰੀਆਂ ਨੂੰ ਮਾਲੀ ਸਹਾਇਤਾ ਦੇ ਚੈੱਕ ਵੀ ਪ੍ਰਦਾਨ ਕੀਤੇ ਗਏ। ਇਸ ਮੀਟਿੰਗ ਵਿੱਚ ਕਮਾਂਡਰ ਬਲਜਿੰਦਰ ਵਿਰਕ (ਰਿਟਾ.) ਜ਼ਿਲ੍ਹਾ ਰੱਖਿਆ ਸੇਵਾਵਾਂ ਭਲਾਈ ਅਫਸਰ ਪਟਿਆਲਾ, ਨਾਇਬ ਤਹਿਸੀਲਦਾਰ ਨਾਭਾ, ਤਹਿਸੀਲ ਭਲਾਈ ਅਫਸਰ ਨਾਭਾ, ਨੁਮਾਇੰਦਾ ਡਿਪਟੀ ਸੁਪਰਡੰਟ ਆਫ ਪੁਲਿਸ ਨਾਭਾ, ਮਿਊਂਸੀਪਲ ਕੌਂਸਲ ਨਾਭਾ ਤੇ ਭਾਦਸੋਂ ਅਤੇ ਦਫਤਰ ਦੇ ਸਟਾਫ ਮੈਂਬਰ ਹਾਜ਼ਰ ਹੋਏ ਸਨ। ਇਸ ਮੌਕੇ ਤੇ ਹਾਜ਼ਰ ਸਾਬਕਾ ਸੈਨਿਕਾਂ ਅਤੇ ਵੀਰ ਨਾਰੀਆਂ ਦੀ ਮੇਜ਼ਬਾਨੀ ਲਈ ਚਾਹ-ਪਾਣੀ ਦਾ ਵੀ ਪ੍ਰਬੰਧ ਕੀਤਾ ਗਿਆ।

ਅਦਿੱਤਿਆ ਡਚਲਵਾਲ ਨੇ ਐੱਸ ਏ ਐੱਸ ਨਗਰ ਦੇ ਡਿਪਟੀ ਕਮਿਸ਼ਨਰ ਵਜੋਂ ਅਹੁਦਾ ਸੰਭਾਲਿਆ



ਕੁਰਾਲੀ, 13 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

2016 ਬੈਚ ਦੇ ਆਈ.ਏ.ਐਸ ਅ਼ਫਸਰ ਸ੍ਰੀ ਅਦਿੱਤਿਆ ਡਚਲਵਾਲ ਨੇ ਅੱਜ ਸਾਹਿਬਜ਼ਾਦਾ ਅਜੀਤ ਸਿੰਘ ਨਗਰ ਦੇ ਡਿਪਟੀ ਕਮਿਸ਼ਨਰ ਵਜੋਂ ਅਹੁਦਾ ਸੰਭਾਲ ਲਿਆ ਉਹ ਇਸ ਤੋਂ ਪਹਿਲਾਂ ਰੂਪਨਗਰ ਵਿਖੇ ਡਿਪਟੀ ਕਮਿਸ਼ਨਰ ਵਜੋਂ ਸੇਵਾਵਾਂ ਨਿਭਾਅ ਚੁੱਕੇ ਹਨ ਸ੍ਰੀ ਅਦਿੱਤਿਆ ਡਚਲਵਾਲ ਨੇ ਅਹੁਦਾ ਸੰਭਾਲਣ ਤੋਂ ਬਾਅਦ ਕਿਹਾ ਕਿ ਉਹ ਜ਼ਿਲ੍ਹੇ ਦੇ ਸਰਬਪੱਖੀ ਵਿਕਾਸ ਨੂੰ ਪਹਿਲ ਦੇਣਗੇ ਉਨ੍ਹਾਂ ਕਿਹਾ ਕਿ ਜ਼ਿਲ੍ਹੇ ਵਿੱਚ ਲੋਕ ਭਲਾਈ ਯੋਜਨਾਵਾਂ ਨੂੰ ਹਰ ਇੱਕ ਯੋਗ ਲਾਭਪਾਤਰੀ ਤੱਕ ਪੁੱਜਣਾ ਯਕੀਨੀ ਬਣਾਉਣ ਤੋਂ ਇਲਾਵਾ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਨੂੰ ਹੋਰ ਤੇਜ਼ ਕੀਤਾ ਜਾਵੇਗਾ ਉਨ੍ਹਾਂ ਕਿਹਾ ਕਿ ਸਾਹਿਬਜ਼ਾਦਾ ਅਜੀਤ ਸਿੰਘ ਨਗਰ ਜ਼ਿਲ੍ਹੇ ਦੇ ਲੋਕਾਂ ਦੀਆਂ ਸਮੱਸਿਆਵਾਂ ਨੂੰ ਪਹਿਲ ਦੇ ਆਧਾਰ ਉੱਤੇ ਹੱਲ ਕਰਨਾ ਪਾਰਦਰਸ਼ੀ ਪ੍ਰਸ਼ਾਸਨ ਮੁਹੱਈਆ ਕਰਵਾਉਣਾ ਸਰਕਾਰੀ ਸਕੀਮਾਂ ਦਾ ਲਾਭ ਆਮ ਲੋਕਾਂ ਤੱਕ ਪਹੁੰਚਾਉਣਾ ਅਤੇ ਵਿਕਾਸ ਕਾਰਜਾਂ ਨੂੰ ਨੇਪਰੇ ਚਾੜ੍ਹ ਕੇ ਜ਼ਿਲ੍ਹੇ ਨੂੰ ਹਰੇਕ ਖੇਤਰ ਵਿਚ ਬੁਲੰਦੀਆਂ ਤੇ ਪਹੁੰਚਾਉਣਾ ਉਨ੍ਹਾਂ ਦੀ ਮੁੱਖ ਤਰਜੀਹ ਹੋਵੇਗੀ ਉਨ੍ਹਾਂ ਕਿਹਾ ਕਿ ਜ਼ਿਲ੍ਹਾ ਵਾਸੀਆਂ ਨੂੰ ਸਰਕਾਰੀ ਸੇਵਾਵਾਂ ਦਾ ਲਾਭ ਉਨ੍ਹਾਂ ਦੇ ਘਰ ਤੱਕ ਸਰਲ ਤਰੀਕੇ ਨਾਲ ਪੁੱਜਦਾ ਕਰਨ ਉੱਤੇ ਧਿਆਨ ਕੇਂਦਰਿਤ ਹੋਵੇਗਾ ਇਸਦੇ ਨਾਲ ਹੀ ਸਿਹਤ ਸਿੱਖਿਆ ਪੀਣ ਵਾਲੇ ਪਾਣੀ ਸਾਫ਼-ਸਫਾਈ ਅਤੇ ਬੁਨਿਆਦੀ ਢਾਂਚੇ ਨੂੰ ਹੋਰ ਮਜ਼ਬੂਤ ਕੀਤਾ ਜਾਵੇਗਾ ਇਸ ਤੋਂ ਪਹਿਲਾਂ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਪਹੁੰਚਣ ਤੇ ਜ਼ਿਲ੍ਹਾ ਪੁਲਿਸ ਦੀ ਟੁਕੜੀ ਵੱਲੋਂ ਉਨ੍ਹਾਂ ਨੂੰ 'ਗਾਰਡ ਆਫ਼ ਆਨਰ' ਦਿੱਤਾ ਗਿਆ।

ਗੁਰਦਿਆਂ ਤੇ ਯੂਰੋਲੋਜੀ ਸਰਜਰੀ ਲਈ ਮੈਸ਼-ਪ੍ਰੋਲਾਈਫ ਹਸਪਤਾਲ ਵਿੱਚ ਵਿਸ਼ੇਸ਼ ਕੈਂਪ 14 ਨੂੰ

ਲੁਧਿਆਣਾ, 13 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਮੈਸ਼-ਪ੍ਰੋਲਾਈਫ ਹਸਪਤਾਲ, ਪਿੰਡ ਗਿੱਲ, ਮਲੇਰਕੋਟਲਾ ਰੋਡ ਵੱਲੋਂ 14 ਨਵੰਬਰ 2026 ਨੂੰ ਗੁਰਦਿਆਂ ਅਤੇ ਯੂਰੋਲੋਜੀ ਸਰਜਰੀ ਸਬੰਧੀ ਵਿਸ਼ੇਸ਼ ਮੈਡੀਕਲ ਕੈਂਪ ਲਗਾਇਆ ਜਾ ਰਿਹਾ ਹੈ। ਡਾ. ਵਰੁਣ ਮਿੱਤਲ ਦੀ ਅਗਵਾਈ ਹੇਠ ਲੱਗਣ ਵਾਲੇ ਇਸ ਕੈਂਪ ਵਿੱਚ ਗੁਰਦੇ ਦੀ ਪੱਥਰੀ, ਪ੍ਰੋਸਟੇਟ ਦੀ ਸਮੱਸਿਆ, ਪਿਸ਼ਾਬ ਦੀ ਥੈਲੀ ਅਤੇ ਹੋਰ ਯੂਰੋਲੋਜੀ ਬਿਮਾਰੀਆਂ ਤੋਂ ਪੀੜਤ ਮਰੀਜ਼ਾਂ ਨੂੰ ਮਾਹਿਰ ਡਾਕਟਰੀ ਸਲਾਹ ਅਤੇ ਆਧੁਨਿਕ ਇਲਾਜ ਦੀ



ਜਾਣਕਾਰੀ ਦਿੱਤੀ ਜਾਵੇਗੀ।

ਹਸਪਤਾਲ ਵੱਲੋਂ ਗੁਰਦੇ ਦੀ ਪੱਥਰੀ ਅਤੇ ਪ੍ਰੋਸਟੇਟ ਦੇ ਆਪ੍ਰੇਸ਼ਨਾਂ ਲਈ ਵਿਸ਼ੇਸ਼ ਕਿਫ਼ਾਇਤੀ ਪੈਕੇਜ ਅਤੇ ਹੋਰ ਯੂਰੋਲੋਜੀ ਸਰਜਰੀਆਂ ਲਈ ਵਿਸ਼ੇਸ਼ ਦਰਾਂ ਦੀ ਸਹੂਲਤ ਦਿੱਤੀ ਜਾਵੇਗੀ। ਕੈਂਪ ਲਈ ਪਹਿਲੇ 20 ਮਰੀਜ਼ਾਂ ਦੀ ਰਜਿਸਟ੍ਰੇਸ਼ਨ ਨੂੰ ਤਰਜੀਹ ਦਿੱਤੀ ਜਾਵੇਗੀ, ਜਦਕਿ ਰਜਿਸਟ੍ਰੇਸ਼ਨ ਦੀ ਆਖ਼ਰੀ ਮਿਤੀ 13 ਨਵੰਬਰ ਹੈ।

ਹਸਪਤਾਲ ਪ੍ਰਬੰਧਕਾਂ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਗੁਰਦਿਆਂ ਅਤੇ ਪਿਸ਼ਾਬ ਪ੍ਰਣਾਲੀ ਨਾਲ ਸਬੰਧਤ ਕਿਸੇ ਵੀ ਸਮੱਸਿਆ ਨੂੰ ਨਜ਼ਰਅੰਦਾਜ਼ ਨਾ ਕਰਨ ਅਤੇ ਸਮੇਂ ਸਿਰ ਮਾਹਿਰ ਡਾਕਟਰ ਦੀ ਸਲਾਹ ਲੈ ਕੇ ਇਲਾਜ ਕਰਵਾਉਣ।


ਰਾਜ ਪੱਧਰੀ ਬਾਕਸਿੰਗ ਮੁਕਾਬਲਿਆਂ ਦੇ ਅਗੇਤੇ ਪ੍ਰਬੰਧਾਂ ਸਬੰਧੀ ਡਿਪਟੀ ਕਮਿਸ਼ਨਰ ਵੱਲੋਂ ਵਰਚੂਅਲ ਮੀਟਿੰਗ

ਮਾਲੇਰਕੋਟਲਾ, 13 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਖੇਡਾਂ ਵਤਨ ਪੰਜਾਬ ਦੀਆਂ-2026 ਤਹਿਤ ਮਾਲੇਰਕੋਟਲਾ ਵਿਖੇ ਕਰਵਾਏ ਜਾਣ ਵਾਲੇ ਪੰਜਾਬ ਰਾਜ ਪੱਧਰੀ ਬਾਕਸਿੰਗ ਮੁਕਾਬਲਿਆਂ ਦੇ ਅਗੇਤੇ ਪ੍ਰਬੰਧਾਂ ਸਬੰਧੀ ਡਿਪਟੀ ਕਮਿਸ਼ਨਰ ਵਿਰਾਜ ਐਸ. ਤਿੜਕੇ ਨੇ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨਾਲ ਵਰਚੂਅਲ ਮੀਟਿੰਗ ਕਰਕੇ ਤਿਆਰੀਆਂ ਦਾ ਜਾਇਜ਼ਾ ਲਿਆ ਅਤੇ ਲੋੜੀਂਦੇ ਦਿਸ਼ਾ-ਨਿਰਦੇਸ਼ ਦਿੱਤੇ । ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ ਰਾਜਦੀਪ ਸਿੰਘ ਬਰਾੜ ਵੀ ਮੌਜੂਦ ਸਨ ।

ਉਨ੍ਹਾਂ ਦੱਸਿਆ ਕਿ ਲੜਕੀਆਂ ਦੇ ਬਾਕਸਿੰਗ ਮੁਕਾਬਲੇ 17 ਤੋਂ 19 ਨਵੰਬਰ ਅਤੇ ਲੜਕਿਆਂ ਦੇ 20 ਤੋਂ 23 ਨਵੰਬਰ ਤੱਕ ਡਾ. ਜ਼ਾਕਿਰ ਹੁਸੈਨ ਸਟੇਡੀਅਮ ਵਿਖੇ ਕਰਵਾਏ ਜਾਣਗੇ। ਉਨ੍ਹਾਂ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਖਿਡਾਰੀਆਂ ਦੀ ਸਹੂਲਤ, ਸੁਰੱਖਿਆ ਅਤੇ ਰਿਹਾਇਸ਼ ਦੇ ਪੁਖ਼ਤਾ ਪ੍ਰਬੰਧ ਸਮੇਂ ਸਿਰ ਮੁਕੰਮਲ ਕੀਤੇ ਜਾਣ।

ਡਿਪਟੀ ਕਮਿਸ਼ਨਰ ਨੇ ਪੁਲਿਸ ਪ੍ਰਸ਼ਾਸਨ ਨੂੰ ਡਾ. ਜ਼ਾਕਿਰ ਹੁਸੈਨ ਸਟੇਡੀਅਮ ਅਤੇ ਖਿਡਾਰੀਆਂ ਦੀ



ਰਿਹਾਇਸ਼ ਵਾਲੇ ਸਥਾਨਾਂ 'ਤੇ ਸੁਰੱਖਿਆ ਪ੍ਰਬੰਧ ਯਕੀਨੀ ਬਣਾਉਣ ਦੇ ਨਿਰਦੇਸ਼ ਦਿੱਤੇ। ਸਿਹਤ ਵਿਭਾਗ ਨੂੰ ਮੁਕਾਬਲਿਆਂ ਦੌਰਾਨ ਡਾਕਟਰਾਂ ਦੀਆਂ ਟੀਮਾਂ, ਲੋੜੀਂਦੀਆਂ ਦਵਾਈਆਂ ਅਤੇ ਐਂਬੂਲੈਂਸ ਦੀ ਉਪਲਬਧਤਾ ਯਕੀਨੀ ਬਣਾਉਣ ਲਈ ਕਿਹਾ।

ਉਨ੍ਹਾਂ ਕਾਰਜ ਸਾਧਕ ਅਫ਼ਸਰ, ਨਗਰ ਕੌਂਸਲ ਮਾਲੇਰਕੋਟਲਾ ਨੂੰ ਸਟੇਡੀਅਮ ਅਤੇ ਰਿਹਾਇਸ਼ੀ ਸਥਾਨਾਂ 'ਤੇ ਸਾਫ਼-ਸਫ਼ਾਈ ਤੇ ਸੈਨੀਟੇਸ਼ਨ ਦੇ ਸੁਚੱਜੇ ਪ੍ਰਬੰਧ ਕਰਨ ਦੀ ਹਦਾਇਤ ਕੀਤੀ। ਜ਼ਿਲ੍ਹਾ ਸਿੱਖਿਆ ਅਫ਼ਸਰ ਨੂੰ ਸਕੂਲਾਂ ਵਿੱਚ ਖਿਡਾਰੀਆਂ ਦੀ ਰਿਹਾਇਸ਼ ਅਤੇ ਜ਼ਿਲ੍ਹਾ ਖੇਡ ਅਫ਼ਸਰ ਨੂੰ ਖਾਣ-ਪੀਣ, ਟੈਂਟ ਅਤੇ ਟੂਰਨਾਮੈਂਟ ਦੇ ਸਮੁੱਚੇ ਪ੍ਰਬੰਧ ਕਰਨ ਲਈ ਕਿਹਾ।

ਇਸੇ ਤਰ੍ਹਾਂ ਜ਼ਿਲ੍ਹਾ ਲੋਕ ਸੰਪਰਕ ਅਫ਼ਸਰ ਨੂੰ ਖੇਡ ਮੁਕਾਬਲਿਆਂ ਦਾ ਵੱਧ ਤੋਂ ਵੱਧ ਪ੍ਰਚਾਰ ਕਰਨ ਦੇ ਨਿਰਦੇਸ਼ ਦਿੱਤੇ। ਡਿਪਟੀ ਕਮਿਸ਼ਨਰ ਨੇ ਕਿਹਾ ਕਿ ਸਾਰੇ ਵਿਭਾਗ ਆਪਸੀ ਤਾਲਮੇਲ ਨਾਲ ਜ਼ਿੰਮੇਵਾਰੀ ਨਿਭਾਉਣ ਤਾਂ ਜੋ ਰਾਜ ਪੱਧਰੀ ਬਾਕਸਿੰਗ ਮੁਕਾਬਲੇ ਸੁਚਾਰੂ ਅਤੇ ਸਫ਼ਲਤਾਪੂਰਵਕ ਨੇਪਰੇ ਚਾੜ੍ਹੇ ਜਾ ਸਕਣ।

ਪਸ਼ੂਆਂ ਤੋਂ ਵੀ ਲੱਗ ਸਕਦੀਆਂ ਨੇ ਬਿਮਾਰੀਆਂ




ਖੇਤੀਬਾੜੀ ਅਤੇ ਡੇਅਰੀ ਅਜਿਹੇ ਧੰਦੇ ਹਨ ਜੋ ਕਿ ਦੇਸ਼ ਦੇ ਵਿਕਾਸ ਦੀ ਗੀੜ੍ਹ ਦੀ ਹੱਡੀ ਹਨ। ਅੱਜ ਜਦੋਂ ਅਸੀਂ 21ਵੀਂ ਸਦੀ ਵਿਚ ਅੰਤਰ ਰਾਸ਼ਟਰੀ ਮੰਡੀ ਵਿਚ ਅਪਣੇ ਪੈਰ ਜਮਾਉਣ ਦੀ ਕੋਸ਼ਿਸ਼ ਵਿਚ ਹਾਂ ਤਾਂ ਸਾਨੂੰ ਇਹ ਵੇਖਣਾ ਪਵੇਗਾ ਕਿ ਸਾਡੇ ਪਸ਼ੂਆਂ ਦੀ ਸਿਹਤ ਅੰਤਰਰਾਸ਼ਟਰੀ ਮੰਡੀ ਦੀਆਂ ਬੁਨਿਆਦੀ ਲੋੜਾਂ ਮੁਤਾਬਕ ਸਹੀ ਹੈ ਜਾਂ ਨਹੀਂ। ਡੇਅਰੀ 'ਤੇ ਆਉਣ ਵਾਲੇ ਖ਼ਰਚ ਦਾ ਕਾਫ਼ੀ ਹਿੱਸਾ ਪਸ਼ੂਆਂ ਦੀ ਦੇਖਭਾਲ ਅਤੇ ਇਲਾਜ ਲਈ ਖ਼ਰਚਿਆ ਜਾਂਦਾ ਹੈ ਜਦਕਿ ਇਨ੍ਹਾਂ ਬਿਮਾਰੀਆਂ ਵਿਚੋਂ ਬਹੁਤ ਸਾਰੀਆਂ ਬਿਮਾਰੀਆਂ ਪਸ਼ੂਆਂ ਤੋਂ ਆਦਮੀਆਂ ਨੂੰ ਲੱਗ ਸਕਦੀਆਂ ਹਨ। ਇਨ੍ਹਾਂ ਬਿਮਾਰੀਆਂ ਦੀ ਰੋਕਥਾਮ ਸਮੇਂ-ਸਮੇਂ ਸਿਰ ਟੀਕਾਕਰਨ ਕਰਵਾ ਕੇ ਕੀਤੀ ਜਾ ਸਕਦੀ ਹੈ। ਇਹ ਬਿਮਾਰੀਆਂ ਆਮ ਤੌਰ 'ਤੇ ਪਸ਼ੂ ਪਾਲਕਾਂ ਜਾਂ ਪਸ਼ੂ ਦੀ ਦੇਖ-ਭਾਲ ਕਰਨ ਵਾਲੇ ਅਤੇ ਪਸ਼ੂਆਂ ਦੇ ਡਾਕਟਰਾਂ ਵਿਚ ਵੇਖੀਆਂ ਜਾ ਸਕਦੀਆਂ ਹਨ। ਇਨ੍ਹਾਂ ਵਿਚੋਂ ਬਹੁਤੀਆਂ ਬਿਮਾਰੀਆਂ ਸਾਵਧਾਨੀ ਵਰਤਣ ਨਾਲ ਜਾਂ ਸਮੇਂ ਸਿਰ ਟੀਕਾਕਰਨ ਕਰਵਾ ਕੇ ਉਨ੍ਹਾਂ 'ਤੇ ਕਾਬੂ ਪਾਇਆ ਜਾ ਸਕਦਾ ਹੈ। ਜ਼ਨੋਟਿਕ ਬਿਮਾਰੀਆਂ : ਜਿਹੜੀਆਂ ਬਿਮਾਰੀਆਂ ਪਸ਼ੂਆਂ ਤੋਂ ਆਦਮੀਆਂ ਨੂੰ ਲਗ ਜਾਂਦੀਆਂ ਹਨ ਉਨ੍ਹਾਂ ਨੂੰ ਜ਼ਨੋਟਿਕ ਡਿਸੀਜ਼ ਕਿਹਾ ਜਾਂਦਾ ਹੈ। ਜ਼ੂਐਨਥਰਾਪੋਨੋਸਿਸ : ਮੂਲ ਰੂਪ ਵਿਚ ਇਹ ਬਿਮਾਰੀਆਂ ਹੁੰਦੀਆਂ ਹਨ ਪਰ ਇਹ ਬਿਮਾਰੀਆਂ ਆਦਮੀਆਂ ਤੋਂ ਪਸ਼ੂਆਂ ਵਿਚ ਚਲੀਆਂ ਜਾਂਦੀਆਂ ਹਨ ਅਤੇ ਫਿਰ ਆਦਮੀ ਵਿਚ ਚਲੀਆਂ ਜਾਂਦੀਆਂ ਹਨ। ਜਿਵੇਂ ਟੀ.ਬੀ., ਐਮ.ਬੀ.ਆਸੀਸ। ਐਨਥਰਾਜ਼ੂਪੋਨੋਸਿਸ : ਇਹ ਮੂਲ ਰੂਪ ਵਿਚ ਪਸ਼ੂਆਂ ਦੀਆਂ ਬਿਮਾਰੀਆਂ ਹੁੰਦੀਆਂ ਹਨ ਪਰ ਇਹ ਬਿਮਾਰੀਆਂ ਪਸ਼ੂਆਂ ਤੋਂ ਬੰਦਿਆਂ ਵਿਚ ਚਲੀਆਂ ਜਾਂਦੀਆਂ ਹਨ। ਜਿਵੇਂ ਹਲਕਾਅ, ਲੈਪਟੋਸਾਈਰੋਸੀਸ ਅਤੇ ਬਰੂਸੀਲੋਸਿਸ। ਇਸ ਤਰ੍ਹਾਂ ਲੱਗਭਗ 276 ਬਿਮਾਰੀਆਂ ਜ਼ਨੋਟਿਕ ਬਿਮਾਰੀਆਂ ਹਨ। ਇਨ੍ਹਾਂ ਬਿਮਾਰੀਆਂ ਵਿਚੋਂ ਕੁੱਝ ਬਿਮਾਰੀਆਂ ਕਿੱਤਾ ਸਬੰਧੀ ਹਨ ਜੋ ਕਿੱਤੇ 'ਤੇ ਨਿਰਭਰ ਕਰਦੀਆਂ ਹਨ। ਜਿਵੇਂ : ਬਰੂਸੀਲੋਸਿਸ ਪਸ਼ੂ ਪਾਲਕਾ ਅਤੇ ਪਸ਼ੂ ਦੇ ਡਾਕਟਰਾਂ ਵਿਚ ਪਾਈ ਜਾਂਦੀ ਹੈ। ਬਰੂਸ਼ੀਲੋਸਿਸ : ਕੁਦਰਤੀ ਅਤੇ ਮੂਲ ਰੂਪ ਵਿਚ ਇਹ ਬਿਮਾਰੀ ਪਸ਼ੂਆਂ ਵਿਚ ਪਾਈ ਜਾਂਦੀ ਹੈ ਜਿਵੇਂ ਕਿ ਗਊਆਂ, ਮੱਝਾਂ, ਭੇਡਾਂ, ਬੱਕਰੀਆਂ, ਕੁੱਤਿਆਂ ਅਤੇ ਸੂਰਾਂ ਆਦਿ ਵਿਚ ਇਹ ਬਿਮਾਰੀ ਬਰੂਸੈਲਾ ਨਾਮੀ ਜੀਵਾਣੂ ਦੁਆਰਾ ਹੁੰਦੀ ਹੈ ਇਸ ਜੀਵਾਣੂ ਦੀ ਕਿਸਮ ਪਸ਼ੂ ਦੀ ਕਿਸਮ 'ਤੇ ਨਿਰਭਰ ਕਰਦੀ ਹੈ। ਇਸ ਬਿਮਾਰੀ ਵਿਚ ਗੱਭਣ ਪਸ਼ੂ ਆਖ਼ਰੀ ਤਿਮਾਹੀ ਵਿਚ ਕੱਟੜੂ ਸੁੱਟ ਦਿੰਦਾ ਹੈ ਅਤੇ ਜੇਰ ਕੁਦਰਤੀ ਤੌਰ 'ਤੇ ਨਹੀਂ ਗਿਰਦੀ। ਸੁੱਟੇ ਹੋਏ ਕਟੜੂ ਅਤੇ ਜੇਰ ਵਿਚ ਇਹ ਜੀਵਾਣੂ ਬਹੁਤ ਜ਼ਿਆਦਾ ਮਾਤਰਾ ਵਿਚ ਹੁੰਦਾ ਹੈ ਜਿਥੋਂ ਇਹ ਬਿਮਾਰੀ ਦੀ ਲਾਗ ਪਸ਼ੂ ਪਾਲਕਾਂ ਅਤੇ ਪਸ਼ੂ ਦੇ ਡਾਕਟਰਾਂ ਵਿਚ ਹੋ ਜਾਂਦੀ ਹੈ ਅਤੇ ਨੇੜੇ ਬੰਨੇ ਹੋਏ ਡੰਗਰਾਂ ਵਿਚ ਚਲੀ ਜਾਂਦੀ ਹੈ ਜਿਸ ਨਾਲ ਇਹ ਦੁਧਾਰੂ ਪਸ਼ੂਆਂ ਨੂੰ ਨਕਾਰਾ ਕਰ ਦਿੰਦੀ ਹੈ। ਬੰਦਿਆਂ ਵਿਚ ਇਹ ਬਿਮਾਰੀ ਦੇ ਲੱਛਣ ਬੁਖਾਰ ਮਾਸਪੇਸ਼ੀਆਂ ਦਾ ਦਰਦ, ਸਿਰ ਦਰਦ, ਕਮਜ਼ੋਰੀ, ਰਾਤ ਨੂੰ ਪਸੀਨਾ ਆਉਣਾ, ਗੀੜ ਦੀ ਹੱਡੀ ਅਤੇ ਜੋੜਾਂ ਵਿਚ ਦਰਦ, ਜਿੱਗਰ ਅਤੇ ਤਿਲੀ ਖ਼ਰਾਬ ਹੋਣਾ, ਪਤਾਲੂਆਂ ਦੀ ਸੋਜ ਅਤੇ ਨਾਮਰਦਾਨਗੀ ਹੋਣਾ, ਪਤਾਲੂਆਂ ਦੀ ਸੋਜ ਕਾਰਨ ਨਾਮਰਦਾਨਗੀ ਆ ਜਾਂਦੀ ਹੈ। ਇਸ ਤਰ੍ਹਾਂ ਦੇ ਲੱਛਣ ਆਉਣ 'ਤੇ ਸਬੰਧਤ ਡਾਕਟਰ ਨਾਲ ਸਲਾਹ-ਮਸ਼ਵਰਾ ਕਰ ਕੇ ਇਲਾਜ ਕਰਵਾਉ।

ਮੂਲ ਰੂਪ ਵਿਚ ਇਹ ਬਿਮਾਰੀਆਂ ਹੁੰਦੀਆਂ ਹਨ ਪਰ ਇਹ ਬਿਮਾਰੀਆਂ ਆਦਮੀਆਂ ਤੋਂ ਪਸ਼ੂਆਂ ਵਿਚ ਚਲੀਆਂ ਜਾਂਦੀਆਂ ਹਨ ਅਤੇ ਫਿਰ ਆਦਮੀ ਵਿਚ ਚਲੀਆਂ ਜਾਂਦੀਆਂ ਹਨ। ਜਿਵੇਂ ਟੀ.ਬੀ., ਐਮ.ਬੀ.ਆਸੀਸ। ਐਨਥਰਾਜ਼ੂਪੋਨੋਸਿਸ : ਇਹ ਮੂਲ ਰੂਪ ਵਿਚ ਪਸ਼ੂਆਂ ਦੀਆਂ ਬਿਮਾਰੀਆਂ ਹੁੰਦੀਆਂ ਹਨ ਪਰ ਇਹ ਬਿਮਾਰੀਆਂ ਪਸ਼ੂਆਂ ਤੋਂ ਬੰਦਿਆਂ ਵਿਚ ਚਲੀਆਂ ਜਾਂਦੀਆਂ ਹਨ।



ਟੀ.ਬੀ. (ਟਿਊਬਰਕੁਲੋਸ਼ਿਸ਼) : ਇਹ ਬਿਮਾਰੀ ਮਾਈਕੋਬੈਕਟੀਰੀਅਮ ਟਿਊਬਰਕਲੋਸਿਸ ਨਾਮੀ ਜੀਵਾਣੂ ਦੁਆਰਾ ਹੁੰਦੀ ਹੈ। ਇਹ ਬਿਮਾਰੀ ਮੁੱਖ ਰੂਪ ਨਾਲ ਜੀਵਾਣੂ ਰਾਹੀਂ ਦੂਸ਼ਿਤ ਦੁੱਧ, ਪਾਣੀ ਅਤੇ ਹੋਰ ਖਾਣ ਵਾਲੇ ਪਦਾਰਥਾਂ ਅਤੇ ਦੂਸ਼ਿਤ ਹਵਾ ਵਿਚ ਸਾਹ ਲੈਣ ਦੁਆਰਾ ਫੈਲਦੀ ਹੈ। ਇਸ ਬਿਮਾਰੀ ਵਿਚ ਪਸ਼ੂਆਂ ਅਤੇ ਜਾਨਵਰਾਂ ਵਿਚ ਸੋਕਾ, ਭੁੱਖ ਦਾ ਘਟਣਾ, ਲਗਾਤਾਰ ਖੰਗਣਾ, ਬੁਖਾਰ, ਕਮਜ਼ੋਰੀ ਕਾਰਨ ਹੱਡੀਆਂ ਦਾ ਸਾਫ਼ ਦਿਖਣਾ। ਇਸ ਬਿਮਾਰੀ ਦੇ ਜੀਵਾਣੂ ਬੀਮਾਰ ਪਸ਼ੂ ਦੇ ਵਿਚ ਪਾਏ ਜਾਂਦੇ ਹਨ। ਇਸ ਲਈ ਦੁੱਧ ਘਟੋ ਘੱਟ 5 ਮਿੰਟ ਤਕ ਉਬਾਲ ਕੇ ਪੀਣਾ ਅਤੇ ਵਰਤੋਂ ਵਿਚ ਲਿਆਉਣਾ ਚਾਹੀਦਾ ਹੈ। ਬਿਮਾਰੀ ਦੇ ਲੱਛਣ ਆਉਣ 'ਤੇ ਸਬੰਧਤ ਡਾਕਟਰ ਨਾਲ ਸੰਪਰਕ ਕਰੋ। ਸਕੇਬੀਜ (ਚਮੜੀ ਦੇ ਰੋਗ) : ਇਹ ਬਿਮਾਰੀ ਸਾਰਕੰਪਟੀਜ ਸਕੇਬਿਜ਼ ਨਾਂ ਦੀ ਸੂਖਮ ਜੂੰਅ ਰਾਹੀਂ ਹੁੰਦੀ ਹੈ। ਸਕੇਬੀਜ ਆਮ ਤੌਰ 'ਤੇ ਕੁੱਤਿਆਂ ਵਿਚ ਹੁੰਦੀ ਹੈ ਜਿਸ ਨੂੰ ਕੁੱਤਿਆਂ ਵਿਚ ਖਾਰਸ਼ ਪੈਣਾ ਕਹਿੰਦੇ ਹਨ। ਇਹ ਬਿਮਾਰੀ ਆਦਮੀਆਂ ਵਿਚ ਵੀ ਚਲੀ ਜਾਂਦੀ ਹੈ। ਇਸ ਬਿਮਾਰੀ ਵਿਚ ਸਰੀਰ ਉਤੇ ਲਾਲ ਧਫੜਾਂ ਦਾ ਪੈਣਾ ਅਤੇ ਬਹੁਤ ਖੁਜਲੀ ਹੋਣਾ ਅਤੇ ਵਾਲ ਝੜਨਾ ਮੁੱਖ ਲੱਛਣ ਹਨ। ਇਸ ਤਰ੍ਹਾਂ ਦੇ ਲੱਛਣ ਆਉਣ 'ਤੇ ਸਬੰਧਤ ਡਾਕਟਰ ਨਾਲ ਸੰਪਰਕ ਕਰੋ। ਹਲਕਾਅ ਜਾਂ ਰੇਬੀਜ਼ : ਇਹ ਬਿਮਾਰੀ ਰੈਬਡੋ ਵਿਸ਼ਾਣੂ ਨਾਂ ਦੇ ਵਿਸ਼ਾਣੂ ਰਾਹੀਂ ਹੁੰਦੀ ਹੈ। ਇਹ ਬਿਮਾਰੀ ਆਮ ਤੌਰ 'ਤੇ ਕੁੱਤਿਆਂ, ਬਿੱਲੀਆਂ ਅਤੇ ਨਿਉਲਿਆਂ ਵਿਚ ਹੁੰਦੀ ਹੈ ਅਤੇ ਇਨ੍ਹਾਂ ਦੁਆਰਾ ਹੋਰ ਪਸ਼ੂਆਂ ਅਤੇ ਆਦਮੀਆਂ ਵਿਚ ਇਨ੍ਹਾਂ ਜਾਨਵਰਾਂ ਦੇ ਕੱਟਣ ਜਾਂ ਵਿਸ਼ਾਣੂ ਦੂਸ਼ਿਤ ਲਾਰ ਨਾਲ ਫੈਲਦੀ ਹੈ। ਇਸ ਬਿਮਾਰੀ ਵਿਚ ਕੁੱਤਾ ਲਾਰ ਸੁੱਟਦਾ ਹੈ, ਗੱਡੀਆਂ ਮਗਰ ਭੱਜਦਾ ਅਤੇ ਭੌਂਕਦਾ ਹੈ, ਹਨੇਰੇ ਥਾਂ ਲੁਕਦਾ ਹੈ, ਪਾਣੀ ਤੋਂ ਡਰਦਾ ਹੈ ਅਤੇ ਅੰਤ ਵਿਚ ਅੰਧਰੰਗ ਨਾਲ ਮਰ ਜਾਂਦਾ ਹੈ। ਪਸ਼ੂਆਂ ਅਤੇ ਆਦਮੀਆਂ ਨੂੰ ਕੱਟਣ ਦੀ ਕੋਸ਼ਿਸ਼ ਕਰਦਾ ਹੈ। ਇਸ ਬਿਮਾਰੀ ਦੇ ਬਚਾਅ ਲਈ ਪਾਲਤੂ ਕੁੱਤੇ ਨੂੰ ਹਰ ਸਾਲ ਵੈਕਸਿਨ ਲਗਾਉਣੀ ਚਾਹੀਦੀ ਹੈ ਜੇਕਰ ਕੁੱਤਾ ਕਿਸੇ ਪਸ਼ੂ ਅਤੇ ਆਦਮੀ ਨੂੰ ਕੱਟ ਲੈਂਦਾ ਹੈ ਤਾਂ ਡਾਕਟਰ ਦੀ ਸਲਾਹ ਨਾਲ ਬਚਾਅ ਦੇ ਟੀਕੇ ਲਗਾਉਣੇ ਚਾਹੀਦੇ ਹਨ। ਪਸ਼ੂਆਂ ਵਿਚ ਟੀ. ਬੀ. ਬਰੂਸੀਲੋਸਿਸ ਅਤੇ ਸਕੇਵਿਜ਼ ਦੇ ਟੈਸਟ ਵੈਟਰਨਰੀ ਪੋਲੀਕਲੀਨਿਕ ਦੇ ਪੈਥੋਲਾਜੀ ਵਿਭਾਗ ਵਿਚ ਉਪਲੱਬਧ ਹਨ ਅਤੇ ਹਲਕਾਅ ਦਾ ਟੈਸਟ ਕਰਵਾਉਣ ਲਈ ਪਸ਼ੂ ਪਾਲਕ ਪੰਜਾਬ ਖੇਤੀ ਬਾੜੀ ਯੂਨੀਵਰਸਿਟੀ ਲੁਧਿਆਣਾ ਦੇ ਵੈਟਰਨਰੀ ਕਾਲਜ ਨਾਲ ਸੰਪਰਕ ਕਰ ਸਕਦੇ ਹਨ।

ਪੇਟ ਦੇ ਕੀੜਿਆਂ ਦੇ ਇਲਾਜ ਲਈ ਜੜ੍ਹੀ-ਬੂਟੀਆਂ



ਪੇਟ ਦੇ ਕੀੜੇ ਅੱਜਕੱਲ੍ਹ ਆਮ ਬਿਮਾਰੀ ਹੈ। ਇਹ ਕੀੜੇ ਅਕਸਰ ਬੱਚਿਆਂ ਦੀ ਆਂਤਾ ਵਿਚ ਪਾਏ ਜਾਂਦੇ ਹਨ। ਪੇਟ ਵਿਚ ਕੀੜੇ ਹੋਣ 'ਤੇ ਕੋਈ ਬੱਚਾ ਜ਼ਿਆਦਾ ਖਾਂਦਾ ਹੈ ਜਾਂ ਬਹੁਤ ਘੱਟ ਖਾਂਦਾ ਹੈ। ਆਯੂਰਵੇਦ ਨੇ ਆਪਣੇ ਨੇੜੇ-ਤੇੜੇ ਹੀ ਮੌਜੂਦ ਜੜੀ-ਬੂਟੀਆਂ ਦਾ ਉਲੇਖ ਕੀਤਾ ਹੈ ਜਿਸ ਦੇ ਸੇਵਨ ਨਾਲ ਪੇਟ ਦੇ ਕੀੜਿਆਂ ਤੋਂ ਬੜੀ ਆਸਾਨੀ ਨਾਲ ਰਾਹਤ ਪਾਈ ਜਾ ਸਕਦੀ ਹੈ। ਇਲਾਜ ਇਸ ਤਰ੍ਹਾਂ ਹੈ-


1. ਅਜਵਾਇਨ : ਅਜਵਾਇਨ ਦਾ ਪ੍ਰਯੋਗ ਪੇਟ ਦੇ ਕੀੜੇ ਹੋਣ ਦੀ ਅਵਸਥਾ ਵਿਚ ਵਿਸ਼ੇਸ਼ ਲਾਭਕਾਰੀ ਹੈ। ਸਿਰਫ ਅਜਵਾਇਨ ਚੂਰਨ 5 ਗ੍ਰਾਮ ਦੀ ਮਾਤਰਾ ਮੱਠੇ ਦੇ ਨਾਲ ਸੇਵਨ ਕਰਨ 'ਤੇ ਪੇਟ ਦੇ ਕੀੜੇ ਨਸ਼ਟ ਹੋ ਜਾਂਦੇ ਹਨ।

2. ਨਿੰਮ : ਨਿੰਮ-ਪੱਤਰ ਦਾ ਰਸ ਸ਼ਹਿਦ ਨਾਲ ਪੀਣ ਨਾਲ ਉਦਰਸਥ ਕੀੜਿਆਂ ਦਾ ਨਾਸ਼ ਹੋ ਜਾਂਦਾ ਹੈ। 25 ਗ੍ਰਾਮ ਨਿੰਮ ਦੀ ਛਿੱਲ ਨੂੰ ਇਕ ਲੀਟਰ ਪਾਣੀ ਵਿਚ ਪਾ ਕੇ ਖੂਬ ਉਬਾਲੋ। ਜਦੋਂ ਪਾਣੀ ਇਕ ਚੌਥਾਈ ਰਹਿ ਜਾਵੇ ਉਦੋਂ ਬਰਤਨ ਨੂੰ ਹੇਠਾਂ ਉਤਾਰ ਕੇ ਉਸ ਵਿਚ ਪਈ ਛਿੱਲ ਨੂੰ ਚੰਗੀ ਤਰ੍ਹਾਂ ਮਥ ਲਉ। ਸਵੇਰੇ ਸ਼ਾਮ 10-10 ਗ੍ਰਾਮ ਦੀ ਮਾਤਰਾ ਇਸ ਕਾੜ੍ਹੇ ਨੂੰ ਪੀਣ ਨਾਲ ਪੇਟ ਦੇ ਕੀੜੇ ਮਰ ਕੇ ਮਲ ਦੁਆਰ 'ਚੋਂ ਬਾਹਰ ਨਿਕਲ ਜਾਂਦੇ ਹਨ ਅਤੇ ਪੇਟ ਸਾਫ ਹੋ ਜਾਂਦਾ ਹੈ।

3. ਸਹਿਜਨ (ਸ਼ੋਭਾਂਜਨ) : ਸਹਿਜਨ ਦਾ ਕਾੜ੍ਹਾ ਬਣਾ ਕੇ ਸ਼ਹਿਦ ਦੇ ਨਾਲ ਸੇਵਨ ਕਰਨ ਨਾਲ ਉਦਰਸਥ ਕੀੜੇ ਨਸ਼ਟ ਹੋ ਜਾਂਦੇ ਹਨ।

4. ਹਿੰਗ : ਹਿੰਗ ਪਾਣੀ ਵਿਚ ਘੋਲ ਕੇ ਵਸਤੀ (ਏਨੀਮਾ) ਦੇਣ ਨਾਲ ਉਦਰ ਦੇ ਕੀੜੇ ਨਿਕਲ ਜਾਂਦੇ ਹਨ।

5. ਕਬੀਲਾ: ਕਬੀਲਾ, ਵਾਇਵੜਿੰਗ ਬਰਾਬਰ-ਬਰਾਬਰ ਪੀਸ ਕੇ ਬੱਚੇ ਨੂੰ 1 ਗ੍ਰਾਮ ਅਤੇ ਵੱਡੇ ਆਦਮੀ ਨੂੰ 3 ਗ੍ਰਾਮ ਰਾਤ ਨੂੰ 3 ਦਿਨ ਦੁੱਧ ਨਾਲ ਦੇਣਾ ਚਾਹੀਦਾ ਹੈ ਜਾਂ ਕੇਵਲ ਚੂਰਨ 1-3 ਗ੍ਰਾਮ ਘਿਓ, ਗੁੜ ਨਾਲ ਦੇਣਾ ਚਾਹੀਦਾ ਹੈ। ਪੇਟ ਦੇ ਕੀੜੇ ਮਰ ਕੇ ਮਲ ਦੁਆਰ ਤੋਂ ਬਾਹਰ ਨਿਕਲ ਜਾਂਦੇ ਹਨ।



6. ਪਲਾਸ਼ : ਪਲਾਸ਼ (ਢਾਕ) ਦੇ ਬੀਜ ਅਤੇ ਵਾਇਵੜਿੰਗ ਦਾ ਚੂਰਨ ਬਣਾ ਕੇ ਗੁੜ ਦੇ ਨਾਲ ਖਾਣ ਨਾਲ ਪੇਟ ਦੇ ਕੀੜੇ ਮਰ ਜਾਂਦੇ ਹਨ।

7. ਪੁਦੀਨਾ : ਆਂਤਰ- ਕ੍ਰਿਮੀ ਵਿਚ ਪੁਦੀਨੇ ਦਾ ਰਸ ਦਿਉ ਅਤੇ ਨਾਸਾ ਕ੍ਰਿਮੀ ਵਿਚ ਇਸ ਦਾ ਨਸਯ ਦਿਉ।

8. ਅਸ਼ਵਗੰਧਾ : ਅਸ਼ਵਗੰਧਾ-ਮੂਲ ਨੂੰ ਗਾਂ ਦੇ ਮੂਤਰ 'ਚ ਪੀਸ ਕੇ ਲੈਣ ਨਾਲ ਉਦਰ ਕ੍ਰਿਮੀ ਨਸ਼ਟ ਹੋ ਜਾਂਦੇ ਹਨ। 9. ਟਮਾਟਰ : ਟਮਾਟਰ ਪੇਟ ਦੇ ਕੀੜਿਆਂ ਨੂੰ ਮਾਰਦਾ ਹੈ ਜਿਹੜੇ ਬੱਚਿਆਂ ਜਾਂ ਵੱਡਿਆਂ ਦੇ ਪੇਟ ਵਿਚ ਕੀੜੇ ਹਨ ਉਨ੍ਹਾਂ ਨੂੰ ਲਗਾਤਾਰ ਟਮਾਟਰ ਦੇ ਰਸ ਨੂੰ ਹਿੰਗ ਵਿਚ ਬਧਾਰਕੇ ਪੀਣ ਨਾਲ ਜਾਂ ਸਵੇਰੇ ਸਵੇਰੇ ਖਾਲੀ ਪੇਟ ਟਮਾਟਰ ਖਾਣ ਨਾਲ ਪੇਟ ਦੇ ਕੀੜੇ ਖਤਮ ਹੋ ਜਾਂਦੇ ਹਨ। 10. ਵਾਇਵੜਿੰਗ : ਛੁਆਰਾ, ਅਜਵਾਇਨ, ਵਾਇਵੜਿੰਗ ਤਿੰਨਾਂ ਵਸਤਾਂ ਨੂੰ ਬਰਾਬਰ ਮਾਤਰਾ ਵਿਚ ਲੈ ਕੇ ਚੂਰਨ ਬਣਾ ਲਉ। 6 ਗ੍ਰਾਮ ਚੂਰਨ ਵਿਚ ਥੋੜ੍ਹਾ ਜਿਹਾ ਸ਼ਹਿਦ ਮਿਲਾ ਕੇ ਅਨਾਨਾਸ ਦੇ ਰਸ ਨਾਲ ਦਿਨ ਵਿਚ ਦੋ ਵਾਰ ਪਿਲਾਉ ਤਾਂ 2-3 ਦਿਨਾਂ ਵਿਚ ਹੀ ਬੱਚੇ ਦੇ ਢਿੱਡ ਦੇ ਕੀੜੇ ਮਰ ਜਾਣਗੇ।


11. ਸੇਬ : ਰਾਤ ਨੂੰ ਸੌਣ ਸਮੇਂ ਪ੍ਰਤੀਦਿਨ ਇਕ ਸੇਬ ਖਾਣ ਨਾਲ 15 ਦਿਨਾਂ ਦੇ ਅੰਦਰ ਹੀ ਪੇਟ ਦੇ ਸਾਰੇ ਕੀੜੇ ਨਸ਼ਟ ਹੋ ਜਾਂਦੇ ਹਨ। ਸੇਬ ਖਾਣ ਤੋਂ ਬਾਅਦ ਪਾਣੀ ਨਾ ਪੀਉ।

12. ਨਾਰੀਅਲ (ਖੋਪਾ): ਆਂਤ ਦੇ ਕੀੜਿਆਂ ਵਾਸਤੇ ਨਾਰੀਅਲ (ਖੋਪਾ) ਇਕ ਪੁਰਾਣੀ ਅਤੇ ਪ੍ਰਭਾਵਸ਼ਾਲੀ ਔਸ਼ਧੀ ਹੈ। ਇਕ ਚਮਚ ਪੀਸਿਆ ਹੋਇਆ ਨਾਰੀਅਲ ਨਾਸ਼ਤੇ ਦੇ ਸਮੇਂ ਲਿਆ ਜਾਂਦਾ ਹੈ ਫਿਰ ਤਿੰਨ ਘੰਟੇ ਬਾਅਦ ਇਕ ਖੁਰਾਕ ਕੇਸਟਰ ਆਇਲ।

13. (ਅਰਿੰਡ) ਨਿਯਮਿਤ ਲੈਣ ਨਾਲ ਇਹ ਰੋਗ ਖਤਮ ਹੋ ਜਾਂਦਾ ਹੈ। ਨਾਰੀਅਲ ਦਾ ਤੇਲ ਪੀਣ ਨਾਲ ਵੀ ਢਿੱਡ ਦੇ ਕੀੜੇ ਮਰ ਜਾਂਦੇ ਹਨ।

ਰਣਜੀਤ ਸਿੰਘ

ਆਵਾਜ਼ ਦੀ ਅਸਹਿਜ ਵਰਤੋਂ ਬਿਮਾਰੀਆਂ ਨੂੰ ਦਿੰਦੀ ਐ ਸੱਦਾ



ਸਾਧਨਾ ਦੀ ਆਪਣੀ ਭਜਨ ਮੰਡਲੀ ਹੈ। ਮੰਡਲੀ ਦੀ ਮੁੱਖ ਗਾਇਕਾ ਉਹੀ ਹੈ। ਇਨ੍ਹੀਂ ਦਿਨੀਂ ਉਹ ਲਗਭਗ 3 ਘੰਟੇ ਤੱਕ ਰਿਆਜ਼ ਕਰਦੀ ਹੈ। ਕੁਝ ਦਿਨ ਪਹਿਲਾਂ ਉਸ ਨੇ ਆਪਣੇ ਗਲੇ ਦੀ ਨਸਾਂ ਵਿਚ ਸੋਜਿਸ਼ ਮਹਿਸੂਸ ਕੀਤੀ, ਜਿਸ ਨਾਲ ਉਸਦੀ ਆਵਾਜ਼ ਵਿਚ ਵੀ ਬਦਲਾਅ ਆ ਰਿਹਾ ਸੀ। ਡਾਕਟਰੀ ਸਲਾਹ ਲੈਣ 'ਤੇ ਡਾਕਟਰ ਨੇ ਦੱਸਿਆ ਕਿ ਉਸ ਨੂੰ ਸਿੰਗਰਜ਼ ਨੋਡਜ਼ ਹੋਇਆ ਹੈ ਜੋ ਕਿ ਸਵਰ ਯੰਤਰਾਂ ਦੀ ਦੁਰਵਰਤੋਂ ਨਾਲ ਹੁੰਦਾ ਹੈ। ਇਸ ਦੇ ਇਲਾਜ ਲਈ ਡਾਕਟਰ ਨੇ ਉਸ ਨੂੰ ਲੇਜ਼ਰ ਉਪਚਾਰ ਦੀ ਸਲਾਹ ਦਿੱਤੀ ਹੁਣ ਉਸ ਨੂੰ ਕੋਈ ਸਮੱਸਿਆ ਨਹੀਂ ਹੈ। ਡਾਕਟਰਾਂ ਦਾ ਇਹ ਮੰਨਣਾ ਹੈ ਕਿ ਸਵਰ ਜਾਂ ਆਵਾਜ਼ ਤਰੰਗਾਂ ਵਿਚ ਵੱਖ-ਵੱਖ ਰੋਗਾਂ ਨੂੰ ਦੂਰ ਕਰਨ ਦੀ ਸਮਰੱਥਾ ਹੁੰਦੀ ਹੈ। ਕਈ ਬਿਮਾਰੀਆਂ ਦੇ ਇਲਾਜ ਲਈ ਸੰਗੀਤ ਦੀ ਵਰਤੋਂ ਵੀ ਕੀਤੀ ਜਾਂਦੀ ਹੈ। ਇਹ ਹੋ ਸਕਦਾ ਹੈ ਕਿ ਆਉਣ ਵਾਲੇ ਕੁਝ ਸਾਲਾਂ ਵਿਚ ਸੰਗੀਤ ਨੂੰ ਇਕ ਚੰਗੀ ਚਿਕਿੱਤਸਾ ਪ੍ਰਣਾਲੀ ਦਾ ਬਦਲ ਦੇ ਰੂਪ ਵਿਚ ਮਾਣਤਾ ਮਿਲ ਜਾਵੇ। ਪਰ ਇਸੇ ਸੰਗੀਤ ਨਾਲ ਜੇਕਰ ਤੁਸੀਂ ਗਾਇਕਾਂ ਵਿਚ ਵੋਕਲ ਨੋਡਿਊਲਸ ਨਾਂ ਦੀ ਬੀਮਾਰੀ ਹੋਣ ਦਾ ਖਤਰਾ ਰਹਿੰਦਾ ਹੈ। ਵੋਕਲ ਕਾਡਜ਼ 'ਤੇ ਪਾਈ ਜਾਣ ਵਾਲੀ ਇਨ੍ਹਾਂ ਗੱਠਾਂ ਨੂੰ ਗਿਲਟੀਆਂ ਵੀ ਕਹਿੰਦੇ ਹਨ, ਇਨ੍ਹਾਂ ਗਿਲਟੀਆਂ ਨੂੰ ਹੀ ਸਿੰਗਰਜ਼ ਨੋਡਜ਼ ਦਾ ਨਾਂ ਵੀ ਦਿੱਤਾ ਗਿਆ ਹੈ। ਜੇਕਰ ਇਕ ਹਵਾ ਨਾਲ ਭਰੇ ਹੋਏ ਗੁਬਾਰੇ ਨੂੰ ਦੋਵੇਂ ਹੱਥਾਂ ਨਾਲ ਫੜ ਕੇ ਖਿੱਚਿਆ ਜਾਵੇ ਤਾਂ ਇਨ੍ਹਾਂ ਦੇ ਹੌਲੀ-ਹੌਲੀ ਸਰਕ ਕੇ ਨਿਕਲਣ ਵਾਲੀ ਹਵਾ ਇਕ ਆਵਾਜ਼ ਪੈਦਾ ਕਰਦੀ ਹੈ। ਇਸੇ ਤਰ੍ਹਾਂ ਦੀ ਪ੍ਰਕਿਰਿਆ ਮਨੁੱਖੀ ਸਰੀਰ ਵਿਚ ਵੀ ਹੁੰਦੀ ਹੈ ਜਦੋਂ ਕਿ ਸਾਹ ਬਾਹਰ ਕੱਢਦੇ ਸਮੇਂ ਹਵਾ ਫੇਫੜਿਆਂ ਅਤੇ ਵੋਕਲ ਕਾਡਸ 'ਚੋਂ ਨਿਕਲਦੀ ਹੈ, ਇਸੇ ਨਾਲ ਹੀ ਅਵਾਜ਼ ਪੈਦਾ ਹੁੰਦੀ ਹੈ। ਇਹੀ ਆਵਾਜ਼ ਅੱਗੇ ਚੱਲ ਕੇ ਗਲੇ, ਮੂੰਹ ਅਤੇ ਜੀਭ ਦੀ ਮਦਦ ਨਾਲ ਸ਼ਬਦਾਂ ਦਾ ਰੂਪ ਲੈਂਦੀ ਹੈ ਅਤੇ ਸਾਡੇ ਬੋਲਣ ਦੀ ਕਿਰਿਆ ਨੂੰ ਪੂਰਾ ਕਰਨ ਵਿਚ ਮਦਦ ਕਰਦੀ ਹੈ।



ਆਵਾਜ਼ ਵਿਚ ਬਦਲਾਅ ਉਦੋਂ ਹੀ ਆਉਂਦਾ ਹੈ ਜਦੋਂ ਕਈ ਕਾਰਨਾਂ ਨਾਲ ਵੋਕਲ ਕਾਡਸ ਵਿਚ ਸੋਜ ਆ ਜਾਂਦੀ ਹੈ। ਇਸ ਤੋਂ ਬਾਅਦ ਸੋਜ ਦੇ ਕਾਰਨ ਉਨ੍ਹਾਂ ਦੇ ਵਿਚ ਅੰਤਰ ਬਦਲ ਜਾਂਦਾ ਹੈ ਜੋ ਕਿ ਆਵਾਜ਼ ਵਿਚ ਬਦਲਾਅ ਦਾ ਕਾਰਨ ਹੁੰਦਾ ਹੈ। ਸੋਜ ਤੋਂ ਇਲਾਵਾ ਵੋਕਲ ਕਾਡਜ਼ ਦੀਆਂ ਪਰਤਾਂ ਦੇ ਵਿਚਕਾਰ ਅੰਤਰ ਬਦਲਣ ਦਾ ਕਾਰਨ, ਉਨ੍ਹਾਂ ਵਿਚ ਢਿੱਲਾਪਣ ਆ ਜਾਣਾ ਅਤੇ ਉਨ੍ਹਾਂ 'ਤੇ ਕਿਸੇ ਗਿਲਟੀ ਜਾਂ ਗੱਠ ਦਾ ਉਭਰਨਾ ਵੀ ਹੋ ਸਕਦਾ ਹੈ। ਸਿੰਗਰਜ਼ ਨੋਡਜ਼ ਦੇ ਜ਼ਿਆਦਾਤਰ ਮਾਮਲੇ ਔਰਤਾਂ ਵਿਚ ਹੀ ਵੇਖੇ ਜਾਂਦੇ ਹਨ। ਆਦਮੀਆਂ ਵਿਚ ਇਹ ਰੋਗ ਆਮ ਤੌਰ 'ਤੇ ਘੱਟ ਹੁੰਦਾ ਹੈ। ਇਸਦੇ ਨਾਲ ਹੀ ਇਹ ਵੀ ਦੇਖਿਆ ਗਿਆ ਹੈ ਕਿ ਸਵਰ ਯੰਤਰ ਦੀ ਇਨ੍ਹਾਂ ਗਿਲਟੀਆਂ ਦੇ ਹੋਣ ਦੀ ਸੰਭਾਵਨਾ ਟੀਨ ਏਜ਼ 'ਚ ਹੋਣ ਤੋਂ ਬਾਅਦ ਹੀ ਜ਼ਿਆਦਾ ਵੱਧ ਜਾਂਦੀ ਹੈ। ਇਨ੍ਹਾਂ ਨੋਡਿਊਲਸ ਦੇ ਜ਼ਿਆਦਾਤਰ ਮਾਮਲੇ ਉਨ੍ਹਾਂ ਔਰਤਾਂ ਵਿਚ ਵੇਖੇ ਜਾਂਦੇ ਹਨ ਜੋ ਆਪਣੇ ਬੱਚਿਆਂ 'ਤੇ ਅਕਸਰ ਹੀ ਚੀਖਦੀ ਰਹਿੰਦੀਆਂ ਹਨ। ਇਸ ਤੋਂ ਇਲਾਵਾ ਉਚੀ ਆਵਾਜ਼ ਵਿਚ ਬੋਲਣ ਵਾਲੇ ਅਧਿਆਪਕ, ਲਗਾਤਾਰ ਉੱਚੀ ਆਵਾਜ਼ ਵਿਚ ਗਾਉਣ ਵਾਲੇ ਗਾਇਕ ਵੀ ਇਸ ਰੋਗ ਦੇ ਸ਼ਿਕਾਰ ਹੋ ਜਾਂਦੇ ਹਨ। ਫਲ, ਸਬਜ਼ੀਆਂ ਅਤੇ ਉਨ੍ਹਾਂ ਨੂੰ ਵੀ ਇਹ ਰੋਗ ਹੋ ਸਕਦਾ ਹੈ। ਲੰਮੇ ਸਮੇਂ ਤੱਕ ਆਵਾਜ਼ ਦੀ ਦੁਰਵਰਤੋਂ ਕਰਨਾ ਸਵਰ ਯੰਤਰ ਦੀਆਂ ਗਿਲਟੀਆਂ ਦਾ ਮੁੱਖ ਕਾਰਨ ਹੁੰਦਾ ਹੈ। ਆਵਾਜ਼ ਦੀ ਗਲਤ ਤਰੀਕੇ ਨਾਲ ਵਰਤੋਂ ਦਾ ਮਤਲਬ ਹੈ ਕਿ ਆਵਾਜ਼ ਦੀ ਅਸਹਿਜ ਵਰਤੋਂ। ਉਦਾਹਰਣ ਦੇ ਤੌਰ 'ਤੇ ਕਿਸੇ ਸਿੱਧ ਗਾਇਕ ਲਈ ਉਚੀ ਆਵਾਜ਼ ਵਿਚ ਆਲਾਪਣਾ ਠੀਕ ਹੋ ਸਕਦਾ ਹੈ ਪਰ ਜੇਕਰ ਤੁਹਾਡੀ ਆਵਾਜ਼ ਉਨ੍ਹੀ ਸਿੱਧ ਨਹੀਂ ਹੈ ਤਾਂ ਫਿਰ ਵੀ ਤੁਸੀਂ ਇਕਦਮ ਉਚੇ ਸੁਰ ਵਿਚ ਗਾਉਂਦੇ ਹੋ ਤਾਂ ਸਵਰ ਭੈੜੇ ਹੋ ਸਕਦੇ ਹਨ। ਕਈ ਵਾਰ ਕਿਸੇ ਰੋਗ ਜਿਵੇਂ ਕਿ ਟਾਸਿਲਾਈਟਸ ਅਤੇ ਸਾਈਨਸਾਈਟਸ ਦੇ ਕਾਰਨ ਵੀ ਇਹ ਰੋਗ ਹੋ ਸਕਦਾ ਹੈ। ਵੋਕਲ ਨੋਡਿਊਲਜ਼ ਦੇ ਲੱਛਣ ਬਹੁਤ ਹੀ ਸਾਧਾਰਨ ਹੁੰਦੇ ਹਨ ਜਿਵੇਂ ਆਵਾਜ਼ ਬੈਠਣਾ। ਪਰ ਇਹ ਧਿਆਨ ਰੱਖੋ ਕਿ ਇਸ ਰੋਗ ਵਿਚ ਅਵਾਜ਼ ਬੈਠਣ ਦੇ ਇਹ ਜ਼ਰੂਰੀ ਨਹੀਂ ਹੈ ਕਿ ਬਲਗਮ, ਖਾਂਸੀ, ਗਲੇ ਵਿਚ ਦਰਦ ਜਾਂ ਕੋਈ ਹੋਰ ਲੱਛਣ ਵੀ ਦਿਖਾਈ ਦੇਣ। ਜਿੱਥੋਂ ਤੱਕ



ਉਪਚਾਰ ਦਾ ਸਵਾਲ ਹੈ ਤਾਂ ਆਮ ਤੌਰ 'ਤੇ ਸਰਜਰੀ ਹੀ ਇਸ ਦਾ ਉਪਚਾਰ ਹੈ। ਗੱਠਾਂ ਨੂੰ ਕੱਟਣ ਲਈ ਲੇਜ਼ਰ ਕਿਰਨਾਂ ਦੀ ਵਰਤੋਂ ਵੀ ਕੀਤੀ ਜਾਂਦੀ ਹੈ ਕਿਉਂਕਿ ਸਿੰਗਰਜ਼ ਨੋਡਜ਼ ਇਕ ਤਰ੍ਹਾਂ ਦੀ ਪ੍ਰਤੀਕਿਰਿਆ ਹੈ ਜੋ ਇਸ ਗੱਲ ਦਾ ਸੰਕੇਤ ਹੈ ਕਿ ਅਵਾਜ਼ ਦੀ ਗਲਤ ਵਰਤੋਂ ਹੋ ਰਹੀ ਹੈ, ਇਸ ਤਰ੍ਹਾਂ ਇਸ 'ਤੇ ਰੋਕ ਲਾ ਕੇ ਇਸ ਨੂੰ ਬਚਾਇਆ ਜਾ ਸਕਦਾ ਹੈ। ਇਸ ਤੋਂ ਇਲਾਵਾ ਕੁਝ ਹੋਮਿਓਪੈਥਿਕ ਦਵਾਈਆਂ ਜੋ ਮਰੀਜ਼ ਦੇ ਲੱਛਣਾਂ ਤੇ ਉਸਦੀ ਮਾਨਸਿਕ ਸਥਿਤੀ 'ਤੇ ਆਧਾਰਤ ਹੁੰਦੀ ਹੈ। ਹੋਮਿਓਪੈਥੀ 'ਚ ਸਿਰਫ ਵੋਕਲ ਨੋਡਿਊਲਜ਼ ਦੇ ਉਪਚਾਰ ਦੀਆਂ ਦਵਾਈਆਂ ਹਨ-ਆਰਮ ਟਰਾਫ ਲਾਈਨ, ਕਾਸਟੀਕਮ, ਸੇਲੇਨਿਅਨ, ਆਰਜੇਟਨਮ-ਮੈਟਾਲਿਕਮ ਨੈਟਰਮ ਮਿਊਰ, ਫਾਸਫੋਰਸ ਯੂਜ਼ੋ ਆਦਿ। ਪਰ ਇਨ੍ਹਾਂ ਦਵਾਈਆਂ ਦੀ ਵਰਤੋਂ ਕਰਨ ਤੋਂ ਪਹਿਲਾਂ ਇਹ ਜ਼ਰੂਰੀ ਹੈ ਕਿ ਤੁਸੀਂ ਕਿਸੇ ਕੁਸ਼ਲ ਹੋਮਿਓਪੈਥਕ ਚਿਕਿੱਤਸਕ ਦੀ ਸਲਾਹ ਲੈ ਲਵੋ।

ਸ਼ੂਗਰ ਦੀ ਬਿਮਾਰੀ 'ਚ ਕੀ ਖਾਈਏ

ਸਭ ਤੋਂ ਪਹਿਲਾਂ ਦੁੱਧ, ਫਲ, ਸਬਜ਼ੀਆਂ ਦੇ ਅਨਾਜ ਨੂੰ ਇਸ ਪ੍ਰਕਾਰ ਅਹਾਰ ਵਿਚ ਸ਼ਾਮਲ ਕੀਤਾ ਜਾਵੇ ਜਿਸ ਨਾਲ ਰੋਗੀ ਨੂੰ ਜ਼ਰੂਰੀ ਪੋਸ਼ਟਿਕ ਤੱਤਾਂ ਦੀ ਮਾਤਰਾ ਹਾਸਲ ਹੋਵੇ। ਉਪਰੋਕਤ ਪਦਾਰਥਾਂ ਤੋਂ ਹਾਸਲ ਪ੍ਰੋਟੀਨ ਨੂੰ ਕੁੱਲ ਜ਼ਰੂਰੀ ਪ੍ਰੋਟੀਨ ਤੋਂ ਘਟਾ ਕੇ ਇਹ ਜਾਣਿਆ ਜਾਵੇ ਕਿ ਕਿੰਨੀ ਹੋਰ ਪ੍ਰੋਟੀਨ ਲੋੜੀਂਦੀ ਹੈ ਤਾਂ ਕਿ ਉਸਦੀ ਭਰਪਾਈ ਹੋਰ ਤਰ੍ਹਾਂ ਨਾਲ ਕੀਤੀ ਜਾ ਸਕੇ। ਜਿਵੇਂ ਕਿ ਪਹਿਲਾਂ ਦੱਸਿਆ ਗਿਆ ਹੈ ਕਿ ਹਰ ਸ਼ੂਗਰ ਰੋਗੀ ਦਾ ਅਹਾਰ ਨਿਯੋਜਨ ਉਸਦੇ ਵਿਅਕਤੀਗਤ ਹਾਲਾਤ ਨੂੰ ਵੇਖ ਕੇ ਕਰਨਾ ਚਾਹੀਦਾ ਹੈ।



ਭੋਜਨ ਕੰਟਰੋਲ ਨਾਲ ਡਾਇਬਟੀਜ਼ ਨੂੰ ਕੰਟਰੋਲ ਕਰਨ ਦੀ ਦਿਸ਼ਾ ਵਿਚ ਦੋ ਪੱਖਾਂ 'ਤੇ ਵਿਚਾਰ ਕਰਨਾ ਜ਼ਰੂਰੀ ਹੋ ਜਾਂਦਾ ਹੈ। ਪਹਿਲਾਂ ਤਾਂ ਇਹ ਹੈ ਕਿ ਭੋਜਨ ਐਸਾ ਹੋਵੇ ਜੋ ਸ਼ੂਗਰ ਦਾ ਪੱਧਰ ਨਾ ਵਧਾਵੇ, ਦੂਜਾ ਜੋ ਭੋਜਨ ਰੋਗੀ ਨੂੰ ਦਿੱਤਾ ਜਾਵੇ, ਉਸ ਵਿਚ ਸਾਰੇ ਪੌਸ਼ਟਿਕ ਤੱਤ ਮੌਜੂਦ ਹੋਣ। ਇਥੇ ਇਹ ਸਮਝਣਾ ਵੀ ਜ਼ਰੂਰੀ ਹੈ ਕਿ ਸਾਰੇ ਮਰੀਜ਼ਾਂ ਲਈ ਇਕ ਜਿਹਾ ਭੋਜਨ ਫਾਇਦੇਮੰਦ ਨਹੀਂ ਹੋ ਸਕਦਾ। ਰੋਗ ਦਾ ਪੱਧਰ, ਰੋਗੀ ਦੀ ਉਮਰ ਆਦਿ ਕਈ ਗੱਲਾਂ ਨੂੰ ਧਿਆਨ ਵਿਚ ਰੱਖ ਕੇ ਅਹਾਰ ਦੀ ਵਿਉਂਤਬੰਦੀ ਕਰਨੀ ਹੁੰਦੀ ਹੈ।

1. ਰਸਾਇਣਕ ਕੰਟਰੋਲ: ਇਸ ਵਿਚ ਭੋਜਨ ਪਦਾਰਥਾਂ ਦੀ ਨਾਪ ਤੋਲ ਕੇ ਅਹਾਰ ਨੂੰ ਵਿਉਂਤਿਆ ਜਾਂਦਾ ਹੈ ਅਤੇ ਇਨਸੂਲਿਨ ਦੀ ਮਾਤਰਾ ਇਸ ਪ੍ਰਕਾਰ ਕੰਟਰੋਲ ਕੀਤੀ ਜਾਂਦੀ ਹੈ ਕਿ:

ੳ) ਖ਼ੂਨ ਵਿਚ ਗੁਲੂਕੋਜ਼ ਦੀ ਮਾਤਰਾ ਆਮ ਸੀਮਾ ਤੱਕ ਹੀ ਰਹੇ।

ਅ) ਪਿਸ਼ਾਬ ਵੀ ਸ਼ੂਗਰ ਤੋਂ ਮੁਕਤ ਰਹੇ। ਮਾਹਿਰਾਂ ਅਨੁਸਾਰ ਇਸ ਪ੍ਰਕਾਰ ਦੇ ਇਲਾਜ ਨਾਲ ਸ਼ੂਗਰ ਦੀ ਬਿਮਾਰੀ ਦੀ ਤੀਬਰਤਾ ਘੱਟ ਹੋ ਜਾਵੇਗੀ।

ੲ) ਪੇਸ਼ਾਬ ਸ਼ੂਗਰ ਰਹਿਤ ਰਹੇ। ਮਾਹਰਾਂ ਅਨੁਸਾਰ ਇਸ ਪ੍ਰਕਾਰ ਦੇ ਇਲਾਜ ਨਾਲ ਸ਼ੂਗਰ ਦੀ ਬਿਮਾਰੀ ਦੀ ਤੀਬਰਤਾ ਘੱਟ ਹੋ ਜਾਵੇਗੀ ਪਰ ਕੁਝ ਡਾਕਟਰਾਂ ਦਾ ਇਹ ਵੀ ਕਹਿਣਾ ਹੈ ਕਿ ਇਸ ਪ੍ਰਕਾਰ ਦੇ ਕੰਟਰੋਲ ਨਾਲ ਰੋਗ ਦਾ ਇਲਾਜ ਹੁੰਦਾ ਹੈ ਨਾ ਕਿ ਬੰਦੇ ਦਾ।

2) ਰੋਗ ਦੇ ਲੱਛਣਾਂ 'ਤੇ ਕੰਟਰੋਲ: ਇਸ ਤਹਿਤ ਇਨਸੂਲਿਨ ਰਾਹੀਂ ਰੋਗੀ ਨੂੰ ਕੀਟੋਸਿਸ ਤੋਂ ਬਚਾਉਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਪਿਸ਼ਾਬ ਵਿਚ ਸ਼ੂਗਰ ਅਤੇ ਰਕਤ ਵਿਚ ਗੁਲੂਕੋਜ਼ ਦੇ ਵਾਧੇ ਵੱਲ ਵੱਧ ਧਿਆਨ ਨਹੀਂ ਦਿੱਤਾ ਜਾਂਦਾ ਹੈ। ਭੋਜਨ ਵਿਚ ਜੋ ਤਬਦੀਲੀ ਕੀਤੀ ਜਾਂਦੀ ਹੈ, ਉਹ ਸਿਰਫ ਸਰੀਰ ਦੇ ਆਮ ਭਾਰ ਨੂੰ ਬਣਾਈ ਰੱਖਣ ਲਈ ਕੀਤਾ ਜਾਂਦਾ ਹੈ। ਕੁਝ ਡਾਕਟਰ ਅਜਿਹੇ ਭੋਜਨ ਪਦਾਰਥਾਂ 'ਤੇ ਜੋ ਸਿਰਫ ਕਾਰਬੋਜ਼ ਹੀ ਮੁਹੱਈਆ ਕਰਦੇ ਹਨ, ਕੰਟਰੋਲ ਰੱਖਦੇ ਹਨ। ਉਨ੍ਹਾਂ ਦਾ ਇਹ ਵਿਸ਼ਵਾਸ ਹੈ ਕਿ ਰੋਗੀ ਆਪਣੇ ਬਾਕੀ ਜੀਵਨ ਨੂੰ ਆਮ ਸਾਧਾਰਨ ਦਿਸ਼ਾ ਵਿਚ ਬਤੀਤ ਕਰਨ ਦੀ ਆਸ ਰੱਖਦਾ ਹੈ, ਉਨ੍ਹਾਂ ਨੂੰ ਸ਼ੂਗਰ ਕਾਰਨ ਪੈਦਾ ਕਸ਼ਟ ਬਹੁਤ ਘੱਟ ਹੁੰਦੇ ਹਨ।

3) ਮੱਧ ਵਰਤੀ ਕੰਟਰੋਲ: ਇਸ ਪ੍ਰਕਾਰ ਦਾ ਕੰਟਰੋਲ ਉਪਰੋਕਤ ਦੋਨੋਂ ਪ੍ਰਕਾਰ ਦੇ ਕੰਟਰੋਲ ਦਾ ਸਹਾਇਕ ਹੈ ਇਸ ਨਾਲ

ੳ) ਸਰੀਰ ਦੇ ਸਹੀ ਵਜ਼ਨ ਨੂੰ ਬਣਾਈ ਰੱਖਣ ਲਈ ਰੋਗੀ ਨੂੰ ਲੋੜੀਂਦੀ ਮਾਤਰਾ ਵਿਚ ਪੌਸ਼ਟਿਕ ਭੋਜਨ ਹਾਸਲ ਹੁੰਦਾ ਹੈ।

ਅ) ਰੋਗੀ ਆਮ ਜੀਵਨ ਜਿਊਣ ਦੇ ਸਮਰੱਥ ਹੁੰਦਾ ਹੈ।

ੲ) ਦਿਨ ਦੇ ਬਹੁਤੇ ਸਮੇਂ ਪਿਸ਼ਾਬ ਅੰਦਰਲੀ ਸ਼ੂਗਰ ਤੋਂ ਮੁਕਤ ਰਹਿੰਦਾ ਹੈ।

ਸ) ਇਨਸੂਲਿਨ ਦੀ ਵਰਤੋਂ ਨਾਲ ਖ਼ੂਨ ਵਿਚ ਸ਼ੂਗਰ ਦੀ ਆਮ ਮਾਤਰਾ ਨੂੰ ਕੰਟਰੋਲ ਵਿਚ ਰੱਖਣ ਲਈ ਲੋੜੀਂਦੀ ਮਾਤਰਾ ਹੀ ਵਰਤੋਂ ਵਿਚ ਲਿਆਂਦੀ ਜਾਂਦੀ ਹੈ। ਹ) ਮੱਧਵਰਗੀ ਕੰਟਰੋਲ ਨਾਲ ਸਿਰਫ ਰੋਗ ਦਾ ਹੀ ਨਹੀਂ ਬਲਕਿ ਰੋਗੀ ਦਾ ਇਕ ਵਿਅਕਤੀ ਵਜੋਂ ਇਲਾਜ ਹੁੰਦਾ ਹੈ। ਸ਼ੂਗਰ ਦੇ ਮਰੀਜ਼ ਦੇ ਭੋਜਨ ਦੀ ਰੂਪ ਰੇਖਾ ਬਣਾਉਣਾ-ਸ਼ੂਗਰ ਦੇ ਮਰੀਜ਼ ਲਈ ਭੋਜਨ ਦੀ ਵਿਉਂਤਬੰਦੀ ਕਰਨ ਸਮੇਂ ਨਿਮਨਲਿਖਤ ਗੱਲਾਂ ਦਾ ਧਿਆਨ ਰੱਖਣਾ ਹੁੰਦਾ ਹੈ।



* ਭੋਜਨ ਵਿਚ ਉਨ੍ਹਾਂ ਭੋਜਨ ਪਦਾਰਥਾਂ ਨੂੰ ਸ਼ਾਮਲ ਕਰਨਾ ਚਾਹੀਦਾ ਹੈ ਜੋ ਮੋਟਾਪੇ ਵਿਚ ਵਾਧਾ ਨਾ ਕਰਨ, ਜੋ ਵਜ਼ਨ ਤੇ ਕੱਦ ਅਨੁਸਾਰ ਸਹੀ ਹੋਣ।

* ਭੋਜਨ ਨਾਲ ਖ਼ੂਨ ਵਿਚ ਗੁਲੂਕੋਜ਼ ਦੀ ਮਾਤਰਾ ਨਾ ਵਧੇ। ਇਹ ਵੀ ਧਿਆਨ ਵਿਚ ਰੱਖਣਾ ਲਾਜ਼ਮੀ ਹੈ।

* ਭੋਜਨ ਰਾਹੀਂ ਨਿਰਧਾਰਿਤ ਕੈਲਰੀਆਂ ਹੀ ਹਾਸਲ ਹੋਣ।

* ਭੋਜਨ ਰੋਗੀ ਲਈ ਰੁਚਿਕਰ ਹੋਵੇ ਅਤੇ ਆਕਰਸ਼ਕ ਢੰਗ ਨਾਲ ਪਰੋਸਿਆ ਗਿਆ ਹੋਵੇ।

* ਰਹਿਣ ਸਹਿਣ ਦਾ ਪੱਧਰ, ਆਰਥਿਕ ਹਾਲਾਤ, ਭੋਜਨ ਪਦਾਰਥਾਂ ਦੀ ਉਪਲਬੱਧੀ ਆਦਿ ਕਾਰਨਾਂ ਤੋਂ ਇਲਾਵਾ ਰੋਗੀ ਦੇ ਧਰਮ, ਕੌਮੀਅਤ ਤੇ ਸਮਾਜਿਕ ਬੰਧਨ ਅਤੇ ਰਵਾਇਤਾਂ ਅਤੇ ਭੋਜਨ ਦੀ ਕੀਮਤ ਵੀ ਮਹੱਤਵਪੂਰਨ ਨੁਕਤੇ ਹਨ, ਜਿਨ੍ਹਾਂ ਨੂੰ ਧਿਆਨ ਵਿਚ ਰੱਖਦਿਆਂ ਹੋਇਆਂ ਭੋਜਨ ਵਿਉਂਤਣਾ ਚਾਹੀਦਾ ਹੈ।

* ਰੋਗੀ ਦਾ ਭੋਜਨ ਪਰਿਵਾਰ ਦੇ ਭੋਜਨ ਨਾਲ ਮੇਲ ਖਾਂਦਾ ਹੋਵੇ।

* ਪੋਸ਼ਣ ਦੇ ਨਜ਼ਰੀਏ ਤੋਂ ਭੋਜਨ ਸੰਤੁਲਿਤ ਹੋਣਾ ਚਾਹੀਦਾ ਹੈ। ਹਰੇਕ ਸਮੇਂ ਦੇ ਭੋਜਨ ਵਿਚ ਪ੍ਰੋਟੀਨ ਤੇ ਚਰਬੀ ਹੋਣ ਤੇ ਰੋਗੀ ਨੂੰ ਵੱਧ ਸੰਤੁਸ਼ਟੀ ਹੁੰਦੀ ਹੈ।

ਅਹਾਰ ਦੀ ਰੂਪ ਰੇਖਾ ਬਣਾਉਣ ਵਿਚ ਨਿਮਨਲਿਖਤ ਗੱਲਾਂ ਦਾ ਧਿਆਨ ਰੱਖਣਾ ਚਾਹੀਦਾ ਹੈ।

* ਸਭ ਤੋਂ ਪਹਿਲਾਂ ਦੁੱਧ, ਫਲ, ਸਬਜ਼ੀਆਂ ਦੇ ਅਨਾਜ ਨੂੰ ਇਸ ਪ੍ਰਕਾਰ ਅਹਾਰ ਵਿਚ ਸ਼ਾਮਲ ਕੀਤਾ ਜਾਵੇ ਜਿਸ ਨਾਲ ਰੋਗੀ ਨੂੰ ਜ਼ਰੂਰੀ ਕਾਰੋਬਾਰ ਦੀ ਮਾਤਰਾ ਹਾਸਲ ਹੋਵੇ।

* ਉਪਰੋਕਤ ਪਦਾਰਥਾਂ ਤੋਂ ਹਾਸਲ ਪ੍ਰੋਟੀਨ ਨੂੰ ਕੁਲ ਜ਼ਰੂਰੀ ਪ੍ਰੋਟੀਨ ਤੋਂ ਘਟਾ ਕੇ ਇਹ ਜਾਣਿਆ ਜਾਵੇ ਕਿ ਕਿੰਨੀ ਹੋਰ ਪ੍ਰੋਟੀਨ ਲੋੜੀਂਦੀ ਹੈ ਤਾਂ ਕਿ ਉਸਦੀ ਭਰਪਾਈ ਹੋਰ ਤਰ੍ਹਾਂ ਨਾਲ ਕੀਤੀ ਜਾ ਸਕੇ। ਜਿਵੇਂ ਕਿ ਪਹਿਲਾਂ ਦੱਸਿਆ ਗਿਆ ਹੈ ਕਿ ਹਰ ਸ਼ੂਗਰ ਰੋਗੀ ਦਾ ਅਹਾਰ ਨਿਯੋਜਨ ਉਸਦੇ ਵਿਅਕਤੀਗਤ ਹਾਲਾਤ ਨੂੰ ਵੇਖ ਕੇ ਕਰਨਾ ਚਾਹੀਦਾ ਹੈ। ਸ਼ੂਗਰ ਦੀ ਬਿਮਾਰੀ ਵਿਚ ਸਹੀ ਭੋਜਨ ਇਕ ਦਵਾਈ-ਬਲੱਡ ਸ਼ੂਗਰ ਨੂੰ ਕੰਟਰੋਲ ਕਰਨ ਲਈ ਦੈਨਿਕ ਅਹਾਰ ਵਿਚ ਵਰਤੋਂ ਆਉਣ ਵਾਲੇ ਕੁਝ ਖਾਦ ਪਦਾਰਥ ਬਹੁਤ ਅਸਰ ਵਿਖਾਉਂਦੇ ਹਨ। ਇਨ੍ਹਾਂ ਵਿਚ ਖਾਸ ਤੌਰ 'ਤੇ ਕਰੇਲਾ, ਮੇਥੀ, ਲਸਣ, ਜਾਮੁਨ ਦਾ ਫਲ ਤੇ ਗੁਠਲੀ, ਸਦਾਬਹਾਰ ਦੇ ਪੱਤੇ, ਤੁਲਸੀ ਦੇ ਪੱਤੇ, ਬੇਲ ਦੇ ਪੱਤੇ, ਨਿੰਮ ਦੀ ਕਲੀ ਅਤੇ ਨਿਮੋਲੀਆਂ ਦਾ ਤੇਲ ਆਦਿ ਪ੍ਰਚਲਿਤ ਹਨ।

ਕਰੇਲਾ : ਸ਼ੂਗਰ ਦੀ ਰਵਾਇਤੀ ਘਰੇਲੂ ਦਵਾਈ ਹੈ। ਕਰੇਲੇ ਤੇ ਸ਼ਲਗਮ ਦੇ ਪੱਤਿਆਂ ਵਿਚ ਇਨਸੁਲੀਨ ਵਰਗਾ ਰਸਾਇਣ ਮਿਲਦਾ ਹੈ। ਕਰੇਲੇ ਵਿਚ ਮੌਜੂਦ ਬਲੱਡ ਸ਼ੂਗਰ ਕੰਟਰੋਲ ਯੋਗਿਕ ਦਾ ਨਾਂ ਪਾਲੀ ਪੇਪਟਾਈਡ ਹੈ ਜੋ ਕਈ ਅਮੀਨੋ ਏਸਡ ਨਾਲ ਮਿਲ ਕੇ ਬਣਿਆ ਹੈ। ਇਹ ਪ੍ਰੋਟੀਨ ਅਣੂ ਹੈ। ਖੋਜਾਂ ਅਨੁਸਾਰ ਇਸ ਯੋਗਿਕ ਨਾਲ ਬਲੱਡ ਸ਼ੂਗਰ ਲੈਵਲ 4 ਘੰਟਿਆਂ 'ਚ 350 ਤੋਂ ਘੱਟ ਕੇ 163 ਮਿ.ਗ੍ਰਾ. ਤੱਕ ਆ ਜਾਂਦਾ ਹੈ। ਇਸ ਦਾ ਕੋਈ ਮਾੜਾ ਅਸਰ ਨਹੀਂ ਹੁੰਦਾ। ਇਸ ਦੀ ਥੋੜ੍ਹੀ ਜਿੰਨੀ ਖੁਰਾਕ ਵੀ ਅਸਰਦਾਇਕ ਹੁੰਦੀ ਹੈ। ਤਾਜ਼ੇ ਕਰੇਲੇ ਦਾ ਰਸ ਗੁਣਕਾਰੀ ਹੁੰਦਾ ਹੈ।

ਮੇਥੀ : ਮੇਥੀ ਦੀ ਲਗਾਤਾਰ ਵਰਤੋਂ ਨਾਲ ਬਲੱਡ ਸ਼ੂਗਰ ਤੇ ਪਿਸ਼ਾਬ ਸ਼ੂਗਰ ਨੂੰ ਕੰਟਰੋਲ ਕੀਤਾ ਜਾ ਸਕਦਾ ਹੈ। ਰੋਟੀ ਤੋਂ 15-20 ਮਿੰਟ ਪਹਿਲਾਂ ਦੋ ਚਮਚ ਮੇਥੀ ਦੇ ਬੀਜਾਂ ਦਾ ਚੂਰਨ ਪਾਣੀ ਨਾਲ ਲਈਏ ਤਾਂ ਲਾਭ ਹੁੰਦਾ ਹੈ। ਚਾਵਲ, ਦਾਲ, ਚਟਨੀ ਵਿਚ ਵੀ ਮੇਥੀ ਦੀ ਵਰਤੋਂ ਕਰਕੇ ਲਾਭ ਉਠਾਇਆ ਜਾ ਸਕਦਾ ਹੈ। ਮੇਥੀ ਬਲੱਡ ਕੋਲੈਸਟਰੋਲ ਵੀ ਘਟਾਉਂਦੀ ਹੈ।

ਲੱਸਣ : ਲਸਣ ਵਿਚ ਸੇਲਿਨਿਅਮ, ਪੋਟਾਸ਼ੀਅਮ, ਸਲਫਰ, ਜ਼ਿੰਕ ਤੇ ਮੈਗਨੀਜ਼ ਹੁੰਦਾ ਹੈ। ਇਹ ਸਾਰੇ ਤੱਤ ਇਨਸੁਲਿਨ ਬਣਾਉਣ ਵਿਚ ਸਹਿਯੋਗੀ ਹੁੰਦੇ ਹਨ। ਖਾਲੀ ਪੇਟ ਰੋਜ਼ਾਨਾ 2-3 ਲੱਸਣ ਦੀਆਂ ਤੁਰੀਆਂ ਚਿੱਥ ਕੇ ਖਾਧੀਆਂ ਜਾ ਸਕਦੀਆਂ ਹਨ।

ਸੋਇਆਬੀਨ: ਸੋਇਆਬੀਨ ਵਿਚ ਕਾਰਬੋਹਾਈਡ੍ਰੇਟ, ਪ੍ਰੋਟੀਨ, ਸ਼ੂਗਰ ਦੇ ਮਰੀਜ਼ਾਂ ਲਈ ਫਾਇਦੇਮੰਦ ਹੈ। ਇਸ ਵਿਚ ਫਾਸਫੋਲਿਪਡਸ ਲੈਸਿਥੀਨ ਤੇ ਕੋਲਿਨ ਹੁੰਦਾ ਹੈ ਜੋ ਸਨਾਯੂ ਨੂੰ ਦਰੁਸਤ ਕਰਦਾ ਹੈ। 100 ਗ੍ਰਾਮ ਸੋਇਆਬੀਨ ਵਿਚ 500 ਮਿ. ਗ੍ਰਾ. ਕੋਲਿਨ ਹੁੰਦਾ ਹੈ। ਸ਼ੂਗਰ ਨਰਵ ਨਾਲ ਸਬੰਧ ਵਿਗਾੜਾਂ ਤੋਂ ਬਚਾਅ ਲਈ ਸੋਆਬੀਨ ਦਾ ਦੁੱਧ, ਦਹੀਂ, ਲੱਸੀ, ਪੁੰਗਰਿਆ ਜਾਂ ਭੁੰਨਿਆ ਹੋਇਆ ਸੋਇਆਬੀਨ ਵਰਤਿਆ ਜਾ ਸਕਦਾ ਹੈ। ਇਸ ਦੀ ਵਰਤੋਂ ਨਾਲ ਪਿਸ਼ਾਬ ਦੀ ਸ਼ੂਗਰ ਤੇਜ਼ੀ ਨਾਲ ਘੱਟ ਜਾਂਦੀ ਹੈ।

ਨਿੰਮ ਦੇ ਕੋਮਲ ਪੱਤੇ ਵੀ ਸ਼ੂਗਰ ਦੀ ਬਿਮਾਰੀ 'ਤੇ ਅੱਛਾ ਅਸਰ ਕਰਦੇ ਹਨ। ਨਿੰਮ ਦੇ 40 ਕੋਮਲ ਪੱਤਿਆਂ ਨੂੰ ਕੁੱਟ ਪੀਸ ਕੇ ਚਬਾ ਕੇ ਖਾਣ ਨਾਲ ਵਧੀ ਹੋਈ ਸ਼ੂਗਰ ਕੰਟਰੋਲ ਹੋ ਸਕਦੀ ਹੈ। ਜਾਮਨ ਤੇ ਜਾਮੁਨ ਦੀ ਗਿੱਟਕ ਵੀ ਸ਼ੂਗਰ ਦੀ ਦਵਾਈ ਦਾ ਕੰਮ ਕਰਦੀ ਹੈ। ਸ਼ੂਗਰ ਦੇ ਮਰੀਜ਼ ਵਿਚ ਵਿਟਾਮਿਨ ਏ ਦੀ ਕਮੀ ਹੁੰਦੀ ਹੋ ਜਾਂਦੀ ਹੈ। ਮਰੀਜ਼ਾਂ ਨੂੰ ਪਾਲਕ, ਗਾਜਰ, ਟਮਾਟਰ ਆਦਿ ਦਾ ਮਿਸ਼ਰਤ ਰਸ ਦੇਣਾ ਅੱਛਾ ਹੁੰਦਾ ਹੈ।

ਵਿਟਾਮਿਨ ਸੀ : ਲਈ ਆਂਵਲਾ, ਨਿੰਬੂ, ਸੰਤਰਾ ਆਦਿ ਲੈਣ ਨਾਲ ਇਨਸੂਲਿਨ ਵੱਧ ਬਣਦੀ ਹੈ ਅਤੇ ਬੀ ਸੈਲ ਸਰਗਰਮ ਹੋ ਕੇ ਯੋਗ ਹੋਣ ਲੱਗਦੇ ਹਨ।

ਵਿਟਾਮਿਨ ਬੀ ਤੇ ਪੈਂਟਾਬੈਨਿਕ ਏਸਡ: ਬਲੱਡ ਸ਼ੂਗਰ ਘਟਾਉਂਦੇ ਹਨ।

ਵਿਟਾਮਿਨ ਡੀ : ਮੇਥੀ ਵਿਚ ਮਿਲਦਾ ਹੈ ਸ਼ੂਗਰ ਲਈ ਫਾਇਦੇਮੰਦ ਹੈ।

ਵਿਟਾਮਿਨ ਈ : ਪੁੰਗਰੀ ਕਨਕ ਦਾ ਦਲੀਆ ਜਾਂ ਦੁੱਧ ਤੇ ਗਾਜਰ ਫਾਇਦੇਮੰਦ ਹਨ। ਕਨਕ, ਜੌਂ, ਛੋਲਿਆਂ ਦਾ ਆਟਾ ਵੱਧ ਵਰਤਣਾ ਚਾਹੀਦਾ ਹੈ।

ਦਾਲਾਂ : ਮੂੰਗ, ਮੋਠ, ਅਰਹਰ, ਸੋਇਆਬੀਨ ਵਰਤੋ।


ਸਬਜ਼ੀਆਂ: ਹਰੀਆਂ ਪੱਤੇਦਾਰ ਸਬਜ਼ੀਆਂ ਠੀਕ ਹਨ ਪਰ ਆਲੂ, ਅਰਬੀ, ਸ਼ਕਰਕੰਦੀ ਨਾ ਵਰਤੋ।

ਫਲ : ਆਂਵਲਾ, ਪਪੀਤਾ, ਜਾਮੁਨ, ਨਾਸ਼ਪਤੀ, ਅੰਜੀਰ, ਨਿੰਬੂ, ਅਮਰੂਦ, ਸੰਤਰਾ, ਬੇਰ, ਤਰਬੂਜ਼ ਵਰਤਣਾ ਚਾਹੀਦਾ ਹੈ।

ਮੇਵੇ: ਬਦਾਮ, ਕਾਜੂ, ਮੂੰਗਫਲੀ, ਪਿਸਤਾ, ਕੱਚਾ ਨਾਰੀਆਲ ਤੇ ਅਖਰੋਟ ਦੀ ਵਰਤੋਂ ਸੀਮਤ ਮਾਤਰਾ ਵਿਚ ਕਰਨੀ ਚਾਹੀਦੀ ਹੈ। ਦੁੱਧ, ਦਹੀਂ, ਅੰਡੇ, ਮਾਸ ਮੱਛੀ ਵਰਤੀ ਜਾ ਸਕਦੀ ਹੈ। ਬਿਨਾਂ ਚੀਨੀ ਦੇ ਚਾਹ, ਕਾਫੀ, ਕੋਕ ਵਰਤੇ ਜਾ ਸਕਦੇ ਹਨ।

-ਡਾ. ਅਜੀਤਪਾਲ ਸਿੰਘ

ਗਰਮੀ ਤੋਂ ਰਾਹਤ ਦਿਵਾਉਂਦਾ ਹੈ ਖਰਬੂਜ਼ਾ



ਖਰਬੂਜ਼ਾ ਗਰਮੀ ਰੁੱਤ ਦਾ ਸਵਾਦਿਸ਼ਟ ਫਲ ਹੈ। ਜੂਨ ਦੀ ਕੜਕਦੀ ਗਰਮੀ ਵਿਚ ਇਹ ਰਸੀਲਾ ਫਲ ਸਾਡੇ ਸਰੀਰ ਨੂੰ ਗਰਮੀ ਦੇ ਦੂਰ ਪ੍ਰਭਾਵ ਤੋਂ ਬਚਾਉਂਦਾ ਹੈ। ਖਰਬੂਜੇ ਦੀਆਂ ਕਈ ਕਿਸਮਾਂ ਹਨ। ਜਿਵੇਂ ਕਿ ਲਖਨਊ ਦਾ ਲਖਨਵੀ ਖਰਬੂਜਾ ਜਿਹੜਾ ਕਿ ਸਵਾਦ ਵਿਚ ਲਾਜਵਾਬ ਹੁੰਦਾ ਹੈ। ਇਸੇ ਤਰ੍ਹਾਂ ਇਲਾਹਾਬਾਦ ਦਾ ਕਜਰਾ ਖਰਬੂਜਾ ਵੀ ਬੜੇ ਚਾਅ ਨਾਲ ਖਾਧਾ ਜਾਂਦਾ ਹੈ। ਇਸਦੇ ਬੀਜਾਂ ਦਾ ਵੀ ਉਪਯੋਗ ਕੀਤਾ ਜਾਂਦਾ ਹੈ। ਬਹੁਤ ਸਾਰੇ ਲੋਕ ਤਾਂ ਖਰਬੂਜੇ ਦਾ ਗੁੱਦਾ ਖਾ ਕੇ ਬੀਜਾਂ ਨੂੰ ਸੁਕਾ ਲੈਂਦੇ ਹਨ ਅਤੇ ਫਿਰ ਉਨ੍ਹਾਂ ਬੀਜਾਂ ਨੂੰ ਬੜੇ ਚਾਅ ਨਾਲ ਖਾਂਦੇ ਹਨ। ਖਰਬੂਜੇ ਦੇ ਬੀਜ ਆਂਤਾਂ ਦੀ ਸਫਾਈ ਕਰਦੇ ਹਨ ਅਤੇ ਇਨ੍ਹਾਂ ਨਾਲ ਯਾਦ ਸ਼ਕਤੀ ਵੀ ਵੱਧਦੀ ਹੈ। ਖਰਬੂਜੇ ਦੇ ਬੀਜਾਂ ਨੂੰ ਪੀਸ ਕੇ ਬਣਾਈ ਗਈ ਠੰਢਿਆਈ ਪੀਣ ਨਾਲ ਸਰੀਰ ਵਿਚ ਤਰਾਵਟ ਆਉਂਦਾ ਹੈ। ਖਰਬੂਜੇ ਦੇ ਬੀਜਾਂ ਵਿਚ 45 ਫੀਸਦੀ ਤੇਲ ਹੁੰਦਾ ਹੈ। ਖਰਬੂਜੇ ਵਿਚ ਵਿਟਾਮਿਨ ਏ ਦੀ ਮਾਤਰਾ 169 ਮਾਈਕ੍ਰੋਗ੍ਰਾਮ ਪ੍ਰਤੀ 100 ਗ੍ਰਾਮ ਵਿਚ ਪਾਈ ਜਾਂਦੀ ਹੈ। ਖਰਬੂਜੇ ਵਿਚ 26 ਮਿਲੀਗ੍ਰਾਮ ਵਿਟਾਮਿਨ ਸੀ ਹੁੰਦਾ ਹੈ। ਖਰਬੂਜੇ ਦਾ ਲੇਟਿਨ ਨਾਮ ਕੁਮੂਮਿਸਮੇਲੋ ਹੈ। ਖਰਬੂਜਾ ਬਲ ਵੀਰਯਵਰਧਕ ਹੈ। ਗੁਰਦੇ ਦੇ ਰੋਗਾਂ ਵਿਚ ਖਰਬੂਜੇ ਦਾ ਸੇਵਨ ਹਿੱਤਕਾਰੀ ਹੈ। ਖਰਬੂਜਾ ਪਾਚਨ ਸ਼ਕਤੀ ਵਧਾਉਂਦਾ ਹੈ। ਗੁਰਦੇ ਦੀ ਪੱਥਰੀ ਦੇ ਉਪਚਾਰ ਵਿਚ ਵੀ ਖਰਬੂਜਾ ਪ੍ਰਭਾਵਕਾਰੀ ਹੈ। ਖਰਬੂਜਾ ਖਾਣ ਤੋਂ ਤੁਰੰਤ ਬਾਅਦ ਪਾਣੀ ਨਹੀਂ ਪੀਣਾ ਚਾਹੀਦਾ।

-ਰਣਜੀਤ ਸਿੰਘ

ਧਰਤੀ 'ਤੇ ਮੰਡਰਾ ਰਿਹਾ ਵੱਡਾ ਖ਼ਤਰਾ ! ਸਮੁੰਦਰਾਂ 'ਚ ਤੇਜ਼ੀ ਨਾਲ ਵਧੇਗਾ ਪਾਣੀ ਦਾ ਪੱਧਰ, ਵਿਗਿਆਨੀਆਂ ਨੇ ਜਾਰੀ ਕੀਤੀ ਰਿਪੋਰਟ

ਕੌਮੀ ਪਤ੍ਰਿਕਾ

ਨਵੀਂ ਦਿੱਲੀ 13 ਨਵੰਬਰ। ਅੰਤਰਰਾਸ਼ਟਰੀ ਜਲਵਾਯੂ ਪਹਿਲ 'ਇੰਟਰਨੈਸ਼ਨਲ ਕ੍ਰਾਇਓਸਫੀਅਰ ਕਲਾਈਮੇਟ ਇਨੀਸ਼ੀਏਟਿਵ (9339) ਅਤੇ ਸੰਯੁਕਤ ਰਾਸ਼ਟਰ ਵਾਤਾਵਰਣ ਪ੍ਰੋਗਰਾਮ ਦੀ ਇਕ ਰਿਪੋਰਟ 'ਚ ਦੱਸਿਆ ਗਿਆ ਹੈ ਕਿ ਨੇੜਲੇ ਭਵਿੱਖ 'ਚ ਧਰਤੀ ਦੇ ਤਾਪਮਾਨ ਦੇ 1.5 ਡਿਗਰੀ ਸੈਲਸੀਅਸ ਦੀ ਸੀਮਾ ਨੂੰ ਅਸਥਾਈ ਤੌਰ 'ਤੇ ਪਾਰ ਕਰਨ ਦਾ ਅਸਰ ਇੱਥੇ ਦੀਆਂ ਬਰਫ਼ ਦੀਆਂ ਚਾਦਰਾਂ ਅਤੇ ਗਲੇਸ਼ੀਅਰਾਂ 'ਤੇ ਪਵੇਗਾ। ਰਿਪੋਰਟ ਦੇ ਮੁੱਖ ਲੇਖਕਾਂ 'ਚੋਂ ਇਕ ਨੇ ਸੋਮਵਾਰ ਨੂੰ ਕਿਹਾ ਕਿ ਇਹ ਸੰਕਟ ਸਾਡੇ ਬਹੁਤ ਨੇੜੇ ਹੈ ਅਤੇ ਇਹ ਦੂਰ-ਦੁਰਾਡੇ ਦੇ ਇਲਾਕਿਆਂ ਤੱਕ ਹੀ ਸੀਮਿਤ ਨਹੀਂ ਹੈ। ਇਕ ਇੰਟਰਵਿਊ 'ਚ 9339 ਦੇ ਮੁੱਖ ਵਿਗਿਆਨੀ ਅਤੇ ਇਸ ਰਿਪੋਰਟ ਦਾ ਤਾਲਮੇਲ ਕਰਨ ਵਾਲੇ ਮੁੱਖ ਲੇਖਕ ਜੇਮਜ਼ ਕਿਰਕਹਮ ਨੇ ਕਿਹਾ ਕਿ ਤਾਪਮਾਨ 'ਚ ਹੋਰ ਵਾਧੇ ਨਾਲ ਇਸ ਦੇ ਕਈ ਪ੍ਰਭਾਵ ਕਾਫ਼ੀ ਗੰਭੀਰ ਹੋ ਜਾਣਗੇ ਅਤੇ ਉਨ੍ਹਾਂ 'ਚੋਂ ਕੁਝ ਦੇ ਲੰਬੇ ਸਮੇਂ ਤੱਕ ਬਣੇ ਰਹਿਣ ਦਾ ਖਤਰਾ ਹੈ। ਆਈਸੀਸੀਆਈ ਨੇ ਸੰਯੁਕਤ ਰਾਸ਼ਟਰ ਵਾਤਾਵਰਣ ਪ੍ਰੋਗਰਾਮ (ਯੂਐੱਨਈਪੀ) ਦੇ ਤਾਲਮੇਲ ਨਾਲ 'ਓਵਰਸ਼ੂਟ ਐਂਡ ਦਿ ਕ੍ਰਾਇਓਸਫੀਅਰ' ਨਾਮੀ ਇਹ ਰਿਪੋਰਟ ਤਿਆਰ ਕੀਤੀ ਹੈ। ਇਹ ਯੂਐੱਨਈਪੀ ਦੀ ਹਾਲੀਆ ਰਿਪੋਰਟ 'ਲਿਮਟਿੰਗ ਓਵਰਸ਼ੂਟ' ਦੀ ਪੂਰਕ ਰਿਪੋਰਟ ਹੈ। 'ਲਿਮਿਟਿੰਗ ਓਵਰਸ਼ੂਟ' ਰਿਪੋਰਟ 'ਚ ਚਿਤਾਵਨੀ ਦਿੱਤੀ ਗਈ ਹੈ ਕਿ ਅਗਲੇ ਕੁਝ ਸਾਲਾਂ 'ਚ ਵਿਸ਼ਵਵਿਆਪੀ ਤਾਪਮਾਨ ਅਸਥਾਈ ਤੌਰ 'ਤੇ ਪੂਰਵ-ਉਦਯੋਗਿਕ ਪੱਧਰਾਂ ਦੇ ਮੁਕਾਬਲੇ 1.5 ਡਿਗਰੀ ਸੈਲਸੀਅਸ



ਸੀਮਾ ਤੋਂ ਪਾਰ ਹੋ ਸਕਦਾ ਹੈ। ਉੱਥੇ ਹੀ 'ਓਵਰਸ਼ੂਟ ਐਂਡ ਦਿ ਕ੍ਰਾਇਓਸਫੀਅਰ' ਰਿਪੋਰਟ 'ਚ ਦੱਸਿਆ ਗਿਆ ਹੈ ਕਿ ਤਾਪਮਾਨ ਦੇ ਇਸ ਸੀਮਾ ਤੋਂ ਉੱਪਰ ਜਾਣ, ਸਿਖ਼ਰ 'ਤੇ ਪਹੁੰਚਣ ਅਤੇ ਫਿਰ ਘਟਣ ਦਾ ਧਰਤੀ ਦੇ 'ਕ੍ਰਾਇਓਸਫੀਅਰ' 'ਤੇ ਕੀ ਅਸਰ ਪਵੇਗਾ। 'ਕ੍ਰਾਇਓਸਫੀਅਰ' 'ਚ ਧਰਤੀ ਦੀ ਸਤਿਹ ਦੇ ਉਹ ਹਿੱਸੇ ਸ਼ਾਮਲ ਹਨ, ਜਿੱਥੇ ਪਾਣੀ ਠੋਸ ਅਤੇ ਜੰਮੇ ਹੋਏ ਰੂਪ 'ਚ ਮੌਜੂਦ ਹੁੰਦਾ ਹੈ, ਜਿਵੇਂ ਗਲੇਸ਼ੀਅਰ, ਬਰਫ਼ ਦੀਆਂ ਚਾਦਰਾਂ ਅਤੇ ਸਮੁੰਦਰੀ ਬਰਫ਼ ਆਦਿ। ਕਿਰਕਹਮ ਨੇ ਦੱਸਿਆ,"ਆਉਣ ਵਾਲੇ ਦਹਾਕਿਆਂ 'ਚ ਸਮੁੰਦਰ ਦਾ ਪੱਧਰ ਵਧਣ ਨਾਲ ਕਰੋੜਾਂ ਲੋਕ ਪ੍ਰਭਾਵਿਤ ਹੋਣਗੇ। ਸਮੁੰਦਰ ਦੇ ਜਲ ਪੱਧਰ 'ਚ ਤੇਜ਼ੀ ਨਾਲ ਹੋ ਰਹੇ ਵਾਧੇ ਕਾਰਨ ਇਸ ਦਾ ਅਨੁਕੂਲ ਹੋਣਾ ਇਕ ਵੱਡੀ ਚੁਣੌਤੀ ਬਣ ਜਾਵੇਗਾ। ਪਹਾੜੀ ਗਲੇਸ਼ੀਅਰਾਂ ਦੇ ਪਿਘਲਣ ਨਾਲ ਪਾਣੀ ਦੀ ਕਮੀ ਅਤੇ ਕੁਦਰਤੀ ਆਫ਼ਤਾਂ ਦਾ ਖ਼ਤਰਾ ਵੀ ਵਧ ਰਿਹਾ ਹੈ। ਉਦਾਹਰਣ ਲਈ ਅਗਸਤ 'ਚ ਨੇਪਾਲ 'ਚ ਪਹਾੜ ਦਾ ਇਕ ਹਿੱਸਾ ਢਹਿਣ ਅਤੇ ਗਲੇਸ਼ੀਅਰ ਦੇ ਕਾਰਨ ਆਏ ਹੜ੍ਹ 'ਚ ਹਜ਼ਾਰਾਂ ਲੋਕਾਂ ਦੀ ਜਾਨ ਚਲੀ ਗਈ। ਇਸ ਇਕ ਘਟਨਾ ਨਾਲ ਦੇਸ਼ ਨੂੰ ਇੰਨਾ ਨੁਕਸਾਨ ਹੋਇਆ, ਜੋ ਉਸ ਦੀ ਜੀਡੀਪੀ ਦੇ 10 ਫੀਸਦੀ ਦੇ ਬਰਾਬਰ ਸੀ।" ਉਨ੍ਹਾਂ ਕਿਹਾ ਕਿ ਸਮੁੰਦਰੀ ਬਰਫ਼ ਪਿਘਲਣਾ ਭਿਆਨਕ ਮੌਸਮ ਦੀਆਂ ਘਟਨਾਵਾਂ ਦਾ ਕਾਰਨ ਬਣ ਸਕਦਾ ਹੈ, ਜਿਸ 'ਚ ਸੋਕਾ, ਹੜ੍ਹ ਅਤੇ ਜੰਗਲ ਦੀ ਅੱਗ ਵਰਗੀਆਂ ਆਫ਼ਤਾਂ ਸ਼ਾਮਲ ਹਨ। ਇਸ ਗਰਮੀ 'ਚ ਦੁਨੀਆ ਦੇ ਕਈ ਹਿੱਸਿਆਂ 'ਚ ਅਜਿਹੀਆਂ ਘਟਨਾਵਾਂ ਦੇਖਣ ਨੂੰ ਮਿਲੀਆਂ ਹਨ। ਕਿਰਕਹਮ 20 ਦੇਸ਼ਾਂ ਦੇ ਇਕ ਉੱਚ ਪੱਧਰੀ ਸਮੂਹ 'ਐਮਬਿਸ਼ਨ ਆਨ ਮੈਲਟਿੰਗ ਆਈਸ' (ਏਐੱਮਆਈ) ਦੇ ਵਿਗਿਆਨ ਸਲਾਹਕਾਰ ਵੀ ਹਨ। ਉਨ੍ਹਾਂ ਨੇ ਚਿਤਾਵਨੀ ਦਿੱਤੀ ਕਿ ਗਲੋਬਲ ਪ੍ਰਭਾਵ ਪਹਿਲੇ ਦੀ ਦਿੱਸਣ ਲੱਗੇ ਹਨ ਅਤੇ ਹਰ ਕਿਸੇ ਨੂੰ ਪ੍ਰਭਾਵਿਤ ਕਰ ਰਹੇ ਹਨ। ਉਨ੍ਹਾਂ ਦੱਸਿਆ ਕਿ ਪਹਾੜੀ ਇਲਾਕਿਆਂ 'ਚ ਖਤਰਿਆਂ ਦਾ ਵਧਣਾ ਅਤੇ ਹੇਠਲੀ ਇਲਾਕਿਆਂ 'ਤੇ ਉਸ ਦਾ ਅਸਰ ਨਜ਼ਦੀਕੀ ਭਵਿੱਖ ਲਈ ਇਕ ਬਹੁਤ ਵੱਡਾ ਜ਼ੋਖਮ ਹੈ। ਆਉਣ ਵਾਲੇ ਦਹਾਕਿਆਂ 'ਚ ਇਸ ਸਮੱਸਿਆ ਨਾਲ ਨਜਿੱਠਣ ਲਈ ਤੁਰੰਤ ਕਦਮ ਚੁੱਕਣ ਦੀ ਲੋੜ ਹੈ। ਉਨ੍ਹਾਂ ਕਿਹਾ,2026 'ਚ ਨੇਪਾਲ ਅਤੇ 2023 'ਚ ਸਿੱਕਮ ਦੀਆਂ ਤਸਵੀਰਾਂ ਦੇਖ ਕੇ ਮੈਨੂੰ ਡੂੰਘਾ ਧੱਕਾ ਲੱਗਾ ਪਰ ਹੈਰਾਨੀ ਨਹੀਂ ਹੋਈ। ਅਜਿਹਾ ਇਸ ਲਈ ਹੈ ਕਿਉਂਕਿ ਜਿਵੇਂ-ਜਿਵੇਂ ਤਾਪਮਾਨ ਵਧ ਰਿਹਾ ਹੈ, ਪਹਾੜ ਅਸਥਿਰ ਹੁੰਦੇ ਜਾ ਰਹੇ ਹਨ ਜਿਸ ਨਾਲ ਹੜ੍ਹਾਂ ਅਤੇ ਇਸ ਤਰ੍ਹਾਂ ਦੀਆਂ ਹੋਰ ਘਟਨਾਵਾਂ ਦਾ ਖ਼ਦਸ਼ਾ ਵਧ ਗਿਆ ਹੈ।

ਪਿਆਕੜਾਂ ਲਈ ਵੱਡਾ ਝਟਕਾ: 13 ਨਵੰਬਰ ਤੋਂ ਸ਼ਰਾਬ ਦੀ ਹਰ ਬੋਤਲ 'ਤੇ ਦੇਣੇ ਪੈਣਗੇ ਵਾਧੂ ਪੈਸੇ

ਕੌਮੀ ਪਤ੍ਰਿਕਾ

ਚੇਨੱਈ 13 ਨਵੰਬਰ। ਨਵੰਬਰ ਮਹੀਨੇ ਦੀ ਸ਼ੁਰੂਆਤ ਨਾਲ ਹੀ ਤਮਿਲਨਾਡੂ ਵਿੱਚ ਸ਼ਰਾਬ ਖ਼ਰੀਦਣ ਵਾਲਿਆਂ ਦੀ ਜੇਬ 'ਤੇ ਵਾਧੂ ਬੋਝ ਪੈਣ ਜਾ ਰਿਹਾ ਹੈ। ਸੂਬੇ ਵਿੱਚ 13 ਨਵੰਬਰ 2026 ਤੋਂ ਸ਼ਰਾਬ ਦੀ ਹਰੇਕ ਬੋਤਲ 'ਤੇ 10 ਰੁਪਏ ਦਾ ਨਵਾਂ ਚਾਰਜ ਲਾਗੂ ਕੀਤਾ ਜਾ ਰਿਹਾ ਹੈ। ਤਮਿਲਨਾਡੂ ਸਟੇਟ ਮਾਰਕੀਟਿੰਗ ਕਾਰਪੋਰੇਸ਼ਨ ਵੱਲੋਂ ਲਾਗੂ ਕੀਤੇ ਜਾ ਰਹੇ ਇਸ ਨਵੇਂ ਨਿਯਮ ਤਹਿਤ ਇੰਡੀਅਨ ਮੇਡ ਫ਼ੌਰਨ ਲਿਕਰ ਬੀਅਰ ਅਤੇ ਵਾਈਨ ਦੀ ਹਰੇਕ ਰਿਟੇਲ ਖ਼ਰੀਦ 'ਤੇ 10 ਰੁਪਏ ਦਾ 'ਵਾਤਾਵਰਣ ਅਤੇ ਸਮਾਜਿਕ ਕਲਿਆਣ ਲੇਵੀ' ਲਗਾਇਆ ਜਾਵੇਗਾ। ਸਰਕਾਰ ਅਤੇ TASMAC ਅਨੁਸਾਰ ਇਸ ਵਾਧੂ ਸ਼ੁਲਕ ਤੋਂ ਇਕੱਠੀ ਹੋਣ ਵਾਲੀ ਰਕਮ ਦੀ ਵਰਤੋਂ ਵਾਤਾਵਰਣ ਦੇ ਸੁਧਾਰ ਅਤੇ ਸਮਾਜਿਕ ਕਲਿਆਣ ਨਾਲ ਜੁੜੀਆਂ ਯੋਜਨਾਵਾਂ ਵਿੱਚ ਕੀਤੀ ਜਾਵੇਗੀ। TASMAC ਨੇ ਸ਼ਰਾਬ ਦੇ ਸਪਲਾਇਰਾਂ ਅਤੇ ਸਥਾਨਕ ਉਤਪਾਦਕਾਂ ਨੂੰ ਆਪਣੀਆਂ ਕੀਮਤਾਂ ਅਤੇ ਸਪਲਾਈ ਵਿਵਸਥਾ ਵਿੱਚ ਜ਼ਰੂਰੀ



ਬਦਲਾਅ ਕਰਨ ਦੇ ਨਿਰਦੇਸ਼ ਜਾਰੀ ਕਰ ਦਿੱਤੇ ਹਨ। ਇਸ ਨਵੀਂ ਵਿਵਸਥਾ ਵਿੱਚ ਗਾਹਕਾਂ ਲਈ ਰਾਹਤ ਦੀ ਖ਼ਬਰ ਇਹ ਹੈ ਕਿ ਨਿਰਧਾਰਿਤ ਆਊਟਲੇਟਾਂ 'ਤੇ ਖਾਲੀ ਬੋਤਲ ਵਾਪਸ ਕਰਨ 'ਤੇ 10 ਰੁਪਏ ਦਾ ਰਿਫ਼ੰਡ ਪ੍ਰਾਪਤ ਕੀਤਾ ਜਾ ਸਕਦਾ ਹੈ। ਯਾਨੀ ਜੇਕਰ ਗਾਹਕ ਬੋਤਲ ਵਰਤੋਂ ਤੋਂ ਬਾਅਦ ਤੈਅ ਦੁਕਾਨਾਂ 'ਤੇ ਵਾਪਸ ਜਮ?ਹਾਂ ਕਰਵਾਉਂਦੇ ਹਨ, ਤਾਂ ਵਾਧੂ ਲਿਆ ਗਿਆ ਚਾਰਜ ਉਨ੍ਹਾਂ ਨੂੰ ਮੋੜ ਦਿੱਤਾ ਜਾਵੇਗਾ। ਨਵੀਂ ਪ੍ਰਣਾਲੀ ਨੂੰ ਪਾਰਦਰਸ਼ੀ ਬਣਾਉਣ ਲਈ TAS-MAC ਨੇ ਸਪਲਾਇਰਾਂ ਅਤੇ ਥੋਕ ਡਿਪੂਆਂ ਨੂੰ ਬੋਤਲਾਂ 'ਤੇ ਸਹੀ QR ਕੋਡ ਵਾਲੇ ਪ੍ਰਾਈਸ ਲੇਬਲ ਲਗਾਉਣ ਦੇ ਨਿਰਦੇਸ਼ ਦਿੱਤੇ ਹਨ। ਇਸ ਤੋਂ ਇਲਾਵਾ ਕਰਮਚਾਰੀਆਂ ਵੱਲੋਂ ਅਣ-ਅਧਿਕਾਰਤ ਵਾਧੂ ਵਸੂਲੀ ਨੂੰ ਰੋਕਣ ਲਈ ਵੀ ਹਦਾਇਤਾਂ ਦਿੱਤੀਆਂ ਗਈਆਂ ਹਨ। ਰਕਮ ਦੇ ਲੈਣ-ਦੇਣ ਅਤੇ ਨਿਗਰਾਨੀ ਲਈ ਪੰਜ ਰੀਜਨਲ ਜ਼ੋਨਾਂ ਵਿੱਚ ਅਲੱਗ-ਅਲੱਗ ਬੈਂਕ ਖਾਤੇ ਵੀ ਖੋਲ੍ਹੇ ਗਏ ਹਨ।

ਨਾਜਾਇਜ਼ ਸ਼ਰਾਬ ਨਾਲ ਭਰੇ ਟਰੱਕ ਡਰਾਈਵਰ ਨੇ ਸਟੇਸ਼ਨ ਇੰਚਾਰਜ ਨੂੰ ਮਾਰੀ ਟੱਕਰ, ਹੋਈ ਮੌਤ

ਕੌਮੀ ਪਤ੍ਰਿਕਾ

ਇੰਦੌਰ 13 ਨਵੰਬਰ। ਮੱਧ ਪ੍ਰਦੇਸ਼ ਦੇ ਦੇਵਾਸ ਜ਼ਿਲ੍ਹੇ ਵਿੱਚ ਸੋਮਵਾਰ ਸਵੇਰੇ 1,800 ਲੀਟਰ ਤੋਂ ਵੱਧ ਨਾਜਾਇਜ਼ ਸ਼ਰਾਬ ਲੈ ਕੇ ਜਾ ਰਹੇ ਇੱਕ ਟਰੱਕ ਦੇ ਡਰਾਈਵਰ ਨੇ ਭੱਜਦੇ ਸਮੇਂ ਇੱਕ ਪੁਲਸ ਸਟੇਸ਼ਨ ਇੰਚਾਰਜ ਨੂੰ ਟੱਕਰ ਮਾਰ ਦਿੱਤੀ, ਜਿਸ ਕਾਰਨ ਉਸਦੀ ਮੌਤ ਹੋ ਗਈ। ਅਧਿਕਾਰੀਆਂ ਨੇ ਇਸ ਦੀ ਜਾਣਕਾਰੀ ਦਿੱਤੀ। ਅਧਿਕਾਰੀਆਂ ਨੇ ਦੱਸਿਆ ਕਿ ਗੈਰ-ਕਾਨੂੰਨੀ ਸ਼ਰਾਬ ਦੀ ਤਸਕਰੀ ਦੀ ਸੂਚਨਾ ਮਿਲਣ ਤੋਂ ਬਾਅਦ ਖਾਟੇਗਾਓਂ ਪੁਲਸ ਸਟੇਸ਼ਨ ਦੇ ਇੰਚਾਰਜ ਦਿਲੀਪ ਪੁਰੀ ਇੰਦੌਰ-ਬੈਤੂਲ ਹਾਈਵੇਅ 'ਤੇ ਪਹੁੰਚੇ ਸਨ। ਅਧਿਕਾਰੀਆਂ ਨੇ ਦੱਸਿਆ ਕਿ ਪੁਰੀ ਨੇ ਜਦੋਂ ਟਰੱਕ ਡਰਾਈਵਰ ਤੋਂ ਪੁੱਛਗਿੱਛ ਕੀਤੀ, ਤਾਂ ਉਸਨੇ ਪੁਲਸ ਤੋਂ ਬਚਣ ਲਈ ਗੱਡੀ ਸੜਕ ਦੇ ਡਿਵਾਈਡਰ 'ਤੇ ਚੜ੍ਹਾ ਦਿੱਤੀ, ਜਿਸ ਕਾਰਨ ਗੱਡੀ ਦਾ ਪਿਛਲਾ ਪਹੀਆ ਸਟੇਸ਼ਨ ਹਾਊਸ ਅਫ਼ਸਰ ਦੇ ਉੱਪਰੋਂ ਲੰਘ ਗਿਆ। ਉਨ੍ਹਾਂ ਦੱਸਿਆ ਕਿ ਪੁਰੀ ਇਸ ਘਟਨਾ ਵਿੱਚ ਗੰਭੀਰ ਜ਼ਖਮੀ ਹੋ ਗਿਆ, ਜਿਸ ਕਾਰਨ ਉਸਨੂੰ ਤੁਰੰਤ ਨੇੜਲੇ ਹਸਪਤਾਲ



ਲਿਜਾਇਆ ਗਿਆ ਪਰ ਉਦੋਂ ਤੱਕ ਉਸ ਦੀ ਮੌਤ ਹੋ ਗਈ ਸੀ। ਦੇਵਾਸ ਦੇ ਨਵ-ਨਿਯੁਕਤ ਪੁਲਸ ਸੁਪਰਡੈਂਟ ਆਦਿੱਤਿਆ ਮਿਸ਼ਰਾ ਨੇ ਦੱਸਿਆ ਕਿ ਗੈਰ-ਕਾਨੂੰਨੀ ਸ਼ਰਾਬ ਤਸਕਰੀ ਬਾਰੇ ਜਾਣਕਾਰੀ ਮਿਲਣ ਤੋਂ ਬਾਅਦ ਖਾਟੇਗਾਓਂ ਪੁਲਸ ਸਟੇਸ਼ਨ ਖੇਤਰ ਵਿੱਚ ਪੰਜ ਪੁਲਸ ਟੀਮਾਂ ਬਣਾਈਆਂ ਗਈਆਂ ਸਨ, ਜਿਨ੍ਹਾਂ ਵਿੱਚੋਂ ਇੱਕ ਦੀ ਅਗਵਾਈ ਪੁਰੀ ਕਰ ਰਹੇ ਸਨ। ਉਨ੍ਹਾਂ ਦੱਸਿਆ ਕਿ ਪੁਰੀ ਦੀ ਮੌਤ ਸਬੰਧੀ ਭਾਰਤੀ ਦੰਡ ਸੰਹਿਤਾ (ਆਈਪੀਸੀ) ਦੀਆਂ ਸਬੰਧਤ ਧਾਰਾਵਾਂ ਤਹਿਤ ਮਾਮਲਾ ਦਰਜ ਕਰ ਲਿਆ ਗਿਆ ਹੈ, ਜੋ ਆਪਣੀ ਸਰਕਾਰੀ ਡਿਊਟੀ ਨਿਭਾ ਰਿਹਾ ਸੀ ਅਤੇ ਇਸ ਦੀ ਵਿਸਥਾਰਤ ਜਾਂਚ ਚੱਲ ਰਹੀ ਹੈ। ਪੁਲਸ ਸੁਪਰਡੈਂਟ ਨੇ ਦੱਸਿਆ ਕਿ ਸ਼ਰਾਬ ਦੀ ਤਸਕਰੀ ਵਿੱਚ ਵਰਤੇ ਗਏ ਟਰੱਕ ਨੂੰ ਜ਼ਬਤ ਕਰ ਲਿਆ ਗਿਆ ਅਤੇ ਇਸ ਵਿੱਚੋਂ 1,800 ਲੀਟਰ ਤੋਂ ਵੱਧ ਨਾਜਾਇਜ਼ ਸ਼ਰਾਬ ਬਰਾਮਦ ਕੀਤੀ ਗਈ ਹੈ। ਆਬਕਾਰੀ ਵਿਭਾਗ ਦੀ ਸਬ-ਇੰਸਪੈਕਟਰ ਪੂਜਾ ਗਹਿਲੋਤ ਨੇ ਕਿਹਾ, ਘਟਨਾ ਦੀ ਸੂਚਨਾ ਮਿਲਣ 'ਤੇ ਅਸੀਂ ਮੌਕੇ 'ਤੇ ਪਹੁੰਚੇ ਅਤੇ ਟਰੱਕ ਦੀ ਤਲਾਸ਼ੀ ਲਈ। ਟਰੱਕ ਦੇ ਇੱਕ ਗੁਪਤ ਡੱਬੇ ਵਿੱਚੋਂ ਸ਼ਰਾਬ ਦੇ ਡੱਬੇ ਮਿਲੇ। ਉਨ੍ਹਾਂ ਦੱਸਿਆ ਕਿ ਟਰੱਕ ਕੋਲ ਸ਼ਰਾਬ ਦੀ ਢੋਆ-ਢੁਆਈ ਲਈ ਜਾਇਜ਼ ਪਰਮਿਟ ਨਹੀਂ ਸੀ ਅਤੇ ਡਰਾਈਵਰ ਘਟਨਾ ਤੋਂ ਬਾਅਦ ਭੱਜ ਗਿਆ, ਜਿਸ ਦੀ ਭਾਲ ਜਾਰੀ ਹੈ। ਗਹਿਲੋਤ ਨੇ ਕਿਹਾ ਕਿ ਘਟਨਾ ਸਥਾਨ ਦੇ ਨੇੜੇ ਇੱਕ ਢਾਬਾ ਮਾਲਕ ਅਤੇ ਹੋਰਾਂ ਤੋਂ ਪੁੱਛਗਿੱਛ ਕਰਨ ਤੋਂ ਬਾਅਦ ਇਹ ਖੁਲਾਸਾ ਹੋਇਆ ਕਿ ਟਰੱਕ ਐਤਵਾਰ ਰਾਤ ਤੋਂ ਹੀ ਉੱਥੇ ਖੜ੍ਹਾ ਸੀ। ਉਨ੍ਹਾਂ ਕਿਹਾ ਕਿ ਜਦੋਂ ਸਟੇਸ਼ਨ ਹਾਊਸ ਅਫ਼ਸਰ ਪੁੱਛਗਿੱਛ ਲਈ ਮੌਕੇ 'ਤੇ ਪਹੁੰਚਿਆ, ਤਾਂ ਡਰਾਈਵਰ ਨੇ ਫ਼ਰਾਰ ਹੋਣ ਦੀ ਕੋਸ਼ਿਸ਼ ਕਰਦੇ ਸਮੇਂ ਉਸ ਨੂੰ ਕੁਚਲ ਦਿੱਤਾ।

ਪਦਮਸ਼ਰੀ ਨਾਲ ਸਨਮਾਨਤ ਮਸ਼ਹੂਰ ਨਿਊਰੋਸਰਜਨ ਦਾ ਦਿਹਾਂਤ, ਦਿੱਲੀ ਏਮਜ਼ 'ਚ ਲਿਆ ਆਖ਼ਰੀ ਸਾਹ

ਭੁਵਨੇਸ਼ਵਰ 13 ਨਵੰਬਰ। ਪ੍ਰਸਿੱਧ ਨਿਊਰੋਸਰਜਨ ਅਤੇ ਪਦਮ ਸ਼੍ਰੀ ਪੁਰਸਕਾਰ ਜੇਤੂ ਡਾ. ਅਸ਼ੋਕ ਕੁਮਾਰ ਮਹਾਪਾਤਰਾ ਦਾ ਸੋਮਵਾਰ ਰਾਤ ਨੂੰ ਦਿੱਲੀ ਦੇ ਆਲ ਇੰਡੀਆ ਇੰਸਟੀਚਿਊਟ ਆਫ਼ ਮੈਡੀਕਲ ਸਾਇੰਸਜ਼ (ਏਮਜ਼) 'ਚ ਦੇਹਾਂਤ ਹੋ ਗਿਆ। ਪਰਿਵਾਰਕ ਸੂਤਰਾਂ ਨੇ ਮੰਗਲਵਾਰ ਨੂੰ ਇਹ ਜਾਣਕਾਰੀ ਦਿੱਤੀ। ਉਹ 74 ਸਾਲ ਦੇ ਸਨ। ਸੂਤਰਾਂ ਨੇ ਦੱਸਿਆ ਕਿ ਮਹਾਪਾਤਰਾ ਦਾ ਏਮਜ਼ 'ਚ ਨਿਊਰੋਲੋਜੀਕਲ ਸੰਬੰਧੀ ਬੀਮਾਰੀਆਂ ਦਾ ਇਲਾਜ ਕਰਵਾ ਚੱਲ ਰਿਹਾ ਸੀ। ਉਨ੍ਹਾਂ ਦੇ ਪਰਿਵਾਰ 'ਚ ਪਤਨੀ ਅਤੇ ਇਕ ਧੀ ਹੈ। ਓਡੀਸ਼ਾ ਦੇ ਮੁੱਖ ਮੰਤਰੀ ਮੋਹਨ ਚਰਨ ਮਾਝੀ ਅਤੇ ਵਿਰੋਧੀ ਧਿਰ ਦੇ ਨੇਤਾ ਨਵੀਨ ਪਟਨਾਇਕ ਨੇ ਮੰਗਲਵਾਰ ਨੂੰ ਪ੍ਰਸਿੱਧ ਨਿਊਰੋਸਰਜਨ ਦੇ ਦਿਹਾਂਤ 'ਤੇ ਸੋਗ ਪ੍ਰਗਟ ਕੀਤਾ। ਮਾਝੀ ਨੇ '✓' 'ਤੇ ਇਕ ਪੋਸਟ 'ਚ ਕਿਹਾ,ਪ੍ਰਸਿੱਧ ਮੈਡੀਕਲ ਮਾਹਰ ਅਤੇ ਪਦਮ ਸ਼੍ਰੀ ਪੁਰਸਕਾਰ ਜੇਤੂ ਪ੍ਰੋਫੈਸਰ (ਡਾ.) ਅਸ਼ੋਕ ਕੁਮਾਰ ਮਹਾਪਾਤਰਾ ਦੇ ਦਿਹਾਂਤ ਦੀ ਖ਼ਬਰ ਸੁਣ ਕੇ ਬਹੁਤ ਦੁੱਖ ਹੋਇਆ ਹੈ। ਦੇਸ਼ ਦੇ ਇਕ ਪ੍ਰਸਿੱਧ ਨਿਊਰੋਸਰਜਨ ਅਤੇ ਮੈਡੀਕਲ ਵਿਗਿਆਨ ਦੀ ਦੁਨੀਆ 'ਚ ਇਕ ਮੋਹਰੀ ਵਿਅਕਤੀ ਵਜੋਂ ਉਨ੍ਹਾਂ ਨੇ ਓਡੀਸ਼ਾ ਅਤੇ ਪੂਰੇ ਦੇਸ਼ ਦਾ ਮਾਣ ਵਧਾਉਂਦੇ ਹੋਏ ਸਿਹਤ ਸੇਵਾ ਦੇ ਖੇਤਰ ਨੂੰ ਅਮੀਰ ਬਣਾਇਆ। ਡਾਕਟਰੀ ਸੇਵਾਵਾਂ ਅਤੇ ਖੋਜ 'ਚ ਉਨ੍ਹਾਂ ਦੇ ਸ਼ਾਨਦਾਰ ਯੋਗਦਾਨ ਨੂੰ ਹਮੇਸ਼ਾ ਯਾਦ ਰੱਖਿਆ ਜਾਵੇਗਾ।" ਬੀਜਦ ਪ੍ਰਧਾਨ ਅਤੇ ਸਾਬਕਾ ਮੁੱਖ ਮੰਤਰੀ ਨਵੀਨ ਪਟਨਾਇਕ ਨੇ ਕਿਹਾ,ਮਹਾਪਾਤਰਾ ਨੇ ਮੈਡੀਕਲ ਵਿਗਿਆਨ ਦੇ ਖੇਤਰ 'ਚ ਇਕ ਅਮਿੱਟ ਛਾਪ ਛੱਡੀ ਹੈ। ਭਾਵੇਂ ਇਹ ਓਡੀਸ਼ਾ 'ਚ ਏਮਜ਼ ਦੀ ਸਥਾਪਨਾ ਹੋਵੇ ਜਾਂ ਲੋਕਾਂ ਨੂੰ ਉੱਨਤ ਸਿਹਤ ਸਹੂਲਤਾਂ ਪ੍ਰਦਾਨ ਕਰਨਾ ਹੋਵੇ, ਉਨ੍ਹਾਂ ਨੂੰ ਹਮੇਸ਼ਾ ਯਾਦ ਰੱਖਿਆ ਜਾਵੇਗਾ। ਇਹ ਪੂਰੇ ਰਾਜ ਦੇ ਨਾਲ-ਨਾਲ ਭਾਰਤ ਲਈ ਕਦੇ ਨਾ ਪੂਰਾ ਹੋਣ ਵਾਲਾ ਘਾਟਾ ਹੈ। ਮਹਾਪਾਤਰਾ ਨੂੰ ਮੈਡੀਕਲ ਵਿਗਿਆਨ 'ਚ ਉਨ੍ਹਾਂ ਦੇ ਯੋਗਦਾਨ ਲਈ 2024 'ਚ ਪਦਮ ਸ਼੍ਰੀ ਨਾਲ ਸਨਮਾਨਿਤ ਕੀਤਾ ਗਿਆ ਸੀ। 2017 'ਚ ਉਨ੍ਹਾਂ ਨੇ 16 ਘੰਟੇ ਦੇ ਆਪ੍ਰੇਸ਼ਨ ਤੋਂ ਬਾਅਦ ਨਵੀਂ ਦਿੱਲੀ ਸਥਿਤ ਏਮਜ਼ 'ਚ ਓਡੀਸ਼ਾ ਦੇ ਰਹਿਣ ਵਾਲੇ ਸਿਰ ਤੋਂ ਜੁੜੇ ਜੁੜਵਾ ਬੱਚਿਆਂ ਨੂੰ ਸਫਲਤਾਪੂਰਵਕ ਵੱਖ ਕੀਤਾ।

ਪ੍ਰੇਮ ਸਬੰਧਾਂ ਦੇ ਝਗੜੇ ਕਾਰਨ ਪ੍ਰਤਾਪਗੜ੍ਹ 'ਚ ਨੌਜਵਾਨ ਦਾ ਕਤਲ, ਇਲਾਕੇ 'ਚ ਦਹਿਸ਼ਤ

ਨੈਸ਼ਨਲ ਡੈਸਕ 13 ਨਵੰਬਰ। ਉੱਤਰ ਪ੍ਰਦੇਸ਼ ਦੇ ਪ੍ਰਤਾਪਗੜ੍ਹ ਜ਼ਿਲ੍ਹੇ ਦੇ ਸੰਗਰਾਮਗੜ੍ਹ ਥਾਣਾ ਖੇਤਰ ਦੀ ਪੁਲਸ ਨੇ ਸੋਮਵਾਰ ਦੇਰ ਸ਼ਾਮ ਆਪਣੇ ਘਰ ਤੋਂ ਸਿਰਫ਼ 200 ਮੀਟਰ ਦੂਰ ਇੱਕ ਟੋਏ ਵਿੱਚੋਂ 6 ਦਿਨਾਂ ਤੋਂ ਲਾਪਤਾ ਇੱਕ ਨੌਜਵਾਨ ਦੀ ਲਾਸ਼ ਬਰਾਮਦ ਕੀਤੀ। ਪੁਲਸ ਜਾਂਚ ਵਿੱਚ ਪਤਾ ਲੱਗਿਆ ਕਿ ਪ੍ਰਤਾਪਪੁਰ ਪਿੰਡ ਦਾ ਰਹਿਣ ਵਾਲਾ ਬ੍ਰਿਜੇਂਦਰ ਸਿੰਘ (27) 27 ਅਕਤੂਬਰ ਦੀ ਰਾਤ ਨੂੰ ਆਪਣੇ ਖੇਤਾਂ ਦੀ ਰਾਖੀ ਕਰਨ ਲਈ ਬਾਹਰ ਗਿਆ ਸੀ। ਜਦੋਂ ਉਹ ਘਰ ਵਾਪਸ ਨਹੀਂ ਆਇਆ ਤਾਂ ਉਸਦੇ ਭਰਾ ਵਰਿੰਦਰ ਸਿੰਘ ਨੇ 28 ਅਕਤੂਬਰ ਨੂੰ ਗੁੰਮਸ਼ੁਦਗੀ ਦੀ ਰਿਪੋਰਟ ਦਰਜ



ਕਰਵਾਈ। ਇਸ ਤੋਂ ਬਾਅਦ 29 ਅਕਤੂਬਰ ਨੂੰ ਪਿੰਡ ਦੇ ਨੇੜੇ ਇੱਕ ਨਹਿਰ ਦੇ ਨਾਲੇ ਕੋਲ ਬ੍ਰਿਜੇਂਦਰ ਦਾ ਮੋਬਾਈਲ ਫੋਨ ਬਰਾਮਦ ਹੋਇਆ। ਜਾਂਚ ਦੌਰਾਨ ਪੁਲਸ ਨੇ ਬ੍ਰਿਜੇਂਦਰ ਦੇ ਦੋਸਤ ਨੀਰਜ ਸਿੰਘ ਨੂੰ ਹਿਰਾਸਤ ਵਿੱਚ ਲੈ ਕੇ ਪੁੱਛਗਿੱਛ ਕੀਤੀ। ਪੁੱਛਗਿੱਛ ਦੌਰਾਨ, ਉਸਨੇ ਆਪਣੇ ਦੋਸਤ ਸਾਹਿਲ ਨਾਲ ਮਿਲ ਕੇ ਬ੍ਰਿਜੇਂਦਰ ਦਾ ਗਲਾ ਘੁੱਟ ਕੇ ਕਤਲ ਕਰਨ ਦੀ ਗੱਲ ਕਬੂਲ ਕੀਤੀ। ਦੋਸ਼ੀ ਦੇ ਨਿਰਦੇਸ਼ਾਂ 'ਤੇ, ਪੁਲਿਸ ਨੇ ਘਰ ਤੋਂ 200 ਮੀਟਰ ਦੂਰ ਇੱਕ ਟੋਏ ਵਿੱਚ ਦੱਬੀ ਬ੍ਰਿਜੇਂਦਰ ਦੀ ਲਾਸ਼ ਬਰਾਮਦ ਕੀਤੀ। ਪੁਲਸ ਅਨੁਸਾਰ ਮੁੱਖ ਦੋਸ਼ੀ ਨੇ ਦੱਸਿਆ ਕਿ ਇਹ ਅਪਰਾਧ ਪ੍ਰੇਮ ਸਬੰਧਾਂ ਦੇ ਝਗੜੇ ਕਾਰਨ ਕੀਤਾ ਗਿਆ ਸੀ। ਇਸ ਘਟਨਾ ਦੇ ਸਬੰਧ ਵਿੱਚ ਮੰਗਲਵਾਰ ਨੂੰ ਨੀਰਜ ਸਿੰਘ ਤੇ ਸਾਹਿਲ ਸਮੇਤ ਦੋਵਾਂ ਦੋਸ਼ੀਆਂ ਵਿਰੁੱਧ ਕਤਲ ਦਾ ਮਾਮਲਾ ਦਰਜ ਕੀਤਾ ਗਿਆ ਹੈ।

ਸੀ.ਆਈ.ਏ. ਸਟਾਫ਼ ਸਰਹਿੰਦ ਵੱਲੋਂ 500 ਗ੍ਰਾਮ ਅਫ਼ੀਮ ਸਮੇਤ ਇਕ ਵਿਅਕਤੀ ਗ੍ਰਿਫ਼ਤਾਰ

ਫ਼ਤਿਹਗੜ੍ਹ ਸਾਹਿਬ 13 ਨਵੰਬਰ। ਸੀ.ਆਈ.ਏ. ਸਟਾਫ਼ ਸਰਹਿੰਦ ਦੀ ਪੁਲਸ ਨੇ ਇਕ ਵਿਅਕਤੀ ਨੂੰ 500 ਗ੍ਰਾਮ ਅਫ਼ੀਮ ਸਮੇਤ ਗ੍ਰਿਫ਼ਤਾਰ ਕਰਨ ਵਿਚ ਸਫ਼ਲਤਾ ਹਾਸਲ ਕੀਤੀ ਹੈ। ਕਾਬੂ ਕੀਤੇ ਗਏ ਵਿਅਕਤੀ ਦੀ ਪਛਾਣ ਮਨੀਸ਼ ਪਾਸਵਾਨ ਵਾਸੀ ਬਿਹਾਰ ਵਜੋਂ ਹੋਈ ਹੈ। ਮਾਮਲੇ ਸਬੰਧੀ ਜਾਣਕਾਰੀ ਦਿੰਦਿਆਂ ਏ.ਐੱਸ.ਆਈ. ਸ਼ਮਸ਼ੇਰ ਸਿੰਘ ਨੇ ਦੱਸਿਆ ਕਿ ਉਹ ਪੁਲਸ ਪਾਰਟੀ ਸਮੇਤ ਤਰਖਾਣ ਮਾਜਰਾ ਨਹਿਰ ਦੇ ਪੁਲ? ਨੇੜੇ ਗਸ਼ਤ ਕਰ ਰਹੇ ਸਨ। ਇਸ ਦੌਰਾਨ ਪੈਦਲ ਆ ਰਹੇ ਉਕਤ ਵਿਅਕਤੀ 'ਤੇ ਸ਼ੱਕ ਹੋਣ 'ਤੇ ਜਦੋਂ ਉਸ ਦੀ ਤਲਾਸ਼ੀ ਲਈ ਗਈ ਤਾਂ ਉਸ ਦੇ ਕਬਜ਼ੇ 'ਚੋਂ 500 ਗ੍ਰਾਮ ਅਫ਼ੀਮ ਬਰਾਮਦ ਹੋਈ। ਉਨ੍ਹਾਂ ਦੱਸਿਆ ਕਿ ਫੜੇ ਗਏ ਮਨੀਸ਼ ਪਾਸਵਾਨ ਖ਼?ਲਾਫ਼ ਪਹਿਲਾਂ ਵੀ ਪਟਿਆਲਾ ਵਿਖੇ ਨਸ਼ਾ ਤਸਕਰੀ ਦਾ ਮਾਮਲਾ ਦਰਜ ਹੈ। ਏ.ਐੱਸ.ਆਈ. ਸ਼ਮਸ਼ੇਰ ਸਿੰਘ ਨੇ ਦੱਸਿਆ ਕਿ ਮਨੀਸ਼ ਪਾਸਵਾਨ ਬਿਹਾਰ ਤੋਂ ਅਫੀਮ ਲਿਆ ਕੇ ਅੱਗੇ ਸਪਲਾਈ ਕਰਦਾ ਸੀ। ਪੁੱਛਗਿੱਛ ਦੌਰਾਨ ਪਤਾ ਲੱਗਾ ਹੈ ਕਿ ਇਹ ਘਟਨਾ ਸਮੇਂ ਇਕੱਲਾ ਹੀ ਸੀ, ਇਸ ਦੇ ਨਾਲ ਕੋਈ ਹੋਰ ਸਾਥੀ ਨਹੀਂ ਸੀ।

ਸ਼ੇਅਰ ਬਾਜ਼ਾਰ ਨੇ ਲਗਾਈ ਦੌੜ, ਸੈਂਸੈਕਸ 1,200 ਅੰਕ ਉਛਲਿਆ, ਨਿਫਟੀ 370 ਅੰਕ ਮਜ਼ਬੂਤ ਹੋ ਕੇ ਹੋਇਆ ਬੰਦ

ਬਿਜ਼ਨੈੱਸ ਡੈਸਕ 13 ਨਵੰਬਰ। ਭਾਰਤੀ ਸਟਾਕ ਮਾਰਕੀਟ ਵਿੱਚ ਮੰਗਲਵਾਰ ਨੂੰ ਮਜ਼ਬੂਤ ??ਤੇਜ਼ੀ ਦੇਖਣ ਨੂੰ ਮਿਲੀ। ਘਰੇਲੂ ਬਾਜ਼ਾਰ ਵਿੱਚ ਵਿਆਪਕ ਖਰੀਦਦਾਰੀ ਕਾਰਨ ਸੈਂਸੈਕਸ ਅਤੇ ਨਿਫਟੀ ਦੋਵੇਂ ਹਰੇ ਰੰਗ ਵਿੱਚ ਕਾਰੋਬਾਰ ਕਰਦੇ ਦੇਖੇ ਗਏ। ਬੈਂਕਿੰਗ ਅਤੇ ਮਿਡ-ਕੈਪ ਸਟਾਕਾਂ ਵਿੱਚ ਮਜ਼ਬੂਤ ??ਖਰੀਦਦਾਰੀ ਨੇ ਬਾਜ਼ਾਰ ਨੂੰ ਮਹੱਤਵਪੂਰਨ ਸਮਰਥਨ ਦਿੱਤਾ। ਸੈਂਸੈਕਸ 1,225.07 ਅੰਕ ਭਾਵ 1.62% ਵਧ ਕੇ 76,917.85 'ਤੇ ਬੰਦ ਹੋਇਆ। ਨਿਫਟੀ 50 ਵੀ 370.05 ਅੰਕ ਜਾਂ 1.58% ਵਧ ਕੇ 23,810.85 'ਤੇ ਪਹੁੰਚ ਗਿਆ। ਸ਼ੇਅਰ ਬਾਜ਼ਾਰ ਵਿੱਚ ਤੇਜ਼ੀ ਦਾ ਸਭ ਤੋਂ ਵੱਡਾ ਕਾਰਨ ਕੱਚੇ ਤੇਲ ਦੀਆਂ ਕੀਮਤਾਂ ਵਿੱਚ ਗਿਰਾਵਟ ਹੈ। ਪਿਛਲੇ ਵਪਾਰਕ ਸੈਸ਼ਨ ਵਿੱਚ, ਬ੍ਰੈਂਟ ਕਰੂਡ ਲਗਭਗ 7% ਡਿੱਗ ਕੇ ਲਗਭਗ £105 ਪ੍ਰਤੀ ਬੈਰਲ ਹੋ ਗਿਆ। ਈਰਾਨ ਅਤੇ ਕਤਰ ਵਿਚਕਾਰ ਵਿਚੋਲਗੀ ਗੱਲਬਾਤ ਤੋਂ ਬਾਅਦ, ਅਮਰੀਕਾ-ਇਜ਼ਰਾਈਲ ਯੁੱਧ ਦੇ ਅੰਤ ਅਤੇ ਹੋਰਮੁਜ਼ ਜਲਡਮਰੂ ਰਾਹੀਂ ਊਰਜਾ ਸਪਲਾਈ ਦੇ ਆਮ ਹੋਣ ਦੀਆਂ ਉਮੀਦਾਂ ਵਧੀਆਂ ਹਨ। ਇਸ ਨਾਲ ਭਾਰਤ ਵਰਗੇ ਤੇਲ-ਆਯਾਤ ਕਰਨ ਵਾਲੇ ਦੇਸ਼ਾਂ ਨੂੰ ਰਾਹਤ ਮਿਲਣ ਦੀ ਸੰਭਾਵਨਾ ਹੈ। ਵਿਦੇਸ਼ੀ ਸੰਸਥਾਗਤ ਨਿਵੇਸ਼ਕਾਂ ਦੁਆਰਾ ਖਰੀਦਦਾਰੀ ਨੇ ਵੀ ਬਾਜ਼ਾਰ ਨੂੰ ਮਜ਼ਬੂਤੀ ਦਿੱਤੀ। ਸੋਮਵਾਰ ਨੂੰ, ਵਿਦੇਸ਼ੀ ਨਿਵੇਸ਼ਕਾਂ ਨੇ ਭਾਰਤੀ ਬਾਜ਼ਾਰ ਵਿੱਚ ਲਗਭਗ ?3,114.68 ਕਰੋੜ ਦਾ ਸ਼ੁੱਧ ਨਿਵੇਸ਼ ਕੀਤਾ। ਇਸ ਨਾਲ ਨਿਵੇਸ਼ਕਾਂ ਦਾ ਵਿਸ਼ਵਾਸ ਵਧਿਆ ਅਤੇ ਬਾਜ਼ਾਰ ਖਰੀਦਦਾਰੀ ਨੂੰ ਸਮਰਥਨ ਮਿਲਿਆ। ਵਿਦੇਸ਼ੀ ਨਿਵੇਸ਼ਕਾਂ ਅਤੇ ਮਿਊਚੁਅਲ ਫੰਡ ਨਿਵੇਸ਼ਕਾਂ ਲਈ ਲੰਬੇ ਸਮੇਂ ਦੇ ਪੂੰਜੀ ਲਾਭ (*"37) ਟੈਕਸ ਵਿੱਚ ਰਾਹਤ ਬਾਰੇ ਚਰਚਾਵਾਂ ਨੇ ਵੀ ਬਾਜ਼ਾਰ ਭਾਵਨਾ ਨੂੰ ਸਮਰਥਨ ਦਿੱਤਾ। ਹਾਲਾਂਕਿ, ਇਹ ਅਜੇ ਵੀ ਪ੍ਰਸਤਾਵਾਂ ਅਤੇ ਉਮੀਦਾਂ ਦਾ ਮਾਮਲਾ ਹੈ; ਕੋਈ ਅੰਤਿਮ ਫੈਸਲਾ ਨਹੀਂ ਲਿਆ ਗਿਆ ਹੈ। ਡਾਲਰ ਦੇ ਮੁਕਾਬਲੇ ਭਾਰਤੀ ਰੁਪਏ ਵਿੱਚ ਵੀ ਸੁਧਾਰ ਦੇਖਣ ਨੂੰ ਮਿਲਿਆ। ਕੱਚੇ ਤੇਲ ਦੀਆਂ ਕੀਮਤਾਂ ਵਿੱਚ ਗਿਰਾਵਟ ਅਤੇ ਵਿਦੇਸ਼ੀ ਨਿਵੇਸ਼ ਕਾਰਨ ਅਮਰੀਕੀ ਡਾਲਰ ਦੇ ਮੁਕਾਬਲੇ ਰੁਪਿਆ 12 ਪੈਸੇ ਵਧ ਕੇ 94.72 'ਤੇ ਪਹੁੰਚ ਗਿਆ। ਰੁਪਏ ਦੀ ਮਜ਼ਬੂਤੀ ਨਾਲ ਆਯਾਤ ਲਾਗਤਾਂ ਅਤੇ ਮੁਦਰਾਸਫੀਤੀ ਬਾਰੇ ਚਿੰਤਾਵਾਂ ਨੂੰ ਘੱਟ ਕਰਨ ਦੀ ਉਮੀਦ ਹੈ। ਕਈ ਕੰਪਨੀਆਂ ਦੇ ਸ਼ਾਨਦਾਰ ਸਤੰਬਰ ਤਿਮਾਹੀ ਨਤੀਜਿਆਂ ਨੇ ਵੀ ਬਾਜ਼ਾਰ ਦੀ ਭਾਵਨਾ ਨੂੰ ਹੁਲਾਰਾ ਦਿੱਤਾ। VRL ਲੌਜਿਸਟਿਕਸ ਦੇ ਸ਼ੇਅਰ ਦੁੱਗਣੇ ਮੁਨਾਫ਼ੇ ਤੋਂ ਬਾਅਦ 13% ਵਧੇ। KRBL ਦੇ ਮੁਨਾਫ਼ੇ ਵਿੱਚ 51% ਵਾਧਾ ਹੋਇਆ, ਜਿਸ ਨਾਲ ਸਟਾਕ 9.4% ਵਧਿਆ। ਟ?ਰਾਈਡੈਂਟ ਦੇ ਸ਼ੇਅਰਾਂ ਵਿੱਚ ਵੀ 9.4% ਵਾਧਾ ਹੋਇਆ। ਇਸ ਦੌਰਾਨ, ਉਮੀਦ ਨਾਲੋਂ ਬਿਹਤਰ ਨਤੀਜਿਆਂ ਅਤੇ ਘੱਟ ਕੋਪਰਾ ਲਾਗਤਾਂ ਕਾਰਨ ਮੈਰੀਕੋ ਦੇ ਸ਼ੇਅਰ ਲਗਭਗ 4.5% ਵਧੇ।

ਧਾਰਮਿਕ ਕਰਮਕਾਂਡ ਦੇ ਬਹਾਨੇ ਔਰਤ ਨਾਲ ਜਬਰ-ਜ਼ਿਨਾਹ ਕਰਨ ਦੇ ਦੋਸ਼ੀ ਨੂੰ 7 ਸਾਲ ਦੀ ਜੇਲ੍ਹ

ਤਿਰੂਵਨੰਤਪੁਰਮ 13 ਨਵੰਬਰ। ਕੇਰਲਮ ਦੀ ਇਕ ਵਿਸ਼ੇਸ਼ ਅਦਾਲਤ ਨੇ ਪਤੀ ਤੋਂ ਬੁਰੀ ਆਤਮਾ ਦਾ ਸਾਇਆ ਹਟਾਉਣ ਲਈ ਧਾਰਮਿਕ ਕਰਮਕਾਂਡ ਕਰਨ ਦੇ ਬਹਾਨੇ ਉਸ ਦੀ ਪਤਨੀ ਨਾਲ ਜਬਰ-ਜ਼ਨਾਹ ਕਰਨ ਦੇ ਮਾਮਲੇ 'ਚ ਇਕ ਪੁਜਾਰੀ ਨੂੰ 7 ਸਾਲ ਦੀ ਸਖ਼ਤ ਕੈਦ ਦੀ ਸਜ਼ਾ ਸੁਣਾਈ ਹੈ। ਅਦਾਲਤ ਨੇ ਦੋਸ਼ੀ 'ਤੇ 50,000 ਰੁਪਏ ਦਾ ਜੁਰਮਾਨਾ ਵੀ ਲਾਇਆ। ਅਨੁਸੂਚਿਤ ਜਾਤੀ ਅਤੇ ਅਨੁਸੂਚਿਤ ਜਨਜਾਤੀ (ਅੱਤਿਆਚਾਰ ਰੋਕਥਾਮ) ਕਾਨੂੰਨ ਤਹਿਤ ਮਾਮਲਿਆਂ ਦੀ ਸੁਣਵਾਈ ਲਈ ਗਠਿਤ ਨੇਦੁਮੰਗਡ ਵਿਸ਼ੇਸ਼ ਅਦਾਲਤ ਦੇ ਜੱਜ ਏ. ਸ਼ਾਹਜਹਾਂ ਨੇ ਸ਼ਨੀਵਾਰ ਨੂੰ ਐਡਵਾ ਦੇ ਵੇਂਕੁਲਮ



ਵਾਸੀ ਰਾਜੇਸ਼ ਨੂੰ ਭਾਰਤੀ ਦੰਡਾਵਲੀ (ਆਈ. ਪੀ. ਸੀ.) ਦੀ ਧਾਰਾ 376 ਤਹਿਤ ਜਬਰ-ਜ਼ਨਾਹ ਦਾ ਦੋਸ਼ੀ ਕਰਾਰ ਦਿੱਤਾ। ਇਸਤਗਾਸਾ ਪੱਖ ਅਨੁਸਾਰ, ਅਪ੍ਰੈਲ 2016 'ਚ ਮੁਲਜ਼ਮ ਨੇ ਔਰਤ ਨੂੰ ਕਿਹਾ ਕਿ ਉਸ ਦੇ ਪਤੀ 'ਤੇ ਬੁਰੀ ਆਤਮਾ ਦਾ ਸਾਇਆ ਹੈ ਅਤੇ ਇਸ ਤੋਂ ਮੁਕਤੀ ਦਿਵਾਉਣ ਲਈ ਉਸ ਨੂੰ ਇਕ ਵਿਸ਼ੇਸ਼ ਧਾਰਮਿਕ ਕਰਮਕਾਂਡ 'ਚ ਸ਼ਾਮਲ ਹੋਣਾ ਪਵੇਗਾ। ਇਸਤਗਾਸਾ ਪੱਖ ਨੇ ਦੱਸਿਆ ਕਿ ਇਸ ਤੋਂ ਬਾਅਦ ਮੁਲਜ਼ਮ ਨੇ ਇਕ ਧਾਰਮਿਕ ਸੰਸਥਾ ਦੇ ਸਟੋਰ ਰੂਮ 'ਚ ਔਰਤ ਨਾਲ ਜਬਰ-ਜ਼ਨਾਹ ਕੀਤਾ। ਇਸਤਗਾਸਾ ਪੱਖ ਅਨੁਸਾਰ, ਮੁਲਜ਼ਮ ਨੇ ਕਈ ਦਿਨਾਂ ਤੱਕ ਔਰਤ ਨਾਲ ਜਬਰ-ਜ਼ਨਾਹ ਕੀਤਾ।

ਕੇਵਲ ਸਿੰਘ ਢਿੱਲੋਂ ਵੱਲੋਂ ਕੇਂਦਰੀ ਮੰਤਰੀ ਨਿਤਿਨ ਗਡਕਰੀ ਨਾਲ ਮੁਲਾਕਾਤ

ਚੰਡੀਗੜ੍ਹ 13 ਨਵੰਬਰ। ਭਾਰਤੀ ਜਨਤਾ ਪਾਰਟੀ ਪੰਜਾਬ ਦੇ ਸੂਬਾ ਪ੍ਰਧਾਨ ਕੇਵਲ ਸਿੰਘ ਢਿੱਲੋਂ ਨੇ ਅੱਜ ਕੇਂਦਰੀ ਸੜਕ ਆਵਾਜਾਈ ਅਤੇ ਰਾਜਮਾਰਗ ਮੰਤਰੀ ਨਿਤਿਨ ਗਡਕਰੀ ਨਾਲ ਮੁਲਾਕਾਤ ਕੀਤੀ। ਇਸ ਦੌਰਾਨ ਉਨ੍ਹਾਂ ਨੇ ਪੰਜਾਬ ਦੇ ਵਿਕਾਸ ਨਾਲ ਜੁੜੇ ਅਹਿਮ ਮੁੱਦਿਆਂ ਦੇ ਨਾਲ-ਨਾਲ ਸੂਬੇ ਵਿੱਚ ਚੱਲ ਰਹੇ ਅਤੇ ਪ੍ਰਸਤਾਵਿਤ ਰਾਜਮਾਰਗ ਪ੍ਰਾਜੈਕਟਾਂ ਬਾਰੇ ਵਿਸਥਾਰ ਨਾਲ ਵਿਚਾਰ-ਵਟਾਂਦਰਾ ਕੀਤਾ। ਮੁਲਾਕਾਤ ਦੌਰਾਨ ਕੇਵਲ ਸਿੰਘ ਢਿੱਲੋਂ ਨੇ ਪੰਜਾਬ ਦੇ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨ, ਸੜਕੀ ਸੰਪਰਕ 'ਚ ਸੁਧਾਰ ਲਿਆਉਣ ਅਤੇ ਵਿਕਾਸ ਪ੍ਰਾਜੈਕਟਾਂ 'ਚ ਤੇਜ਼ੀ ਲਿਆਉਣ ਨਾਲ ਸਬੰਧਤ ਵੱਖ-ਵੱਖ ਮੁੱਦੇ ਕੇਂਦਰੀ ਮੰਤਰੀ ਦੇ ਧਿਆਨ ਵਿੱਚ ਲਿਆਂਦੇ। ਮੁਲਾਕਾਤ ਉਪਰੰਤ ਕੇਵਲ ਸਿੰਘ ਢਿੱਲੋਂ ਨੇ ਕਿਹਾ ਕਿ ਉਨ੍ਹਾਂ ਨੂੰ ਪੰਜਾਬ ਦੇ ਵਿਕਾਸ ਨਾਲ ਜੁੜੇ ਅਹਿਮ ਵਿਸ਼ਿਆਂ 'ਤੇ ਕੇਂਦਰੀ ਮੰਤਰੀ ਨਿਤਿਨ ਗਡਕਰੀ ਨਾਲ ਵਿਚਾਰ ਸਾਂਝੇ ਕਰਨ ਦਾ ਮੌਕਾ ਮਿਲਿਆ। ਉਨ੍ਹਾਂ ਪੰਜਾਬ ਦੇ ਵਿਕਾਸ ਲਈ ਕੇਂਦਰੀ ਮੰਤਰੀ ਵੱਲੋਂ ਦਿੱਤੇ ਜਾ ਰਹੇ ਸਹਿਯੋਗ ਅਤੇ ਆਪਣਾ ਕੀਮਤੀ ਸਮਾਂ ਦੇਣ ਲਈ ਉਨ੍ਹਾਂ ਦਾ ਧੰਨਵਾਦ ਕੀਤਾ। ਢਿੱਲੋਂ ਨੇ ਕਿਹਾ ਕਿ ਪੰਜਾਬ ਦੀ ਤਰੱਕੀ ਅਤੇ ਸੂਬੇ ਦੇ ਲੋਕਾਂ ਨੂੰ ਬਿਹਤਰ ਬੁਨਿਆਦੀ ਸਹੂਲਤਾਂ ਮੁਹੱਈਆ ਕਰਵਾਉਣਾ ਉਨ੍ਹਾਂ ਦੀ ਮੁੱਖ ਤਰਜੀਹ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੇ ਸਰਬਪੱਖੀ ਵਿਕਾਸ ਲਈ ਕੇਂਦਰ ਸਰਕਾਰ ਦੇ ਸਹਿਯੋਗ ਨਾਲ ਯਤਨ ਲਗਾਤਾਰ ਜਾਰੀ ਰੱਖੇ ਜਾਣਗੇ।

ਭਾਰਤੀ ਜਲ ਸੈਨਾ ਨੇ ਸੋਮਾਲੀਆ ਤੱਟ ਤੋਂ 20 ਈਰਾਨੀਆਂ ਨੂੰ ਸਮੁੰਦਰੀ ਡਾਕੂਆਂ ਤੋਂ ਬਚਾਇਆ

ਕੌਮੀ ਪਤ੍ਰਿਕਾ

ਨਵੀਂ ਦਿੱਲੀ 13 ਨਵੰਬਰ। ਭਾਰਤੀ ਜਲ ਸੈਨਾ ਨੇ 48 ਘੰਟਿਆਂ ਤੋਂ ਵੱਧ ਸਮੇਂ ਤੱਕ ਚੱਲੇ ਇੱਕ ਆਪ੍ਰੇਸ਼ਨ ਵਿੱਚ ਸੋਮਾਲੀਆ ਤੱਟ ਤੋਂ ਇੱਕ ਮੱਛੀ ਫੜਨ ਵਾਲੀ ਕਿਸ਼ਤੀ ਤੇ ਸਾਰੇ 20 ਈਰਾਨੀ ਚਾਲਕ ਦਲ ਦੇ ਮੈਂਬਰਾਂ ਨੂੰ ਸੁਰੱਖਿਅਤ ਢੰਗ ਨਾਲ ਬਚਾਇਆ ਹੈ। ਜਲ ਸੈਨਾ ਨੇ ਮੰਗਲਵਾਰ ਨੂੰ ਕਿਹਾ ਕਿ ਅਜਿਨੀ ਨਾਮ ਦੀ ਕਿਸ਼ਤੀ ਨੂੰ ਪਿਛਲੇ ਮਹੀਨੇ ਦੇ ਸ਼ੁਰੂ ਵਿੱਚ ਹਥਿਆਰਬੰਦ ਸਮੁੰਦਰੀ ਡਾਕੂਆਂ ਨੇ ਫੜ ਲਿਆ ਸੀ। ਇਸ ਆਪ੍ਰੇਸ਼ਨ ਦੌਰਾਨ ਸਾਰੇ 20 ਚਾਲਕ ਦਲ ਦੇ ਮੈਂਬਰਾਂ ਨੂੰ ਸੁਰੱਖਿਅਤ ਬਚਾ ਲਿਆ ਗਿਆ। ਕੋਈ ਜਾਨੀ ਨੁਕਸਾਨ ਨਹੀਂ ਹੋਇਆ। ਨਵੀਂ ਦਿੱਲੀ ਵਿੱਚ ਈਰਾਨੀ ਦੂਤਾਵਾਸ ਨੇ 20 ਈਰਾਨੀਆਂ ਨੂੰ ਬਚਾਉਣ ਲਈ ਸਫਲ ਕਾਰਵਾਈ ਲਈ ਭਾਰਤ ਸਰਕਾਰ, ਭਾਰਤੀ ਜਲ ਸੈਨਾ ਅਤੇ ਭਾਰਤੀ ਹਵਾਈ ਸੈਨਾ ਦਾ ਧੰਨਵਾਦ ਪ੍ਰਗਟ ਕੀਤਾ। ਜਲ ਸੈਨਾ ਨੇ ਕਿਹਾ, ਇਸ ਘਟਨਾ ਨੇ ਸਮੁੰਦਰੀ ਸੁਰੱਖਿਆ ਲਈ ਇੱਕ ਗੰਭੀਰ ਖ਼ਤਰਾ ਪੈਦਾ ਕਰ ਦਿੱਤਾ ਕਿਉਂਕਿ ਇਹ ਡਰ ਸੀ ਕਿ ਸਮੁੰਦਰੀ ਡਾਕੂਆਂ ਦੁਆਰਾ ਵਪਾਰੀ ਜਹਾਜ਼ਾਂ 'ਤੇ ਹਮਲਾ ਕਰਨ ਲਈ ਕਿਸ਼ਤੀ ਨੂੰ ਇੱਕ ਵੱਡੇ ਜਹਾਜ਼ ਵਜੋਂ ਵਰਤਿਆ ਜਾ ਸਕਦਾ ਹੈ। ਸਥਿਤੀ ਦੀ ਗੰਭੀਰਤਾ ਨੂੰ ਦੇਖਦੇ ਹੋਏ, ਭਾਰਤੀ ਜਲ ਸੈਨਾ ਨੇ ਇਸ ਖੇਤਰ ਵਿੱਚ ਤਾਇਨਾਤ ਇੱਕ ਜੰਗੀ ਜਹਾਜ਼ ਨੂੰ ਕਾਰਵਾਈ ਸੌਂਪੀ। ਇਸ ਕਾਰਵਾਈ ਨੂੰ ਸਮੁੰਦਰੀ ਗਸ਼ਤ ਜਹਾਜ਼ ਦੁਆਰਾ ਵੀ ਸਮਰਥਨ ਦਿੱਤਾ ਗਿਆ। ਜਲ ਸੈਨਾ ਨੇ ਇੱਕ ਬਿਆਨ ਵਿੱਚ ਕਿਹਾ, ਤਾਲਮੇਲ ਵਿੱਚ ਕੰਮ ਕਰਦੇ ਹੋਏ, ਦੋਵਾਂ ਨੇ ਨਿਰੰਤਰ ਨਿਗਰਾਨੀ ਬਣਾਈ ਰੱਖੀ। ਇਸ ਸਮੇਂ ਦੌਰਾਨ, ਕਿਸ਼ਤੀ ਦਾ ਪਤਾ ਲਗਾਇਆ ਗਿਆ ਸੀ, ਇਸਦੀਆਂ ਗਤੀਵਿਧੀਆਂ ਦੀ ਨਿਗਰਾਨੀ ਕੀਤੀ ਗਈ ਸੀ, ਅਤੇ ਇਸਦੀ ਗਤੀ ਨੂੰ ਸੀਮਤ ਕਰਨ ਅਤੇ ਇਸ ਦੇ ਭੱਜਣ ਨੂੰ ਰੋਕਣ ਲਈ ਸਟੀਕ ਉਪਾਅ ਕੀਤੇ ਗਏ ਸਨ। ਜਲ ਸੈਨਾ ਨੇ ਕਿਹਾ ਕਿ



ਜਲ ਸੈਨਾ ਦੇ ਮਰੀਨ ਕਮਾਂਡੋਜ਼ ਨੂੰ ਭਾਰਤੀ ਹਵਾਈ ਸੈਨਾ ਦੇ 3-17 ਜਹਾਜ਼ ਤੋਂ ਇੱਕ ਨਿਸ਼ਚਿਤ ਸਥਾਨ 'ਤੇ ਪੈਰਾਸ਼ੂਟ ਕੀਤਾ ਗਿਆ ਸੀ। ਇਸ ਵਿੱਚ ਕਿਹਾ ਗਿਆ ਹੈ, ਇੱਕ ਤੇਜ਼ ਅਤੇ ਯੋਜਨਾਬੱਧ ਕਾਰਵਾਈ ਵਿੱਚ, ਭਾਰਤੀ ਜਲ ਸੈਨਾ ਨੇ ਕਿਸ਼ਤੀ ਦਾ ਕੰਟਰੋਲ ਆਪਣੇ ਹੱਥਾਂ ਵਿੱਚ ਲੈ ਲਿਆ, ਸਮੁੰਦਰੀ ਡਾਕੂਆਂ ਦੇ ਖਤਰੇ ਨੂੰ ਬੇਅਸਰ ਕਰ ਦਿੱਤਾ, ਅਤੇ ਸਾਰੇ 20 ਚਾਲਕ ਦਲ ਦੇ ਮੈਂਬਰਾਂ ਨੂੰ ਸੁਰੱਖਿਅਤ ਢੰਗ ਨਾਲ ਬਚਾਇਆ। ਜਲ ਸੈਨਾ ਨੇ ਇਸ ਸਫਲ ਕਾਰਵਾਈ ਨੂੰ ਤਿੰਨਾਂ ਸੇਵਾਵਾਂ ਵਿਚਕਾਰ ਸ਼ਾਨਦਾਰ ਤਾਲਮੇਲ ਨਾਲ ਗੁੰਝਲਦਾਰ ਸਮੁੰਦਰੀ ਸੁਰੱਖਿਆ ਕਾਰਜਾਂ ਨੂੰ ਕਰਨ ਦੀ ਆਪਣੀ ਸੰਚਾਲਨ ਤਿਆਰੀ ਅਤੇ ਯੋਗਤਾ ਦਾ ਪ੍ਰਮਾਣ ਦੱਸਿਆ ਹੈ। ਇਸ ਵਿੱਚ ਕਿਹਾ ਗਿਆ ਹੈ, ਇਹ ਹਿੰਦ ਮਹਾਸਾਗਰ ਖੇਤਰ ਵਿੱਚ ਪਹਿਲੇ ਜਵਾਬ ਦੇਣ ਵਾਲੇ ਅਤੇ ਇੱਕ ਭਰੋਸੇਮੰਦ ਸੁਰੱਖਿਆ ਭਾਈਵਾਲ ਵਜੋਂ ਆਪਣੀ ਭੂਮਿਕਾ ਨਿਭਾਉਣ ਲਈ ਭਾਰਤ ਦੀ ਪੂਰੀ ਵਚਨਬੱਧਤਾ ਨੂੰ ਵੀ ਦਰਸਾਉਂਦਾ ਹੈ।

ਪੰਜਾਬ 'ਚ ਪੱਛਮੀ ਗੜਬੜੀ ਸਰਗਰਮ !

ਜਲੰਧਰ 13 ਨਵੰਬਰ। ਪੰਜਾਬ 'ਚ ਠੰਡ ਨੇ ਹੌਲੀ-ਹੌਲੀ ਆਪਣੇ ਪੈਰ ਪਸਾਰਨੇ ਸ਼ੁਰੂ ਕਰ ਦਿੱਤੇ ਹਨ। ਰਾਤ ਦਾ ਤਾਪਮਾਨ ਲਗਾਤਾਰ ਹੇਠਾਂ ਡਿੱਗ ਰਿਹਾ ਹੈ, ਜਿਸ ਕਾਰਨ ਸਵੇਰੇ-ਸ਼ਾਮ ਠੰਡ ਦਾ ਅਹਿਸਾਸ ਵਧਣ ਲੱਗਾ ਹੈ। ਇਸ ਦੌਰਾਨ ਇਕ ਪੱਛਮੀ ਗੜਬੜੀ ਸਰਗਰਮ ਹੈ, ਜਿਸਦਾ ਅਸਰ ਪੰਜਾਬ 'ਤੇ ਵੀ ਪਵੇਗਾ। ਮੌਸਮ ਵਿਭਾਗ ਅਨੁਸਾਰ 13 ਨਵੰਬਰ ਨੂੰ ਗੁਰਦਾਸਪੁਰ, ਤਰਨਤਾਰਨ, ਅੰਮ੍ਰਿਤਸਰ, ਜਲੰਧਰ, ਕਪੂਰਥਲਾ, ਹੁਸ਼ਿਆਰਪੁਰ, ਰੋਪੜ ਅਤੇ ਪਠਾਨਕੋਟ 'ਚ ਤੇਜ਼ ਹਵਾਵਾਂ ਨਾਲ ਹਲਕੀ ਬਾਰਿਸ਼ ਹੋ ਸਕਦੀ ਹੈ। ਉੱਥੇ ਹੀ 13 ਨਵੰਬਰ ਨੂੰ ਗੁਰਦਾਸਪੁਰ, ਪਠਾਨਕੋਟ, ਰੋਪੜ ਅਤੇ ਹੁਸ਼ਿਆਰਪੁਰ 'ਚ ਮੀਂਹ ਪੈਣ ਦੇ ਆਸਾਰ ਹਨ। ਹਾਲਾਂਕਿ ਬਾਕੀ ਜ਼ਿਲ੍ਹਿਆਂ 'ਚ ਬੱਦਲ ਛਾਏ ਰਹਿਣਗੇ ਅਤੇ ਤੇਜ਼ ਹਵਾਵਾਂ ਚੱਲ ਸਕਦੀਆਂ ਹਨ। ਵਿਭਾਗ ਮੁਤਾਬਕ 14 ਨਵੰਬਰ ਤੋਂ ਮੌਸਮ ਫਿਰ ਸਾਫ਼ ਹੋ ਜਾਵੇਗਾ, ਪਰ ਠੰਡ ਹੋਰ ਵਧੇਗੀ। ਮੌਸਮ ਵਿਭਾਗ ਮੁਤਾਬਕ ਪੰਜਾਬ ਅਤੇ ਚੰਡੀਗੜ੍ਹ 'ਚ ਰਾਤ ਦਾ ਤਾਪਮਾਨ ਘਟਣਾ ਸ਼ੁਰੂ ਹੋ ਗਿਆ ਹੈ, ਇਸ ਲਈ ਲੋਕਾਂ ਨੂੰ ਸਵੇਰੇ-ਸ਼ਾਮ ਗਰਮ ਕੱਪੜੇ ਪਹਿਨਣ ਦੀ ਸਲਾਹ ਦਿੱਤੀ ਗਈ ਹੈ।

ਧੀ ਨੂੰ ਮਿਲਣ ਦੀ ਰੀਝ ਲੈ ਕੇ ਆਈ ਮਾਂ ਦੀ ਦਰਦਨਾਕ ਮੌਤ, ਜਲੰਧਰ ਬਾਈਪਾਸ 'ਤੇ ਅਣਪਛਾਤੇ ਵਾਹਨ ਨੇ 72 ਸਾਲਾ ਬਜ਼ੁਰਗ ਔਰਤ ਨੂੰ ਕੁਚਲਿਆ

ਲੁਧਿਆਣਾ 13 ਨਵੰਬਰ। ਜਲੰਧਰ ਬਾਈਪਾਸ 'ਤੇ ਇੱਕ ਦਰਦਨਾਕ ਸੜਕ ਹਾਦਸੇ ਦੌਰਾਨ ਅਣਪਛਾਤੇ ਵਾਹਨ ਦੀ ਫੇਟ ਲੱਗਣ ਕਾਰਨ 72 ਸਾਲਾ ਬਜ਼ੁਰਗ ਔਰਤ ਦੀ ਮੌਕੇ 'ਤੇ ਹੀ ਮੌਤ ਹੋ ਗਈ। ਮ੍ਰਿਤਕ ਔਰਤ ਆਪਣੀ ਧੀ ਨੂੰ ਮਿਲਣ ਲਈ ਜਲੰਧਰ ਤੋਂ ਲੁਧਿਆਣਾ ਆਈ ਸੀ। ਹਾਦਸੇ ਤੋਂ ਬਾਅਦ ਵਾਹਨ ਚਾਲਕ ਮੌਕੇ ਤੋਂ ਫਰਾਰ ਹੋ ਗਿਆ। ਪ੍ਰਾਪਤ ਜਾਣਕਾਰੀ ਅਨੁਸਾਰ ਮ੍ਰਿਤਕ ਦੀ ਪਛਾਣ ਬਿਮਲਾ ਦੇਵੀ (72) ਵਾਸੀ ਬਸੰਤ ਨਗਰ, ਲਾਡੋਵਾਲੀ ਰੋਡ, ਜਲੰਧਰ ਵਜੋਂ ਹੋਈ ਹੈ। ਉਹ ਆਪਣੀ ਧੀ ਮੰਜੂ ਨੂੰ ਮਿਲਣ ਲਈ ਲੁਧਿਆਣਾ ਦੇ ਅਸ਼ੋਕ ਨਗਰ, ਸਲੇਮ ਟਾਬਰੀ ਆ ਰਹੀ ਸੀ। ਦੱਸਿਆ ਜਾ ਰਿਹਾ ਹੈ ਕਿ ਬਿਮਲਾ ਦੇਵੀ ਜਲੰਧਰ ਬਾਈਪਾਸ ਭੌਰੇ ਬੱਸ ਤੋਂ ਉਤਰਨ ਤੋਂ ਬਾਅਦ ਆਟੋ ਫੜਨ ਲਈ ਪੈਦਲ ਜਾ ਰਹੀ ਸੀ। ਇਸ ਦੌਰਾਨ ਕਿਸੇ ਅਣਪਛਾਤੇ ਵਾਹਨ ਨੇ ਉਸ ਨੂੰ ਜ਼ੋਰਦਾਰ ਟੱਕਰ ਮਾਰ ਦਿੱਤੀ। ਟੱਕਰ ਇੰਨੀ ਭਿਆਨਕ ਸੀ ਕਿ ਬਜ਼ੁਰਗ ਔਰਤ ਨੇ ਮੌਕੇ 'ਤੇ ਹੀ ਦਮ ਤੋੜ ਦਿੱਤਾ। ਹਾਦਸੇ ਤੋਂ ਬਾਅਦ ਮੌਕੇ 'ਤੇ ਲੋਕਾਂ ਦੀ ਭੀੜ ਇਕੱਠੀ ਹੋ ਗਈ ਅਤੇ ਰਾਹਗੀਰਾਂ ਵੱਲੋਂ ਤੁਰੰਤ ਥਾਣਾ ਸਲੇਮ ਟਾਬਰੀ ਪੁਲਿਸ ਨੂੰ ਸੂਚਨਾ ਦਿੱਤੀ ਗਈ। ਕੁਝ ਹੀ ਮਿੰਟਾਂ ਵਿੱਚ ਪੀਸੀਆਰ ਟੀਮ ਮੌਕੇ 'ਤੇ ਪਹੁੰਚੀ ਅਤੇ ਮਾਮਲੇ ਦੀ ਜਾਣਕਾਰੀ ਤਫ਼ਤੀਸ਼ੀ ਅਫ਼ਸਰ ਪ੍ਰੇਮ ਚੰਦ ਨੂੰ ਦਿੱਤੀ। ਸੂਚਨਾ ਮਿਲਦੇ ਹੀ ਤਫ਼ਤੀਸ਼ੀ ਅਫ਼ਸਰ ਪ੍ਰੇਮ ਚੰਦ ਪੁਲਿਸ ਟੀਮ ਸਮੇਤ ਮੌਕੇ 'ਤੇ ਪਹੁੰਚੇ ਅਤੇ ਘਟਨਾ ਸਥਾਨ ਦਾ ਜਾਇਜ਼ਾ ਲੈ ਕੇ ਜਾਂਚ ਸ਼ੁਰੂ ਕਰ ਦਿੱਤੀ। ਇਸ ਸਬੰਧੀ ਤਫ਼ਤੀਸ਼ੀ ਅਫ਼ਸਰ ਪ੍ਰੇਮ ਚੰਦ ਨੇ ਦੱਸਿਆ ਕਿ ਅਣਪਛਾਤੇ ਵਾਹਨ ਦੀ ਟੱਕਰ ਕਾਰਨ ਔਰਤ ਦੀ ਮੌਤ ਹੋਈ ਹੈ। ਮਾਮਲੇ ਦੀ ਡੂੰਘਾਈ ਨਾਲ ਜਾਂਚ ਕੀਤੀ ਜਾ ਰਹੀ ਹੈ ਅਤੇ ਜਾਂਚ ਤੋਂ ਬਾਅਦ ਬਣਦੀ ਅਗਲੇਰੀ ਕਾਨੂੰਨੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।